# ਵਤਨ

www.watanpunjabi.ca

ਜੁਲਾਈ-ਸਤੰਬਰ 2010

ਸੰਪਾਦਕ: ਸੁਖਵੰਤ ਹੁੰਦਲ, ਸਾਧੂ ਬਿਨਿੰਗ

ਸਹਿਯੋਗੀ: ਹਰਪ੍ਰੀਤ ਸੇਖਾ, ਪਾਲ ਬਿਨਿੰਗ

ਇਸ ਅੰਕ ਵਿੱਚ


| | | | ਸਫਾ |
|---|---|---|---|
| ਸੰਪਰਕ | | | 2 |
| ਕਵਿਤਾਵਾਂ | | | |
| | ਤਿੱਤਲੀਆਂ ਜਹੇ ਬੋਲ | ਡਾ: ਗੁਰਬਖਸ਼ ਭੰਡਾਲ | 3 |
| | ਦੋ ਕਵਿਤਾਵਾਂ | ਸਾਧੂ ਬਿਨਿੰਗ | 3 |
| | ਦੋ ਗਜ਼ਲਾਂ | ਪਾਲ ਢਿੱਲੋਂ | 5 |
| ਪਰਦਾ ਜੋ ਉੱਠ ਗਿਆ | | | |
| | ਫੌਜ ਅਤੇ ਵਾਤਾਵਰਨ ਦਾ ਨੁਕਸਾਨ | ਸੁਖਵੰਤ ਹੁੰਦਲ | 6 |
| ਕਹਾਣੀ | | | |
| | ਪਰਛਾਵੇਂ | ਹਰਪ੍ਰੀਤ ਸੇਖਾ | 19 |
| ਲੜੀਵਾਰ ਨਾਵਲ | ਧਰਤੀ ਧਨ ਨਾ ਆਪਣਾ | ਜਗਦੀਸ਼ ਚੰਦਰ | 24 |
| ਯਾਦਾਂ ਦੇ ਝਰੋਖੇ 'ਚੋਂ | | | |
| | ਕਿਸਮਤ | ਗੁਰਮੀਤ ਕੁਬਿਸੇਕ (ਅਨੁਵਾਦ: ਜੋਗਿੰਦਰ ਸ਼ਮਸ਼ੇਰ) | 35 |
| ਲੇਖ | | | |
| | ਮੇਰਾ ਸਾਹਿਤਕ ਪਿਛੋਕੜ | ਕੁਲਵੰਤ ਸਿੰਘ ਵਿਰਕ | 40 |
| ਪੁਰਾਣਾ ਸਾਹਿਤ ਪੜ੍ਹਦਿਆਂ | | | |
| | ਨਾਵਲ ਅਣਵਿਆਹੀ ਮਾਂ ਬਾਰੇ ਇਕ ਟਿੱਪਣੀ | ਸਾਧੂ ਬਿਨਿੰਗ | 45 |
| ਤਾਂਕਿ ਸਨਦ ਰਹੇ | | | |
| | ਪਾਸ਼ ਅਤੇ ਹਰਿੰਦਰ ਸਿੰਘ ਮਹਿਬੂਬ | ਵਰਿਆਮ ਸਿੰਘ ਸੰਧੂ / ਸੁਰਿੰਦਰ ਧੰਜਲ | 47 |
| ਪੁਸਤਕ ਜਾਣਪਛਾਣ | | | 48 |
| ਸਰਗਰਮੀਆਂ | | | |
| | ਪੰਜਾਬੀ ਕਲਮਾਂ ਦਾ ਕਾਫਲਾ ਟਰਾਂਟੋ | ਕੁਲਵਿੰਦਰ ਖੈਰਾ | 52 |
| ਪ੍ਰਤੀਕਰਮ | | ਹਰਕੰਵਲਜੀਤ ਸਾਹਿਲ | 54 |
| ਫਿਲਮ ਰਿਵੀਊ | | | |
| | ਸਿਟੀ ਆਫ ਗੋਲਡ | ਸੁਖਵੰਤ ਹੁੰਦਲ | 55 |

**ਸੰਪਰਕ**

| | | |
|---|---|---|
| **ਸੁਖਵੰਤ ਹੁੰਦਲ** | **sukhwanthundal123@gmail.com** | **604-595-5767** |
| **ਸਾਧੂ ਬਿਨਿੰਗ** | **sadhu.binning@gmail.com** | **604-437-9014** |
| **ਹਰਪ੍ਰੀਤ ਸੇਖਾ** | **hsekha@hotmail.com** | **604-599-4986** |
| **ਪਾਲ ਬਿਨਿੰਗ** | **paulbinning67@gmail.com** | **778-889-8255** |

**ਚਿੱਠੀ/ਪੱਤਰ ਭੇਜਣ ਦਾ ਪਤਾ:** 13286 - 55 A Ave., Surrey, BC, Canada, V3X 3B3


---


**ਕਾਪੀਰਾਇਟ ਨੋਟਿਸ**

ਜਿਹੜੀ ਲਿਖਤ ਦੇ ਅੰਤ ਵਿੱਚ ਇਹ ਨੋਟਿਸ ਦਿੱਤਾ ਗਿਆ ਹੈ ਕਿ "ਇਸ ਲਿਖਤ ਦੇ ਕਾਪੀਰਾਈਟ ਲੇਖਕ ਦੇ ਹਨ", ਉਸ ਲਿਖਤ ਨੂੰ **ਕਿਸੇ ਹੋਰ ਜਗਹ ਛਾਪਣ ਤੋਂ ਪਹਿਲਾਂ ਲੇਖਕ ਕੋਲੋਂ ਇਜਾਜ਼ਤ ਲੈਣਾ ਜ਼ਰੂਰੀ ਹੈ।**

ਅਜਿਹੇ ਨੋਟਿਸ ਤੋਂ ਬਿਨਾਂ ਛਪੀਆਂ ਲਿਖਤਾਂ ਨੂੰ ਦੂਸਰੀਆਂ ਪ੍ਰਕਾਸ਼ਨਾਵਾਂ ਵਿੱਚ ਛਾਪਿਆ ਜਾ ਸਕਦਾ ਹੈ, ਪਰ ਛਾਪਣ ਸਮੇਂ ਵਤਨ ਦਾ ਹਵਾਲਾ ਦੇਣਾ ਜ਼ਰੂਰੀ ਹੈ। - ਅਦਾਰਾ ਵਤਨ


---


ਵਤਨ ਵਿਚ ਛਪੀਆਂ ਰਚਨਾਵਾਂ ਨਾਲ ਵਤਨ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ, ਵਿਚਾਰ ਲੇਖਕਾਂ ਦੇ ਨਿੱਜੀ ਹਨ। ਵਤਨ ਦੇ ਪਹਿਲਾਂ ਰਹਿ ਚੁੱਕੇ ਅਤੇ ਮੌਜੂਦਾ ਅਹੁਦੇਦਾਰ ਆਨਰੇਰੀ ਹਨ।

Opinions expressed are of the individual writers and may not necessarily reflect the policies of Watan.

All officeholders and members of Watan, past and present, have been and are honorary associates.


---


**ਕੀਮਤ**

ਔਨਲਾਈਨ www.watanpunjabi.ca ਮੁਫਤ।

ਪ੍ਰਿੰਟਿਡ ਕਾਪੀ ਇੱਕ ਅੰਕ: 5 ਡਾਲਰ

ਸਾਲਾਨਾ ਚੰਦਾ ਡਾਕ ਰਾਹੀਂ (ਸਿਰਫ ਉੱਤਰੀ ਅਮਰੀਕਾ ਲਈ): 25 ਡਾਲਰ

ਆਪਣੇ ਚੈੱਕ ਸੁਖਵੰਤ ਹੁੰਦਲ ਜਾਂ ਹਰਪ੍ਰੀਤ ਸਾਰਾ ਦੇ ਨਾਂ ਬਣਾਉ।


---

# ਪਾਠਕਾਂ ਦੇ ਨਾਂ

ਜਿਵੇਂ ਤੁਸੀਂ ਜਾਣਦੇ ਹੋ ਕਿ ਅਸੀਂ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਉਹਨਾਂ ਪਾਠਕਾਂ ਨੂੰ ਈ-ਮੇਲ ਰਾਹੀਂ ਸੂਚਨਾ ਭੇਜਦੇ ਹਾਂ ਜਿਹਨਾਂ ਦੇ ਈ-ਮੇਲ ਐਡਰਸ ਸਾਡੀ ਈ-ਮੇਲ ਲਿਸਟ ਵਿੱਚ ਸ਼ਾਮਲ ਹਨ। ਜੇ ਤੁਸੀਂ ਵਤਨ ਆਨਲਾਈਨ ਪੜ੍ਹਦੇ ਹੋ ਪਰ ਤੁਹਾਨੂੰ ਇਸ ਦੇ ਅਪਲੋਡ ਹੋਣ ਬਾਰੇ ਸੂਚਨਾ ਨਹੀਂ ਮਿਲਦੀ ਤਾਂ ਤੁਸੀਂ ਸਾਨੂੰ ਆਪਣਾ ਈ-ਮੇਲ ਐਡਰਸ ਜ਼ਰੂਰ ਭੇਜੋ। ਅਸੀਂ ਤੁਹਾਨੂੰ ਹਰ ਤਿੰਨ ਮਹੀਨਿਆਂ ਬਾਅਦ ਵਤਨ ਦਾ ਨਵਾਂ ਅੰਕ ਅਪਲੋਡ ਕਰਕੇ ਉਸ ਬਾਰੇ ਸੂਚਨਾ ਭੇਜਾਂਗੇ। ਇਸ ਨਾਲ ਤੁਹਾਨੂੰ ਵਤਨ ਦੇ ਨਵੇਂ ਅੰਕ ਦੇ ਅਪਲੋਡ ਹੋਣ ਬਾਰੇ ਜਾਣਕਾਰੀ ਮਿਲੇਗੀ ਅਤੇ ਸਾਨੂੰ ਇਹ ਪਤਾ ਲੱਗੇਗਾ ਕਿ ਸਾਡੇ ਪਾਠਕਾਂ ਦਾ ਘੇਰਾ ਕਿੰਨਾ ਕੁ ਵੱਡਾ ਹੈ। ਤੁਸੀਂ ਆਪਣੀ ਈ ਮੇਲ ਇਹਨਾਂ ਪਤਿਆਂ ਉੱਤੇ ਭੇਜ ਸਕਦੇ ਹੋ: sukhwanthundal123@gmail.com ਜਾਂ sadhu.binning@gmail.com; ਜਾਂ hsekha@hotmail.com. ਈ-ਮੇਲ ਵਿੱਚ ਸਿਰਫ ਏਨਾ ਹੀ ਲਿਖੋ: **Please add my name to the Watan mailing list.** ●

# ਤਿੱਤਲੀਆਂ ਜਹੇ ਤੋਤਲੇ ਬੋਲ

**ਡਾ: ਗੁਰਬਖਸ਼ ਸਿੰਘ ਭੰਡਾਲ**

?
ਤੋਤਲੇ ਬੋਲ
ਕੰਧਾਂ 'ਤੇ ਚਿੱਪਕ ਗਏ
ਕਮਰਾ ਘਰ ਬਣ ਗਿਆ।

?
ਬਜ਼ੁਰਗ ਦੀ ਉਂਗਲ ਫੜ੍ਹ
ਬੱਚਾ ਘਰੋਂ ਬਾਹਰ ਨਿਕਲਿਆ
ਨਿੱਕੇ ਨਿੱਕੇ ਕਦਮ
ਪੈੜਾਂ ਸਿਰਜਣ 'ਚ
ਮਸਰੂਫ਼ ਹੋ ਗਏ।

?
ਪਾਈਪ ਫੜ ਕੇ
ਬੂਟਿਆਂ ਨੂੰ ਪਾਣੀ ਦਿੰਦਾ ਬੱਚਾ
ਕੁਦਰਤ ਦੀ ਸੰਜੀਵਨੀ ਬੂਟੀ।

?
ਬੱਚੇ ਨੇ
ਡਿਗਿਆ ਫੁੱਲ ਚੁੱਕ ਕੇ
ਪਾਣੀ ਦੇ ਗਲਾਸ 'ਚ ਧਰ ਦਿਤਾ
ਮਹਿਕ ਨੇ
ਫਿਜ਼ਾ ਮਹਿਕਾ ਦਿਤੀ।
?
ਤਿੱਤਲੀਆਂ
ਤਿੱਤਲੀਆਂ ਦੇ ਵਿਹੜੇ 'ਚ ਬੈਠ
ਰੰਗਾਂ ਦਾ ਸਤਸੰਗ ਕਰਨ ਲੱਗੀਆਂ
ਕੁਲ ਕਾਇਨਾਤ
ਆਰਤੀ ਉਤਾਰਨ ਲੱਗੀ।

?
ਬੱਚੇ ਨੇ
ਜੂਠੀ ਬੁਰਕੀ
ਮਾਂ ਦੇ ਮੂੰਹ 'ਚ ਪਾਈ
ਖੰਡ-ਮਿਸ਼ਰੀ
ਸ਼ਗਨ ਮਨਾਵਣ ਆਈ।

?
ਬੱਚਾ
ਜੇ ਬੱਚਾ ਹੈ ਤਾਂ ਕੀ ਏ
ਉਹ ਸੁੱਕੇ ਬਿਰਖਾਂ ਨੂੰ ਪਾਣੀ ਪਾਉਂਦਾ ਏ
ਡਿੱਗੇ ਫੁੱਲਾਂ ਨੂੰ ਪਲੋਸਦਾ ਏ
ਅਤੇ ਕੁਮਲਾਈ ਡੋਡੀ ਦੇਖ
ਇਕ ਹੰਝੂ ਉਸਦੀ ਅੱਖ ਵਿਚ ਲਟਕ ਜਾਂਦਾ ਏ
ਬੱਚਾ
ਬੱਚਾ ਜੁ ਹੋਇਆ।

?
ਬੱਚਾ
ਬਿਰਖ ਕੋਲੋਂ ਹਰਿਆਲੀ ਦਾ ਭੇਤ
ਫੁੱਲ ਕੋਲੋਂ ਮਹਿਕ ਦਾ ਥਹੁ-ਟਿਕਾਣਾ
ਅਤੇ ਤਿੱਤਲੀ ਕੋਲੋਂ ਰੰਗਾਂ ਦਾ ਸਿਰਨਾਵਾਂ
ਪਤਾ ਕਰਦਾ ਕਰਦਾ
ਖੁਦ ਬਗੀਚੀ ਦਾ ਫੁੱਲ ਬਣ ਜਾਂਦਾ ਏ।

●●

# ਦੋ ਕਵਿਤਾਵਾਂ

**ਸਾਧੂ ਬਿਨਿੰਗ**

## ਮੇਰਾ ਵੈਨਕੂਵਰ ਮੇਰਾ ਵੈਨਕੂਵਰ

ਦੁਨੀਆਂ ਭਰ ਦੇ
ਸੋਹਣਿਆਂ ਸ਼ਹਿਰਾਂ 'ਚੋਂ ਸੋਹਣਾ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

ਸ਼ਾਂਤ-ਮਹਾਂ ਸਾਗਰ ਦੀਆਂ ਛੱਲਾਂ
ਫਰੇਜ਼ਰ ਦੀਆਂ ਲਹਿਰਾਂ
ਗਰਾਊਸ ਦੀਆਂ ਚੋਟੀਆਂ
ਸੋਹਣਾ ਹੈ ਵੈਨਕੂਵਰ ਇਨ੍ਹਾਂ ਕਾਰਨ
ਪਰ ਇਨ੍ਹਾਂ ਕਾਰਨ ਹੀ ਨਹੀਂ

ਹਰ ਪਾਸੇ ਸਦੀਵੀ ਹਿਰਾਵਲ
ਰੰਗ ਖਿੰਡਾਉਂਦੇ ਰੁੱਖ ਵੇਲ ਬੂਟੇ
ਵੈਨਕੂਵਰ ਦੇ ਹੁਸਨ ਨੂੰ ਨਿਖਾਰਦੇ
ਸੋਹਣਾ ਹੈ ਇਹ ਇਨ੍ਹਾਂ ਕਰਕੇ
ਪਰ ਇਨ੍ਹਾਂ ਕਾਰਨ ਹੀ ਨਹੀਂ

ਮੇਰਾ ਵੈਨਕੂਵਰ ਸੋਹਣਾ ਹੈ
ਏਥੇ ਵਸਦੇ ਅਸਲੀ ਇਨਸਾਨਾਂ ਕਾਰਨ

ਜੋ ਮੁਨਕਰ ਨੇ ਕਿਸੇ ਵੀ ਕਿਸਮ ਦੇ
ਖਿਆਲੀ ਰੱਬ ਤੋਂ
ਨਹੀਂ ਰਗੜਦੇ ਮੱਥੇ ਉਹ
ਕਿਸੇ ਗੁਰੂ ਜਾਂ ਪੀਰ ਅੱਗੇ
ਨਾ ਕਿਸੇ ਭਗਵਾਨ ਨੂੰ ਪੂਜਦੇ
ਨਾ ਕਿਸੇ ਹੈਵਾਨ ਤੋਂ ਡਰਦੇ
ਨਾ ਸਾਧਾਂ ਸੰਤਾਂ ਦੀਆਂ ਚੌਂਕੀਆਂ ਭਰਦੇ

ਨਾ ਕਿਸੇ ਨੂੰ ਮੁਸਲਾ ਕਹਿ ਕੇ ਵੱਢਦੇ
ਨਾ ਕਿਸੇ ਨੂੰ ਹਿੰਦੂ ਕਹਿ ਕੋਂਹਦੇ
ਨਾ ਕਿਸੇ ਨੂੰ ਬੱਸਾਂ 'ਚੋਂ ਕੱਢ ਮਾਰਦੇ
ਨਾ ਕਿਸੇ ਨੂੰ ਜ਼ਿੰਦਾ ਜਲਾਉਂਦੇ

ਬਸ ਖੁਸ਼ ਨੇ ਇਨਸਾਨ ਹੋ ਕੇ
ਇਨਸਾਨ ਦਾ ਹੀ ਫਿਕਰ ਕਰਦੇ

ਉਹ ਸਹਿੰਦੇ ਨਹੀਂ
ਦੁਨੀਆਂ ਦੇ ਕਿਸੇ ਵੀ ਕੋਨੇ 'ਚ
ਬੁਸ਼ਾਂ ਦੀਆਂ ਬੁਰਸ਼ਾਗਰਦੀਆਂ
ਹਰ ਜੰਗ ਤੇ ਜੰਗਵਾਦੀ ਦੇ ਖਿਲਾਫ
ਸ਼ਾਂਤੀ ਮਾਰਚ ਕਰਦੇ
ਵੈਨਕੂਵਰ ਨੂੰ ਉਨ੍ਹਾਂ
ਬਹੁਤ ਦੇਰ ਪਹਿਲਾਂ ਬਣਾ 'ਤਾ ਸੀ
ਨਿਊਕਲੀਅਰ-ਫਰੀਅ-ਜ਼ੋਨ

ਇਹ ਸੁਨਹਿਰੀ ਦਿਲਾਂ ਵਾਲੇ ਲੋਕ
ਝੀਲਾਂ ਨੂੰ ਦਰਿਆਵਾਂ ਨੂੰ
ਫੁੱਲਾਂ ਨੂੰ ਪਹਾੜਾਂ ਨੂੰ
ਸਕਿਆਂ ਵਾਂਗ ਮਿਲਦੇ
ਤੇ ਆਪਣਿਆਂ ਵਾਂਗ ਸਾਂਭਦੇ

ਮੈਨੂੰ ਸੋਹਣੇ ਲੋਕਾਂ 'ਚੋਂ ਸੋਹਣਾ
ਸਦਾ ਜਾਪੇ ਭਗਤ ਸਿੰਘ ਆਪਣਾ
ਮਾਣ ਮੱਤਾ ਨਾਸਤਕ
ਮਨੁੱਖੀ ਹੱਕਾਂ ਦਾ ਯੋਧਾ
ਇਹ ਸਾਰੇ ਲੋਕ ਸੋਹਣੇ
ਮੈਨੂੰ ਜਾਪਦੇ ਭਗਤ ਸਿੰਘ ਵਰਗੇ

ਇਨਸਾਨ ਬਣ ਕੇ
ਇਨਸਾਨ ਲਈ ਜਿਊਂਦੇ ਇਹ ਲੋਕ
ਵੈਨਕੂਵਰ ਨੂੰ ਸੋਹਣਾ ਬਣਾਉਂਦੇ
ਇਨ੍ਹਾਂ ਕਰਕੇ ਹੀ ਸੋਹਣਾ ਹੈ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

ਦੁਨੀਆਂ ਭਰ ਦੇ
ਸੋਹਣਿਆਂ ਸ਼ਹਿਰਾਂ 'ਚੋਂ ਸੋਹਣਾ
ਮੇਰਾ ਵੈਨਕੂਵਰ ਮੇਰਾ ਵੈਨਕੂਵਰ

●●

## ਵੈਨਕੂਵਰ ਦਾ ਸੁਨਹਿਰਾ ਦਿਨ

ਨਿੱਘੀ ਨਿੱਘੀ ਧੁੱਪ
ਮਿੱਠੀ ਮਿੱਠੀ ਹਵਾ
ਨਿਰਮਲ ਨਿਆਰਾ ਦਿਨ
ਚੜ੍ਹੇ ਭਾਵੇਂ ਕਦੇ ਕਦੇ
ਪਰ ਚੜ੍ਹੇ ਵੈਨਕੂਵਰ ਹੀ

ਐਤਵਾਰ ਸੀ
ਬੜਾ ਕੁਝ ਸੰਭਵ ਸੀ
ਸਪੈਨਿਸ਼, ਇੰਗਲਿਸ਼ ਜਾਂ
ਵੈਨਕੂਵਰ ਦੀ ਕਿਸੇ ਹੋਰ ਮਨਮੋਹਣੀ ਬੀਚ 'ਤੇ
ਬੈਠਿਆ, ਲੇਟਿਆ, ਨੱਸਿਆ ਭੱਜਿਆ ਜਾ ਸਕਦਾ ਸੀ

ਗਰਾਉਸ ਜਾਂ ਸੁਕਾਮਿਸ਼ ਵਾਲੇ ਚੀਫ 'ਤੇ ਚੜ੍ਹ
ਮਾਣੇ ਜਾ ਸਕਦੇ ਸਨ ਨੱਚਦੀ ਕੁਦਰਤ ਦੇ ਅਦਭੁੱਤ ਨਜ਼ਾਰੇ

ਸਟੈਨਲੀ, ਕਿਊਨ-ਈ ਜਾਂ ਕਿਸੇ ਹੋਰ ਹਰਿਆਲੀ ਪਾਰਕ 'ਚ
ਬਰਨਬੀ, ਡੀਅਰ ਜਾਂ ਕਿਸੇ ਹੋਰ ਝੀਲ ਕੰਢੇ
ਕੈਪਲਿਆਨੋ ਜਾਂ ਕਿਸੇ ਹੋਰ ਪੱਥਰਾਂ 'ਚ ਖੇਲਦੇ ਦਰਿਆ ਕੋਲ
ਘੁੰਮਿਆਂ, ਫਿਰਿਆ, ਰਲ਼ ਕੇ ਖਾਧਾ ਪੀਤਾ ਜਾ ਸਕਦਾ ਸੀ

ਸ਼ਹਿਰ ਦੀਆਂ ਅਨੇਕਾਂ ਆਰਟ ਗੈਲਰੀਆਂ 'ਚ,
ਅਜਾਇਬ ਘਰਾਂ 'ਚ ਕੱਢਿਆ ਜਾ ਸਕਦਾ ਸੀ
ਸੁਸਤ ਜਿਹਾ ਗੇੜਾ
ਜਾਂ ਘਰ ਦੇ ਬਾਹਰ ਧੁੱਪੇ ਬੈਠ
ਹੱਥ ਲੈ ਕਿਤਾਬ
ਮਿਲਿਆ ਜਾ ਸਕਦਾ ਸੀ
ਟਾਲਸਟਾਏ, ਸ਼ੇਕਸਪੀਅਰ
ਵਾਰਿਸਸ਼ਾਹ, ਸ਼ਿਵ ਜਾਂ ਪਾਸ਼ ਨੂੰ

ਪਰ ਚੱਲ ਪਏ ਹਾਂ ਕਰਨ ਕਤਲ
ਨਿਰਮਲ ਨਿਆਰੇ ਤੇ
ਨਿਹਾਇਤ ਹੀ ਪਿਆਰੇ ਦਿਨ ਨੂੰ
ਰਿਸ਼ਤੇਦਾਰਾਂ ਦੇ 'ਖੰਡਪਾਠ 'ਚ ਮੂੰਹ ਦਿਖਾਉਣ

ਹਰ ਸਾਲ ਦੀ ਤਰ੍ਹਾਂ ਕਰਨੀ ਸੀ

ਪਿੰਡ ਮਾਲ ਡੰਗਰ ਦੀ ਰਾਖੀ ਲਈ ਅਰਦਾਸ
ਬਹੁਤ ਹੀ ਨਿੱਘੇ ਤੇ ਯਾਰਾਂ ਦੇ ਯਾਰ ਬੰਦੇ
ਸੱਦੇ 'ਤੇ ਨਾ ਜਾਣਾ ਸੰਭਵ ਨਾ

ਉਂਜ ਅਰਦਾਸ ਤਾਂ ਨਿਰਾ ਬਹਾਨਾ
ਪਿੰਡ ਤਾਂ ਹੁਣ ਕੋਈ ਮਾਲ ਡੰਗਰ ਵੀ ਨਾ
ਬਸ ਗੁਰਦਵਾਰੇ ਦੀ ਕਮੇਟੀ 'ਤੇ ਚੌਧਰ ਲਈ
ਜ਼ਰੂਰੀ ਨੇ ਸਾਲ 'ਚ ਇਕ ਦੋ 'ਖੰਡਪਾਠ
ਖਰਚੇ ਡਾਲਰ ਟੈਕਸ 'ਚੋਂ ਵਾਪਿਸ
ਕਮੇਟੀ ਖੁਸ਼, ਗੁਰੂ ਖੁਸ਼ ਤੇ ਨਾਲ ਈ ਖੁਸ਼ ਰੱਬ
ਹਰ ਤਰ੍ਹਾਂ ਵਿੰਨ ਵਿੰਨ ਸਿਚੂਏਸ਼ਨ

ਉਂਜ ਬੰਦੇ ਸਿਆਣੇ ਨੇ
ਸਾਰੀ ਗੱਲ ਸਮਝਦੇ ਨੇ
ਪਈ ਰੱਬ ਨੇ ਬੰਦਾ ਨਹੀਂ
ਬੰਦੇ ਨੇ ਬਣਾਇਆ ਸੀ ਰੱਬ
ਸਗੋਂ ਘੜੇ ਸਨ ਅਨੇਕਾਂ ਰੱਬ
ਲੋੜ ਸੀ ਕੁਝ ਡਰਾਂ 'ਤੇ ਕਾਬੂ ਪਾਉਣ ਦੀ
ਮੌਤ, ਨ੍ਹੇਰਾ, ਅਣਜਾਣੀਆਂ ਸ਼ੈਆਂ
ਵੱਖਰੀਆਂ ਲੋੜਾਂ ਲਈ ਸਿਰਜਿਆ ਸੀ
ਹੁਣ ਵੱਖਰੀਆਂ ਲੋੜਾਂ ਲਈ ਰੱਖਦੇ ਹਾਂ ਜ਼ਿੰਦਾ
ਪੈਸੇ ਤੇ ਚੌਧਰ ਵਾਲੇ ਢਾਂਚੇ 'ਚ
ਬੜੇ ਹੀ ਕੰਮ ਦੀ ਸ਼ੈਅ ਹੈ ਰੱਬ

ਉਂਜ ਘਰ 'ਚ ਰੱਖੇ ਖੰਡਪਾਠ ਦਾ ਕੰਮ
ਏਨਾ ਮਾੜਾ ਨਹੀਂ ਹੁੰਦਾ
ਇਕ ਅੱਧ ਗੌਣ ਵਾਲਾ
ਇਕ ਅੱਧ ਸਿਆਸੀ ਲੀਡਰ
ਸਾਰਾ ਚੱਕਰ
ਦੋ ਕੁ ਵਜੇ ਤੱਕ ਖਤਮ
ਫੇਰ ਤਾਂ ਅੱਧੀ ਰਾਤ ਤੱਕ ਚੱਲਦੀਆਂ ਨੇ
ਮੀਟ ਤੇ ਦਾਰੂ ਨਾਲ ਗੱਪਾਂ
ਜਾਣਕਾਰਾਂ ਦੀਆਂ ਚੁਗਲੀਆਂ
ਸਿਆਸੀ ਲੀਡਰਾਂ ਦੀਆਂ ਚੁਸਤੀਆਂ
ਖ਼੍ਰੀਦੇ ਵੇਚੇ ਘਰਾਂ ਦੇ ਘਾਟੇ ਵਾਧੇ
ਹਥਿਆਣਯੋਗ ਤੀਵੀਂਆਂ ਦੇ ਚਰਚੇ

ਸੋਹਣੇ ਸੁਨੱਖੇ ਦਿਨ ਦਾ ਕੀ ਆ
ਇਹ ਤਾਂ ਆਉਂਦੇ ਜਾਂਦੇ ਈ ਰਹਿੰਦੇ ਨੇ
ਉਂਜ ਵੀ ਇਹ ਦੁਨੀਆਂ ਤਾਂ ਸੁਪਨਾ
ਅੱਗੇ ਲਈ ਵੀ ਕੁਝ ਬੀਜਣਾ ਬਚਾਉਣਾ ਚਾਹੀਦਾ।

●●

(ਬੀ ਸੀ ਦੇ ਸ਼ਹਿਰ ਵਰਨਨ ਵਿੱਚ ਰਹਿੰਦੇ ਕਵੀ ਪਾਲ ਢਿੱਲੋਂ ਦਾ ਗਜ਼ਲ ਸੰਗ੍ਰਹਿ "ਖੰਨਿਓਂ ਤਿੱਖਾ ਸਫ਼ਰ' ਹੁਣੇ ਜਿਹੇ ਛਪਿਆ ਹੈ। ਅਸੀਂ ਉਨ੍ਹਾਂ ਦੀ ਇਸ ਪੁਸਤਕ ਨੂੰ ਜੀਅ ਆਇਆਂ ਆਖਦੇ ਹਾਂ ਅਤੇ ਉਸ ਵਿੱਚੋਂ ਦੋ ਗਜ਼ਲਾਂ ਪਾਠਕਾਂ ਲਈ ਪੇਸ਼ ਕਰਦੇ ਹਾਂ।)

# ਦੋ ਗਜ਼ਲਾਂ

**ਪਾਲ ਢਿੱਲੋਂ**

ਉਹ ਆਪਣੇ ਆਪ ਨੂੰ ਇਸ ਵਿੱਚ ਸਮਾਉਣ ਦੇ ਲਈ ਆਈ
ਮੈਂ ਦੇਖੀ ਹੈ ਸਮੁੰਦਰ ਤੀਕ ਚਲ ਕੇ ਇਕ ਨਦੀ ਆਈ

ਪੁਰਾਣੀ ਸੀ ਤਾਂ ਲਗਦਾ ਸੀ ਨਵੀਂ ਆਵੇਗੀ ਕੁਝ ਚੰਗੀ
ਨਾ ਦਿਸਿਆ ਫ਼ਰਕ ਕੋਈ ਵੀ ਨਵੀਂ ਜਦ ਦੀ ਸਦੀ ਆਈ

ਉਡਾਇਆ ਕੀ ਬਨੇਰੇ ਤੋਂ ਮੈਂ ਗਲਤੀ ਕਰ ਲਈ ਭਾਰੀ
ਨਹੀਂ ਮੁੜ ਕੇ ਮਿਰੇ ਘਰ ਵਿਚ ਕਦੇ ਫਿਰ ਉਹ ਚਿੜੀ ਆਈ

ਪਤਾ ਸਭ ਨੂੰ ਕਿ ਖ਼ਲਕਤ ਨੂੰ ਦਗਾ ਹੈ ਲੀਡਰਾਂ ਦੇਣਾ
ਮਗਰ ਵੋਟਾਂ ਸਮੇਂ ਸੋਝੀ ਕਿਸੇ ਨੂੰ ਵੀ ਨਹੀਂ ਆਈ

ਮੈਂ ਉਸ ਨੂੰ ਘੋਖਿਆ, ਪੜ੍ਹਿਆ ਤੇ ਪਰਖੀ ਚਾਲ ਫਿਰ ਤਰਿਆ
ਮਿਰੇ ਰਸਤੇ 'ਚ ਜਦ ਵੀ ਸ਼ੂਕਦੀ ਹੋਈ ਨਦੀ ਆਈ

ਉਨ੍ਹਾਂ ਨੂੰ ਕੀ ਪਤਾ ਨ੍ਹੇਰੇ 'ਚ ਕਿੰਨਾ ਦਰਦ ਤੇ ਮਾਤਮ
ਜਿਨ੍ਹਾਂ ਹਿੱਸੇ ਬਿਨਾ ਮੰਗੇ ਹੀ 'ਢਿੱਲੋਂ' ਰੌਸ਼ਨੀ ਆਈ

●

ਫੁੱਲ ਕੀ ਫੁੱਲਾਂ ਤੋਂ ਵੀ ਬਿਹਤਰ ਮਿਲੇ
ਜ਼ਿੰਦਗੀ ਵਿੱਚ ਜਿਹੜੇ ਵੀ ਮਿੱਤਰ ਮਿਲੇ

ਓਸ ਨੂੰ ਮਿਲਣਾ ਚਾਹੁੰਨਾਂ ਇਸ ਤਰ੍ਹਾਂ
ਇਕ ਨਦੀ ਨੂੰ ਜਿਸ ਤਰ੍ਹਾਂ ਸਾਗਰ ਮਿਲੇ

ਇਹ ਅਜੇ ਤਾਂ ਆਲ੍ਹਣੇ ਦਾ ਬੋਟ ਹੈ
ਇਹ ਵੀ ਉਡ ਜਾਏਗਾ ਜਿਸ ਦਿਨ ਪਰ ਮਿਲੇ

ਉਸ ਤਰ੍ਹਾਂ ਦਾ ਹੀ ਕਿਹਾ ਹਰ ਸ਼ਿਅਰ ਮੈਂ
ਜਿਸ ਤਰ੍ਹਾਂ ਦੇ ਪੌਣ 'ਚੋਂ ਅੱਖਰ ਮਿਲੇ

ਘਰ ਬਣਾਵਾਂਗਾ ਮੈਂ ਓਸੇ ਹੀ ਜਗ੍ਹਾ
ਜਿਸ ਜਗ੍ਹਾ 'ਤੇ ਧਰਤ ਤੇ ਅੰਬਰ ਮਿਲੇ

ਤਿੜਕ ਜਾਣੇ ਸ਼ੀਸ਼ਿਆਂ ਦੇ ਸਾਰੇ ਖ਼ਾਬ
ਸ਼ੀਸ਼ਿਆਂ ਨੂੰ ਜਿਸ ਜਗ੍ਹਾ ਪੱਥਰ ਮਿਲੇ

●●

ਸਥਾਈ ਕਾਲਮ

# ਪਰਦਾ ਜੋ ਉੱਠ ਗਿਆ

*(ਇਸ ਕਾਲਮ ਵਿੱਚ ਉਹ ਜਾਣਕਾਰੀ ਦੇਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ, ਜਿਹੜੀ ਮੁੱਖ ਧਾਰਾ ਦੇ ਮੀਡੀਏ ਵਿੱਚ ਨਹੀਂ ਮਿਲਦੀ ਜਾਂ ਹਾਸ਼ੀਏ ਉੱਪਰ ਧੱਕ ਦਿੱਤੀ ਜਾਂਦੀ ਹੈ। )*

# ਫੌਜ ਅਤੇ ਵਾਤਾਵਰਨ ਦਾ ਨੁਕਸਾਨ

## ਸੁਖਵੰਤ ਹੁੰਦਲ

sukhwanthundal123@gmail.com

ਇਸ ਸਮੇਂ ਧਰਤੀ ਦੇ ਵਾਤਾਵਰਨ ਨੂੰ ਹੋ ਰਹੇ ਨੁਕਸਾਨ ਦੀ ਸਮੱਸਿਆ ਇਕ ਬਹੁਤ ਵੱਡੀ ਸਮੱਸਿਆ ਬਣ ਕੇ ਸਾਹਮਣੇ ਆ ਰਹੀ ਹੈ। ਵੱਡੀ ਪੱਧਰ ਉੱਤੇ ਇਹ ਵੀ ਮੰਨਿਆ ਜਾ ਚੁੱਕਾ ਹੈ ਕਿ ਧਰਤੀ ਉੱਪਰ ਵਾਪਰ ਰਹੀਆਂ ਮਨੁੱਖੀ ਸਰਗਰਮੀਆਂ ਇਸ ਸਮੱਸਿਆ ਨੂੰ ਦਿਨੋ ਦਿਨ ਹੋਰ ਡੂੰਘਾ ਕਰ ਰਹੀਆਂ ਹਨ। ਦੁਨੀਆ ਦੇ ਉੱਚ ਕੋਟੀ ਦੇ ਵਿਗਿਆਨੀਆਂ ਵੱਲੋਂ ਇਹ ਕਿਹਾ ਜਾ ਰਿਹਾ ਹੈ ਕਿ ਜੇ ਮਨੁੱਖੀ ਸਰਗਰਮੀਆਂ ਵੱਲੋਂ ਵਾਤਾਵਰਨ ਨੂੰ ਪਹੁੰਚਾਏ ਜਾ ਰਹੇ ਨੁਕਸਾਨ ਨੂੰ ਰੋਕਿਆ ਨਾ ਗਿਆ ਤਾਂ ਨੇੜ ਭਵਿੱਖ ਵਿੱਚ ਧਰਤੀ ਦਾ ਵਿਨਾਸ਼ ਹੋ ਜਾਣ ਦੀ ਸੰਭਾਵਾਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ। ਇਸ ਲਈ ਜ਼ਰੂਰੀ ਹੈ ਕਿ ਅਸੀਂ ਇਸ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝੀਏ ਅਤੇ ਇਸ ਦੇ ਹੱਲ ਲਈ ਆਪਣੀ ਆਪਣੀ ਪੱਧਰ ’ਤੇ ਆਪਣੀ ਸਮਰਥਾ ਅਨੁਸਾਰ ਕ੍ਰਿਆਸ਼ੀਲ ਹੋਈਏ। ਇਸ ਸਮੱਸਿਆ ਨੂੰ ਚੰਗੀ ਤਰ੍ਹਾਂ ਸਮਝਣ ਅਤੇ ਇਸ ਬਾਰੇ ਕ੍ਰਿਆਸ਼ੀਲ ਹੋਣ ਲਈ ਜ਼ਰੂਰੀ ਹੈ ਕਿ ਅਸੀਂ ਇਸ ਦੇ ਵੱਖ ਵੱਖ ਪਹਿਲੂਆਂ ਨੂੰ ਘੋਖੀਏ ਅਤੇ ਵਿਚਾਰੀਏ। ਇਸ ਸਮੱਸਿਆ ਦੇ ਉਹਨਾਂ ਪਹਿਲੂਆਂ ਨੂੰ ਜਾਣਨ ਦੀ ਖਾਸ ਕੋਸ਼ਿਸ਼ ਕਰੀਏ ਜਿਹਨਾਂ ਬਾਰੇ ਜਾਣਕਾਰੀ ਆਮ ਨਹੀਂ ਮਿਲਦੀ। ਇਸ ਸਮੱਸਿਆ ਦੇ ਵਿਅਕਤੀਗਤ ਪੱਧਰ ਦੇ ਕਾਰਨਾਂ ਅਤੇ ਹੱਲਾਂ ਨੂੰ ਜਾਣਨ ਦੇ ਨਾਲ ਨਾਲ ਉਹਨਾਂ ਕਾਰਨਾਂ ਨੂੰ ਵੀ ਆਪਣੀ ਜਾਣਕਾਰੀ ਦਾ ਹਿੱਸਾ ਬਣਾਈਏ ਜਿਹਨਾਂ ਦਾ ਸੰਬੰਧ ਸਾਡੇ ਅੱਜ ਦੇ ਆਰਥਿਕ, ਸਿਆਸੀ ਅਤੇ ਸਮਾਜਕ ਪ੍ਰਬੰਧ ਨਾਲ ਹੈ। ਅਜਿਹਾ ਕਰਕੇ ਹੀ ਅਸੀਂ ਇਸ ਸਮੱਸਿਆ ਦੇ ਸਹੀ ਅਤੇ ਪਾਏਦਾਰ ਹੱਲ ਲੱਭਣ ਵਿੱਚ ਆਪਣਾ ਯੋਗਦਾਨ ਪਾ ਸਕਾਂਗੇ। ਇਸ ਲੇਖ ਦਾ ਮਕਸਦ ਅਜਿਹੇ ਹੀ ਇਕ ਮੁੱਦੇ ਵੱਲ ਧਿਆਨ ਦਿਵਾਉਣਾ ਹੈ ਜੋ ਸਾਡੇ ਆਰਥਿਕ ਅਤੇ ਸਿਆਸੀ ਪ੍ਰਬੰਧ ਨਾਲ ਬੱਝਾ ਹੋਇਆ ਹੈ। ਇਹ ਮੁੱਦਾ ਹੈ ਫੌਜ ਅਤੇ ਇਸ ਦੀਆਂ ਕਾਰਵਾਈਆਂ ਦੀ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਭੂਮਿਕਾ? ਇਹ ਭੂਮਿਕਾ ਦੇਖਣ ਲਈ ਅਸੀਂ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਅਤੇ ਰੇਡੀਓਐਕਟਿਵ ਸਮੱਗਰੀ ਦੇ ਫੈਲਾਉਣ ਵਿੱਚ ਫੌਜ ਦੀ ਭੂਮਿਕਾ; ਬਾਰੂਦੀ ਸੁਰੰਗਾਂ (ਲੈਂਡਮਾਈਨਜ਼) ਦੇ ਵਿਛਾਉਣ ਨਾਲ ਵਾਤਾਵਰਨ ਨੂੰ ਹੋਣ ਵਾਲੇ ਨੁਕਸਾਨ; ਹਥਿਆਰਾਂ ਦੇ ਉਤਪਾਦਨ ਅਤੇ ਸੰਭਾਲ ਦੌਰਾਨ ਵਾਤਾਵਰਨ ਦਾ ਨੁਕਸਾਨ; ਅਤੇ ਜੰਗ ਦੌਰਾਨ ਜੰਗਲਾਂ ਦਾ ਨੁਕਸਾਨ ਕਰਨ ਵਿੱਚ ਫੌਜ ਅਤੇ ਉਸ ਦੀਆਂ ਕਾਰਵਾਈਆਂ ਦੀ ਭੂਮਿਕਾ ਉੱਤੇ ਨਜ਼ਰ ਮਾਰਾਂਗੇ।

### ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਫੈਲਾਉਣ ਵਿੱਚ ਫੌਜ ਦੀ ਭੂਮਿਕਾ:

ਵਾਤਾਵਰਨ ਵਿੱਚ ਮੌਜੂਦ ਗਰੀਨ ਹਾਊਸ ਗੈਸਾਂ (ਕਾਰਬਨ ਡਾਇਔਕਸਾਈਡ, ਮਿਥੇਨ, ਨਾਇਟਰਸ ਔਕਸਾਈਡ ਅਤੇ ਫਲੋਰੋਕਾਰਬਨ ਆਦਿ) ਸੂਰਜ ਦੀ ਗਰਮੀ ਨੂੰ ਧਰਤੀ ਦੇ ਵਾਤਾਵਰਨ ਵਿੱਚ ਆਉਣ ਤਾਂ ਦਿੰਦੀਆਂ ਹਨ ਪਰ ਉਸ ਨੂੰ ਪੂਰੀ ਤਰ੍ਹਾਂ ਵਾਤਾਵਰਨ ਵਿੱਚੋਂ ਬਾਹਰ ਨਹੀਂ ਨਿਕਲਣ ਦਿੰਦੀਆਂ। ਬੇਸ਼ੱਕ ਇਹ ਗੈਸਾਂ ਵਾਤਾਵਰਨ ਵਿੱਚ ਕੁਦਰਤੀ ਤੌਰ ਉੱਤੇ ਵੀ ਹੁੰਦੀਆਂ ਹਨ ਪਰ ਧਰਤੀ ਉੱਤੇ ਵਾਪਰ ਰਹੀਆਂ ਮਨੁੱਖੀ ਸਰਗਰਮੀਆਂ ਕਾਰਨ ਵਾਤਾਵਰਨ ਵਿੱਚ ਇਹਨਾਂ ਗੈਸਾਂ ਦੀ ਮਾਤਰਾ ਵੱਧ ਰਹੀ ਹੈ। ਨਤੀਜੇ ਵੱਜੋ ਧਰਤੀ ਦਾ ਤਾਪਮਾਨ ਵੱਧ ਰਿਹਾ ਹੈ ਜਿਸ ਨੂੰ ਵਿਗਿਆਨੀਆਂ ਨੇ “ਗਲੋਬਲ ਵਾਰਮਿੰਗ” ਦਾ ਨਾਂ ਦਿੱਤਾ ਹੈ। ਵਿਗਿਆਨੀਆਂ ਅਨੁਸਾਰ ਤਾਪਮਾਨ ਦੇ ਇਸ ਵਾਧੇ ਨਾਲ ਧਰਤੀ ਉੱਤੇ ਆਉਣ ਵਾਲੀਆਂ ਕੁਦਰਤੀ ਆਫਤਾਂ ਵਿੱਚ ਵਾਧਾ ਹੋ ਸਕਦਾ ਹੈ ਅਤੇ ਧਰਤੀ ਉਤਲੇ ਜੀਵਨ ਦਾ ਖਾਤਮਾ ਵੀ ਹੋ ਸਕਦਾ ਹੈ।

ਮਨੁੱਖੀ ਸਰਗਰਮੀਆਂ ਵਿੱਚੋਂ ਇਕ ਸਰਗਰਮੀ ਜਿਹੜੀ ਇਕ ਗਰੀਨ ਹਾਊਸ ਗੈਸ – ਕਾਰਬਨਡਾਇਔਕਸਾਈਡ – ਨੂੰ ਪੈਦਾ ਕਰਨ ਵਿੱਚ ਵੱਡੀ ਭੂਮਿਕਾ ਨਿਭਾ ਰਹੀ ਹੈ ਉਹ ਹੈ: ਸਾਡੇ ਵੱਲੋਂ ਆਪਣੀਆਂ ਊਰਜਾ ਲੋੜਾਂ ਲਈ ਫਾਸਿਲ ਫਿਊਲ (ਪੈਟਰੋਲ, ਤੇਲ, ਕੋਲਾ, ਗੈਸਾਂ ਆਦਿ) ਦੀ ਵੱਡੀ ਪੱਧਰ ਉੱਤੇ ਵਰਤੋਂ। ਅਮਰੀਕਾ ਦੀ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਗੱਡੀ ਵਿੱਚ ਬਲੇ ਪੈਟਰੋਲ ਦੀ ਇਕ ਗੈਲਨ ਵਾਤਾਵਰਨ ਵਿੱਚ 8.8 ਕਿਲੋਗ੍ਰਾਮ ਜਾਂ 19.4 ਪੌਂਡ ਕਾਰਬਨਡਾਇਔਕਸਾਈਡ ਫੈਲਾਉਂਦੀ ਹੈ ਅਤੇ ਡੀਜ਼ਲ ਦੀ ਇਕ ਗੈਲਨ ਵਾਤਾਵਰਨ ਵਿੱਚ 10.1 ਕਿਲੋਗ੍ਰਾਮ ਜਾਂ 22.2 ਪੌਂਡ ਕਾਰਬਨਡਾਇਔਕਸਾਈਡ ਫੈਲਾਉਂਦੀ ਹੈ। (1) ਇਹਨਾਂ ਤੱਥਾਂ ਨੂੰ ਧਿਆਨ ਵਿੱਚ ਰੱਖਦਿਆਂ ਹੁਣ ਅਸੀਂ ਇਹ ਦੇਖਾਂਗੇ ਕਿ ਫੌਜੀ ਕਾਰਵਾਈਆਂ ਦੌਰਾਨ ਕਿੰਨਾ ਕੁ ਤੇਲ ਬਲਦਾ ਹੈ ਅਤੇ ਇਹ ਬਲਿਆ ਤੇਲ ਗਰੀਨਹਾਊਸ ਗੈਸਾਂ ਨੂੰ ਵਾਤਾਵਰਨ ਵਿੱਚ ਫੈਲਾਉਣ ਵਿੱਚ ਕਿੱਡੀ ਕੁ ਵੱਡੀ ਭੂਮਿਕਾ ਨਿਭਾਉਂਦਾ ਹੈ।

ਐਨਰਜੀ ਬੁਲਿਟਨ ਵਿੱਚ ਸੋਹਬਤ ਕਾਰਬੂਜ਼ ਦੇ ਛਪੇ ਇਕ ਆਰਟੀਕਲ ਅਨੁਸਾਰ 30 ਸਤੰਬਰ 2005 ਨੂੰ ਅਮਰੀਕਾ ਦੀ ਏਅਰਫੋਰਸ ਦੇ 5, 986 ਹਵਾਈ ਜਹਾਜ਼ ਸਰਵਿਸ ਵਿੱਚ ਸਨ। ਸੰਨ 2006 ਦੇ ਸ਼ੁਰੂ ਵਿੱਚ ਅਮਰੀਕਾ ਦੀ ਨੇਵੀ ਕੋਲ ਲੜਾਈ ਵਿੱਚ ਵਰਤੇ ਜਾਣ ਵਾਲੇ ਅਤੇ ਸਹਾਇਕ

285 ਸਮੁੰਦਰੀ ਜਹਾਜ਼ ਸਨ ਅਤੇ 4000 ਦੇ ਕਰੀਬ ਓਪਰੇਸ਼ਨਲ ਏਅਰਕਰਾਫਟ (ਹਵਾਈ ਜਹਾਜ਼ ਅਤੇ ਹੈਲੀਕੌਪਟਰ) ਸਨ। ਸੰਨ 2005 ਦੇ ਅਖੀਰ ਵਿੱਚ ਅਮਰੀਕਾ ਦੀ ਆਰਮੀ ਕੋਲ 28,000 ਬਕਤਰਬੰਦ ਗੱਡੀਆਂ ਦਾ ਫਲੀਟ ਸੀ ਜਿਹਨਾਂ ਵਿੱਚ ਐਬਰੈਮਜ਼ ਟੈਂਕ ਅਤੇ ਬਰੈਡਲੀ ਫਾਈਟਿੰਗ ਵਿਹੀਕਲਜ਼ ਵਰਗੀਆਂ ਗੱਡੀਆਂ ਸ਼ਾਮਲ ਸਨ। ਇਹਨਾਂ ਤੋਂ ਇਲਾਵਾ ਅਮਰੀਕਾ ਦੀ ਆਰਮੀ ਅਤੇ ਮੈਰੀਨ ਕੌਰਪਸ ਕੋਲ 1, 40,000 ਹਾਈ-ਮੋਬਿਲਟੀ ਮਲਟੀਪਰਪਜ਼ ਵੀਲਡ ਵਿਹੀਕਲਜ਼ ਸਨ। ਇਸ ਦੇ ਨਾਲ ਨਾਲ ਆਰਮੀ ਕੋਲ 4000 ਜੰਗੀ ਹੈਲੀਕੌਪਟਰ ਅਤੇ ਕਈ ਸੌ ਵਿੰਗ ਏਅਰਕਰਾਫਟ ਸਨ। ਇਹਨਾਂ ਦੇ ਨਾਲ ਅਮਰੀਕਾ ਦੇ ਡਿਪਾਰਟਮੈਂਟ ਆਫ ਡਿਫੈਂਸ ਕੋਲ ਕਾਰਾਂ, ਬੱਸਾਂ, ਹਲਕੇ ਟਰੱਕਾਂ ਆਦਿ ਵਰਗੀਆਂ 1, 87, 493 ਗੱਡੀਆਂ ਹਨ।(2)

*ਦੀ ਗਰੀਨ ਜ਼ੋਨ: ਦੀ ਇਨਵਾਇਰਮੈਂਟਲ ਕੌਸਟਸ ਆਫ ਮਿਲਟਰੀਜ਼ਮ* ਦੇ ਲੇਖਕ ਬੈਰੀ ਸੈਂਡਰਜ਼ ਅਨੁਸਾਰ ਅਮਰੀਕਾ ਦੀ ਆਰਮੀ, ਨੇਵੀ ਅਤੇ ਏਅਰ ਫੋਰਸ ਕੋਲ 43 ਤਰ੍ਹਾਂ ਦੇ ਲੜਾਕੇ ਜਹਾਜ਼ (ਫਾਈਟਰ ਪਲੇਨਜ਼), 11 ਤਰ੍ਹਾਂ ਦੇ ਹਮਲਾਵਾਰੀ ਜਹਾਜ਼ (ਅਟੈਕ ਪਲੇਨਜ਼), 13 ਤਰ੍ਹਾਂ ਦੇ ਬੰਬਾਰ ਜਹਾਜ਼ (ਬੰਬਰਜ਼), 16 ਤਰ੍ਹਾਂ ਦੇ ਭਾਰ ਢੋਣ ਵਾਲੇ ਜਹਾਜ਼ (ਕਾਰਗੋ ਪਲੇਨਜ਼) ਅਤੇ ਨੌਂ ਵੱਖ ਵੱਖ ਕਿਸਮਾਂ ਦੇ ਹੈਲੀਕੌਪਟਰ ਹਨ। ਇਸ ਦੇ ਨਾਲ ਨਾਲ ਮਿਲਟਰੀ ਦੇ ਉੱਚ ਅਫਸਰਾਂ ਦੀ ਵਰਤੋਂ ਲਈ ਅਮਰੀਕਾ ਦੀ ਫੌਜ ਕੋਲ ਏਅਰ ਮੋਬਿਲਟੀ ਕਮਾਂਡ ਜਾਂ ਏ ਐਮ ਸੀ ਨਾਂ ਦੀ ਆਪਣੀ ਏਅਰਲਾਈਨ ਹੈ। ਇਸ ਤੋਂ ਇਲਾਵਾ ਫੌਜ ਦੇ ਜਰਨੈਲਾਂ ਅਤੇ ਐਡਮਾਇਰਲਾਂ ਦੀ ਨਿੱਜੀ ਵਰਤੋਂ ਲਈ ਮਿਲਟਰੀ ਕੋਲ 71 ਲੀਅਰ ਜੈੱਟ, 13 ਗਲਫਸਟਰੀਮ ਤਿੰਨ ਅਤੇ 17 ਸੈਸਨਾ ਸਾਈਟੇਸ਼ਨ ਲਗਜ਼ਰੀ ਜੈੱਟ ਹਨ।(3)

ਅਮਰੀਕਨ ਫੌਜ ਦੀਆਂ ਇਹ ਮਸ਼ੀਨਾਂ ਕਿੰਨਾ ਕੁ ਤੇਲ ਖਾਂਦੀਆਂ ਹਨ ਅਤੇ ਕਿੰਨੀ ਕੁ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਛੱਡਦੀਆਂ ਹਨ, ਇਸ ਬਾਰੇ ਬੈਰੀ ਸੈਂਡਰਜ਼ ਨੇ ਆਪਣੀ ਕਿਤਾਬ ਵਿੱਚ ਬਹੁਤ ਵਿਸਥਾਰ ਨਾਲ ਲਿਖਿਆ ਹੈ। ਉਸ ਵਿੱਚ ਕੁੱਝ ਜਾਣਕਾਰੀ ਪਾਠਕਾਂ ਨਾਲ ਸਾਂਝੀਆਂ ਕਰਦੇ ਹਾਂ। ਸਭ ਤੋਂ ਪਹਿਲਾਂ ਅਮਰੀਕਨ ਆਰਮੀ ਵਲੋਂ ਹੁੰਦੀ ਤੇਲ ਦੀ ਖਪਤ ਬਾਰੇ ਕੁੱਝ ਤੱਥ:

* ਐਬਰੈਮ ਟੈਂਕ ਇਕ ਮੀਲ ਦਾ ਫਾਸਲਾ ਤਹਿ ਕਰਨ ਲਈ 5 ਗੈਲਨ ਤੇਲ ਖਾਂਦਾ ਹੈ। ਇਸ ਟੈਂਕ ਦੇ ਟਰਬਾਈਨ ਨੂੰ ਸਟਾਰਟ ਕਰਨ ਲਈ ਹੀ 10 ਗੈਲਨ ਤੇਲ ਲੱਗ ਜਾਂਦਾ ਹੈ। ਲੜਾਈ ਦੌਰਾਨ, ਸੌਖੇ ਧਰਾਤਲ ਉੱਤੇ ਇਹ ਟੈਂਕ ਘੰਟੇ ਦਾ 252 ਗੈਲਨ ਤੇਲ (ਜੇ ਪੀ-8 ਜੈੱਟ ਫਿਊਲ) ਖਾ ਜਾਂਦਾ ਹੈ। ਇੱਥੇ ਨੋਟ ਕਰਨ ਵਾਲੀ ਗੱਲ ਹੈ ਕਿ ਜੇ ਪੀ -8 ਜੈੱਟ ਫਿਊਲ ਆਮ ਪੈਟਰੋਲ ਦੇ ਮੁਕਾਬਲੇ ਜ਼ਿਆਦਾ ਕਾਰਬਨਡਾਇਕਔਕਸਾਈਡ ਛੱਡਦਾ ਹੈ। ਟੈਂਕਾਂ ਦੀ ਇਕ ਡਿਵੀਜ਼ਨ, ਜਿਸ ਵਿੱਚ 348 ਟੈਂਕ ਹੁੰਦੇ ਹਨ, ਪੂਰੇ ਇਕ ਦਿਨ ਵਿੱਚ 5 ਲੱਖ ਗੈਲਨ ਤੇਲ ਛੱਕ ਜਾਂਦੀ ਹੈ। ਇਕ ਸਮੇਂ ਅਮਰੀਕੀ ਫੌਜ ਦੇ ਇਰਾਕ ਵਿੱਚ 1848 ਐਬਰੈਮ ਟੈਂਕ ਸਨ ਅਤੇ ਫੌਜ ਉਹਨਾਂ ਸਾਰਿਆਂ ਨੂੰ ਚੱਲਦਾ ਰੱਖਣ ਦੀ ਕੋਸ਼ਿਸ਼ ਕਰਦੀ ਸੀ। ਇਸ ਦਾ ਅਰਥ ਇਹ ਹੋਇਆ ਕਿ ਇਰਾਕ ਵਿੱਚ ਤਾਇਨਾਤ ਇਹ ਟੈਂਕ ਇਕ ਦਿਨ ਵਿੱਚ 26.5 ਲੱਖ ਗੈਲਨ ਦੇ ਕਰੀਬ ਤੇਲ ਖਪਤ ਕਰਦੇ ਸਨ। ਅਮਰੀਕਨ ਇਨਵਾਇਰਮੈਂਟਲ ਪ੍ਰੋਟੈਕਸ਼ਨ ਏਜੰਸੀ ਅਨੁਸਾਰ ਇਕ ਪਰਿਵਾਰਕ ਕਾਰ ਔਸਤਨ ਸਾਲ ਵਿੱਚ 500 ਗੈਲਨ ਤੇਲ ਖਾਂਦੀ ਹੈ। ਇਸ ਦਾ ਭਾਵ ਇਹ ਹੋਇਆ ਕਿ ਜਿੰਨਾ ਤੇਲ 1000 ਕਾਰਾਂ ਸਾਲ ਵਿੱਚ ਖਾਂਦੀਆਂ ਹਨ, ਉਨਾ ਤੇਲ ਐਬਰੈਮ ਟੈਂਕਾਂ ਦੀ ਇਕ ਡਿਵੀਜ਼ਨ ਇਕ ਦਿਨ ਵਿੱਚ ਖਾ ਜਾਂਦੀ ਹੈ।

* ਆਰਮੀ ਦਾ ਅਪਾਚੀ ਹੈਲੀਕੌਪਟਰ ਇਕ ਗੈਲਨ ਜੈੱਟ ਫਿਊਲ ਨਾਲ ਅੱਧਾ ਮੀਲ ਕੱਢਦਾ ਹੈ। ਇਕ ਰਾਤ ਦੀ ਰੇਡ ਵਿੱਚ ਅਪਾਚੀ ਬਟਾਲੀਅਨ ਦੇ ਹੈਲੀਕੋਪਟਰਾਂ ਦਾ ਇਕ ਜੋੜਾ 60,000 ਗੈਲਨ ਜੈੱਟ ਫਿਊਲ ਖਾ ਜਾਂਦਾ ਹੈ। (4)

ਅਮਰੀਕਨ ਨੇਵੀ ਵੱਲੋਂ ਕੀਤੀ ਜਾਂਦੀ ਤੇਲ ਦੀ ਖਪਤ ਦਾ ਆਪਣਾ ਹੀ ਅੰਦਾਜ਼ ਹੈ। ਸੰਨ 1991 ਵਿੱਚ ਅਮਰੀਕਨ ਨੇਵੀ ਦੇ ਇਕ ਏਅਰਕਰਾਫਟ ਕੈਰੀਅਰ *ਯੂ. ਐੱਸ. ਐੱਸ ਇੰਡੀਪੈਂਡਿਟ ਦੀ ਤੇਲ ਦੀ ਖਪਤ ਬਾਰੇ ਇਸ* ਦੇ ਰਹਿ ਚੁੱਕੇ ਇਕ ਕਮਾਂਡਰ ਨੇ ਇਸ ਤਰ੍ਹਾਂ ਬਿਆਨ ਕੀਤਾ ਸੀ:

ਵੀਅਤਨਾਮ ਦੇ ਸਮੁੰਦਰੀ ਤੱਟ ਨੇੜੇ ਤਾਇਨਾਤ ਇਹ ਜਹਾਜ਼ ਰੋਜ਼ ਦਾ 1,00000 ਗੈਲਨ ਤੇਲ ਖਾਂਦਾ ਹੈ। ਹਰ ਚੰਹੁ ਦਿਨਾਂ ਬਾਅਦ ਇੰਡੀਪੈਂਡਿਟ 10 ਲੱਖ ਗੈਲਨ ਤੇਲ ਲੈਂਦਾ ਸੀ - ਜਿਸ ਵਿੱਚੋਂ ਅੱਧਾ ਤੇਲ ਇਸ ਉੱਪਰਲੇ ਜੈੱਟ ਜਹਾਜ਼ ਖਪਤ ਕਰ ਦਿੰਦੇ ਸਨ। 14 ਦਿਨਾਂ ਵਿੱਚ ਫਾਰਸ ਦੀ ਖਾੜੀ (ਪਰਸ਼ੀਅਨ ਗਲਫ) ਤੱਕ ਪਹੁੰਚਣ ਲਈ ਇਹ ਸਮੁੰਦਰੀ ਜਹਾਜ਼ 20 ਲੱਖ ਗੈਲਨ ਤੋਂ ਵੱਧ ਤੇਲ ਖਾ ਜਾਵੇਗਾ। ਫਾਰਸ ਦੀ ਖਾੜੀ ਵਿੱਚ ਸਿਰਫ ਖੜ੍ਹਾ ਖੜ੍ਹਾ ਹੀ ਇਹ ਜਹਾਜ਼, ਹਰ ਰੋਜ਼ 3 ਲੱਖ 80 ਹਜ਼ਾਰ ਗੈਲਨ ਪਾਣੀ ਸਾਫ ਕਰਨ ਲਈ ਅਤੇ 40,000 ਲੋਕਾਂ ਦੀ ਵਸੋਂ ਵਾਲੇ ਇਕ ਸ਼ਹਿਰ ਦੀ ਲੋੜ ਜਿੰਨੀ ਬਿਜਲੀ ਪੈਦਾ ਕਰਨ ਲਈ ਵੱਡੀ ਮਾਤਰਾ ਵਿੱਚ ਤੇਲ ਖਾ ਜਾਵੇਗਾ। (5)

ਕੁੱਲ ਮਿਲਾ ਕੇ ਅਮਰੀਕਨ ਨੇਵੀ ਕੋਲ 13 ਏਅਰਕਰਾਫਟ ਕੈਰੀਅਰ ਹਨ। ਬੇਸ਼ੱਕ *ਯੂ. ਐੱਸ. ਐੱਸ. ਇੰਡੀਪੈਂਡਿਟ* ਨੂੰ ਅਮਰੀਕਨ ਨੇਵੀ ਨੇ ਸੰਨ 1998 ਵਿੱਚ 48 ਸਾਲਾਂ ਦੀ ਵਰਤੋਂ ਤੋਂ ਬਾਅਦ ਰਿਟਾਇਰ ਕਰ ਦਿੱਤਾ ਸੀ (6) ਪਰ ਇਸ ਦੀ ਤੇਲ ਦੀ ਖਪਤ ਬਾਰੇ ਉਪਰੋਕਤ ਬਿਆਨ ਤੋਂ ਸਹਿਜੇ ਹੀ ਅੰਦਾਜ਼ਾ ਲਾਇਆ ਜਾ ਸਕਦਾ ਹੈ ਕਿ ਅਮਰੀਕਨ ਨੇਵੀ ਦੇ ਦੂਸਰੇ ਏਅਰਕਰਾਫਟ ਕੈਰੀਅਰ ਕਿੰਨੀ ਵੱਡੀ ਮਾਤਰਾ ਵਿੱਚ ਤੇਲ ਦੀ ਖਪਤ ਕਰਦੇ ਹੋਣਗੇ।

ਅਮਰੀਕਾ ਦੀ ਏਅਰਫੋਰਸ ਫੌਜ ਦੀਆਂ ਸਾਰੀਆਂ ਸ਼ਾਖਾਵਾਂ ਤੋਂ ਵੱਧ ਤੇਲ ਦੀ ਖਪਤ ਕਰਦੀ ਹੈ।ਇਸ ਬਾਰੇ ਕੁੱਝ ਉਦਾਹਰਨਾਂ ਇਸ ਪ੍ਰਕਾਰ ਹਨ:

* ਸੰਨ 2006 ਵਿੱਚ ਏਅਰਫੋਰਸ ਨੇ 2.6 ਅਰਬ ਗੈਲਨ ਜੈੱਟ ਫਿਊਲ ਵਰਤਿਆ ਸੀ। ਏਅਰਫੋਰਸ ਦੇ ਵੱਡੇ ਹੈਲੀਕੌਪਟਰ ਇਕ ਮੀਲ ਪਿੱਛੇ 5 ਗੈਲਨ ਤੇਲ ਖਾਂਦੇ ਹਨ। ਪਰ ਤੇਲ ਦੀ ਇਹ ਖਪਤ ਏਅਰ ਫੋਰਸ ਦੇ ਲੜਾਕੇ ਜਹਾਜ਼ਾਂ ਵੱਲੋਂ ਖਾਧੇ ਜਾਂਦੇ ਤੇਲ ਦੇ ਮੁਕਾਬਲੇ ਕੁੱਝ ਵੀ ਨਹੀਂ। ਉਦਾਹਰਨ ਲਈ ਐੱਫ-4 ਫੈਂਟਮ ਫਾਈਟਰ ਇਕ ਘੰਟੇ ਵਿੱਚ 1600 ਗੈਲਨ ਤੇਲ ਖਾਂਦਾ ਹੈ। ਐੱਫ-15 ਇਕ ਘੰਟੇ ਵਿੱਚ 1580 ਗੈਲਨ ਤੇਲ ਖਾਂਦਾ ਹੈ ਅਤੇ ਐੱਫ-16 ਇਕ ਘੰਟੇ ਵਿੱਚ 1680 ਗੈਲਨ ਤੇਲ ਖਾਂਦਾ ਹੈ। ਅਸੀਂ ਦੇਖ ਸਕਦੇ ਹਾਂ ਕਿ ਜਿੰਨਾ ਤੇਲ ਇਕ ਪਰਿਵਾਰਕ ਕਾਰ ਤਿੰਨਾਂ ਸਾਲਾਂ ਵਿੱਚ ਖਾਂਦੀ ਹੈ, ਉਨਾ ਜਾਂ ਉਸ ਤੋਂ ਵੱਧ ਤੇਲ ਇਹ ਫਾਈਟਰ ਜਹਾਜ਼ ਇਕ ਘੰਟੇ ਵਿੱਚ ਖਾ ਜਾਂਦੇ ਹਨ।

ਜਦੋਂ ਕਿਸੇ ਲੜਾਕੇ ਜਹਾਜ਼ ਨੂੰ ਸੁਪਰਸੌਨਿਕ ਸਪੀਡ (ਅਵਾਜ਼ ਦੀ ਰਫਤਾਰ, 1236 ਕਿਲੋਮੀਟਰ ਪ੍ਰਤੀ ਘੰਟਾ, ਨਾਲੋਂ ਵੱਧ ਸਪੀਡ) 'ਤੇ ਉਡਾਉਣਾ ਹੁੰਦਾ ਹੈ ਤਾਂ ਪਾਇਲਟ ਲਈ ਜਹਾਜ਼ ਦੇ ਆਫਟਰਬਰਨਰਾਂ ਨੂੰ ਚਾਲੂ ਕਰਨਾ ਜ਼ਰੂਰੀ ਹੈ। ਇਸ ਨਾਲ ਜਹਾਜ਼ ਦੀ ਸਪੀਡ ਤਿੰਨ ਗੁਣਾਂ ਤੱਕ ਹੋ ਸਕਦੀ ਹੈ ਅਤੇ ਤੇਲ ਦੀ ਖਪਤ 20 ਗੁਣਾਂ ਵੱਧ ਜਾਂਦੀ ਹੈ। ਜਦੋਂ ਐੱਫ-15 ਲੜਾਕੇ ਜਹਾਜ਼ ਦੇ ਆਫਟਰਬਰਨਰ ਚਾਲੂ ਹੁੰਦੇ ਹਨ ਤਾ ਇਹ ਇਕ ਸਕਿੰਟ ਵਿੱਚ ਚਾਰ ਗੈਲਨ ਭਾਵ ਇਕ ਘੰਟੇ ਵਿੱਚ 14, 400 ਗੈਲਨ ਤੇਲ ਖਾਂਦਾ ਹੈ।

ਏਅਰਫੋਰਸ ਦਾ ਬੀ-52 ਬੰਬਾਰ ਜਹਾਜ਼ ਆਫਟਰਬਰਨਰਾਂ ਤੋਂ ਬਿਨਾਂ ਇਕ ਘੰਟੇ ਵਿੱਚ 3334 ਗੈਲਨ ਤੇਲ ਖਾਂਦਾ ਹੈ। ਇਹ ਜਹਾਜ਼ 10 ਮਿਨਟਾਂ ਵਿੱਚ ਉਨਾ ਤੇਲ ਖਾ ਜਾਂਦਾ ਹੈ ਜਿੰਨਾ ਔਸਤਨ ਤੇਲ ਇਕ ਪਰਿਵਾਰਕ ਕਾਰ ਸਾਲ ਵਿੱਚ ਖਾਂਦੀ ਹੈ। ਜੇ ਬੀ-52 ਬੰਬਾਰ ਜਹਾਜ਼ ਦੀ ਵਰਤੋਂ ਲੰਮੇ ਸਮੇਂ ਲਈ ਕਰਨੀ ਹੋਵੇ ਤਾਂ ਇਸ ਵਿੱਚ ਅਸਮਾਨ ਵਿੱਚ ਦੁਬਾਰਾ ਤੇਲ ਪਾਉਣਾ ਪੈਂਦਾ ਹੈ। ਅਮਰੀਕਨ ਏਅਰਫੋਰਸ ਕੇ ਸੀ-135 ਸਟਰੈਟੋਟੈਂਕਰ ਅਤੇ ਕੇ ਸੀ-10 ਐਕਸਟੈਂਡਰ ਨਾਮੀ ਜਹਾਜ਼ ਅਸਮਾਨ ਵਿੱਚ ਦੂਸਰੇ ਜਹਾਜ਼ਾਂ ਵਿੱਚ ਤੇਲ ਪਾਉਣ ਲਈ ਵਰਤਦੀ ਹੈ। ਕੇ ਸੀ-10 ਐਕਸਟੈਂਡਰ ਦੇ ਤੇਲ ਸਟੋਰ ਕਰਨ ਦੀ ਸਮਰੱਥਾ 60,000 ਗੈਲਨ ਹੈ। ਜਿੰਨਾ ਤੇਲ ਇਹ ਜਹਾਜ਼ ਸਟੋਰ ਕਰ ਸਕਦਾ ਹੈ ਉਸ ਨਾਲ ਇਕ ਪਰਿਵਾਰ ਔਸਤਨ ਤੌਰ ਉੱਤੇ 120 ਸਾਲਾਂ ਲਈ ਆਪਣੀ ਕਾਰ ਚਲਾ ਸਕਦਾ ਹੈ। ਨੋਟ ਕਰਨ ਵਾਲੀ ਗੱਲ ਇਹ ਹੈ ਕਿ ਅਮਰੀਕਨ ਏਅਰ ਫੋਰਸ ਕੋਲ 94 ਬੀ-52 ਐੱਚ ਬੰਬਾਰ ਜਹਾਜ਼ ਹਨ। (7)

ਉਂਝ ਤਾਂ ਏਅਰਫੋਰਸ ਦੀ ਤੇਲ ਦੀ ਖਪਤ ਬਾਰੇ ਉਪਰਲੇ ਤੱਥ ਕਾਫੀ ਜਾਣਕਾਰੀ ਦੇ ਦਿੰਦੇ ਹਨ ਪਰ ਅਸੀਂ ਇਸ ਸੰਬੰਧ ਵਿੱਚ ਇਕ ਹੋਰ ਜਾਣਕਾਰੀ ਪਾਠਕਾਂ ਨਾਲ ਸਾਂਝੀ ਕਰਨੀ ਚਾਹਾਂਗੇ। ਇਹ ਜਾਣਕਾਰੀ ਜੰਗ ਦੇ ਦੌਰਾਨ ਏਅਰਫੋਰਸ ਦੇ ਬੰਬਾਰ ਜਹਾਜ਼ਾਂ ਵੱਲੋਂ ਡਕਾਰੇ ਜਾਂਦੇ ਤੇਲ ਨਾਲ ਸੰਬੰਧਤ ਹੈ।

* ਜਦੋਂ 7 ਅਕਤੂਬਰ 2001 ਨੂੰ ਅਮਰੀਕਾ ਨੇ ਅਫਗਾਨਿਸਤਾਨ ਉੱਤੇ ਹਵਾਈ ਹਮਲਾ ਕੀਤਾ ਤਾਂ ਇਸ ਹਮਲੇ ਵਿੱਚ ਨੇਵੀ ਅਤੇ ਏਅਰਫੋਰਸ ਦੇ ਬੀ-2, ਐੱਫ-14, ਐੱਫ/ਏ-18, ਬੀ-52 ਬੰਬਾਰ ਆਦਿ ਜਹਾਜ਼ਾਂ ਨੇ ਹਿੱਸਾ ਲਿਆ। ਨੇਵੀ ਦੇ ਜਹਾਜ਼ਾਂ ਨੇ ਆਪਣੇ ਨਿਸ਼ਾਨੇ ਤੋਂ 500 ਮੀਲ ਦੂਰ ਅਰਬ ਸਾਗਰ ਵਿੱਚਲੇ ਏਅਰਕਰਾਫਟ ਕੈਰੀਅਰ ਤੋਂ ਅਤੇ ਏਅਰਫੋਰਸ ਦੇ ਜਹਾਜ਼ਾਂ ਨੇ ਹਿੰਦ ਮਹਾਂ ਸਾਗਰ ਵਿਚਲੇ ਏਅਰਬੇਸ ਡੀਗੋ ਗਾਰਸੀਆ ਤੋਂ ਉਡਾਣਾ ਭਰੀਆਂ। ਹੋਰ ਲੜਾਕੇ ਜਹਾਜ਼ਾਂ ਨੇ ਫਾਰਸ ਦੀ ਖਾੜੀ (ਪਰਸ਼ੀਅਨ ਗਲਫ) ਵਿੱਚੋਂ ਉਡਾਣਾਂ ਭਰੀਆਂ। ਡੀਗੋ ਗਾਰਸੀਆ ਤੋਂ ਉਡਾਣਾਂ ਭਰਨ ਵਾਲੇ ਜਹਾਜ਼ਾਂ ਨੇ 12-15 ਘੰਟੇ ਦੇ ਸਮੇਂ ਲਈ ਉਡਾਣਾਂ ਭਰੀਆਂ ਅਤੇ 5,500 ਮੀਲ ਦੇ ਨੇੜੇ ਤੇੜੇ ਸਫਰ ਕੀਤਾ। ਯਾਦ ਰਹੇ ਕਿ ਇਕ ਬੀ-52 ਬੰਬਾਰ ਜਹਾਜ਼ ਇਕ ਘੰਟੇ ਵਿੱਚ 3334 ਗੈਲਨ ਜੈੱਟ ਫਿਊਲ ਖਾਂਦਾ ਹੈ, ਇਸ ਲਈ 12-15 ਘੰਟੇ ਦੀ ਫਲਾਈਟ ਦੌਰਾਨ ਹਰ ਇਕ ਬੀ-52 ਬੰਬਾਰ ਜਹਾਜ਼ ਨੇ 40000-50,000 ਗੈਲਨ ਦੇ ਨੇੜੇ ਤੇਲ ਖਾਧਾ। ਉਸ ਰਾਤ ਦੇ ਹਵਾਈ ਹਮਲੇ ਵਿੱਚ 10 ਬੀ-52 ਬੰਬਾਰਾਂ ਨੇ ਹਿੱਸਾ ਲਿਆ। ਜਿਸ ਦਾ ਅਰਥ ਹੈ ਕਿ ਇਕੱਲੇ ਬੀ-52 ਬੰਬਾਰ ਜਹਾਜਾਂ ਨੇ ਹੀ ਉਸ ਇਕ ਰਾਤ ਵਿੱਚ 5,00,000 ਗੈਲਨ ਤੇਲ ਖਾਧਾ। (8)

ਇਸ ਦੇ ਨਾਲ ਜੇ ਅਸੀਂ ਦੂਸਰੇ ਬੰਬਾਰ ਜਹਾਜ਼ਾਂ, ਫਾਰਸ ਦੀ ਖਾੜੀ ਵਿੱਚ ਖੜ੍ਹੇ ਨੇਵੀ ਦੇ ਏਅਰਕਰਾਫਟ ਕੈਰੀਅਰ ਜਹਾਜ਼ਾਂ, ਅਤੇ ਅਸਮਾਨ ਵਿੱਚ ਜਹਾਜ਼ਾਂ ਨੂੰ ਤੇਲ ਸਪਲਾਈ ਕਰਨ ਵਾਲੇ ਜਹਾਜ਼ਾਂ ਵੱਲੋਂ ਖਾਧੇ ਤੇਲ ਦੀ ਮਾਤਰਾ ਵੀ ਜੋੜ ਲਈਏ ਤਾਂ ਇਸ ਹਵਾਈ ਹਮਲੇ ਦੌਰਾਨ ਹਰ ਇਕ ਰਾਤ ਵਿੱਚ ਖਪਤ ਹੋਏ ਕੁੱਲ ਤੇਲ ਦੀ ਮਾਤਰਾ ਬੀ-52 ਬੰਬਾਰ ਜਹਾਜ਼ਾਂ ਵੱਲੋਂ ਖਾਧੇ ਤੇਲ ਦੀ ਮਾਤਰਾ ਨਾਲ ਕਿਤੇ ਜ਼ਿਆਦਾ ਵੱਧ ਜਾਂਦੀ ਹੈ। ਇੱਥੇ ਯਾਦ ਰੱਖਣ ਵਾਲੀ ਗੱਲ ਇਹ ਵੀ ਹੈ ਕਿ 7 ਅਕਤੂਬਰ 2001 ਨੂੰ ਸ਼ੁਰੂ ਹੋਇਆ ਇਹ ਹਵਾਈ ਹਮਲਾ ਕਈ ਦਿਨ ਚੱਲਦਾ ਰਿਹਾ ਸੀ। ਸੋ ਇਸ ਹਮਲੇ ਦੌਰਾਨ ਕਿੰਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਗਈ ਹੋਵੇਗੀ, ਇਸ ਦਾ ਅੰਦਾਜ਼ਾ ਪਾਠਕ ਆਪ ਹੀ ਲਾ ਸਕਦੇ ਹਨ।

ਇਸ ਹੀ ਤਰ੍ਹਾਂ ਜਦੋਂ 19 ਮਾਰਚ 2003 ਨੂੰ ਅਮਰੀਕਾ ਵੱਲੋਂ ਇਰਾਕ ਉੱਤੇ ਹਮਲਾ ਕੀਤਾ ਗਿਆ ਤਾਂ ਉਸ ਰਾਤ ਬਗਦਾਦ ਉੱਪਰ ਹਮਲਾ ਕਰਨ ਲਈ 1700 ਹਵਾਈ ਜਹਾਜ਼ਾਂ ਨੇ ਹਿੱਸਾ ਲਿਆ ਜਿਹਨਾਂ ਵਿੱਚ ਬੰਬਾਰ, ਲੜਾਕੇ ਅਤੇ ਹੋਰ ਕਈ ਤਰ੍ਹਾਂ ਦੇ ਜੰਗੀ ਜਹਾਜ਼ ਸ਼ਾਮਲ ਸਨ।(9) ਇਹਨਾਂ ਜਹਾਜ਼ਾਂ ਨੇ ਕਿੰਨਾ ਤੇਲ ਖਾਧਾ ਹੋਵੇਗਾ ਅਤੇ ਕਿੰਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਛੱਡੀ ਹੋਵੇਗੀ ਇਸ ਦੀ ਕਲਪਨਾ ਪਾਠਕ ਆਪ ਕਰ ਸਕਦੇ ਹਨ।

ਅਮਰੀਕੀ ਫੌਜ ਦੀਆਂ ਕੁੱਝ ਵੱਖ ਵੱਖ ਮਸ਼ੀਨਾਂ ਵਲੋਂ ਖਪਤ ਕੀਤੇ ਜਾਂਦੇ ਤੇਲ ਦੀ ਮਾਤਰਾ ਬਾਰੇ ਪੜ੍ਹ ਕੇ ਮਨ ਵਿੱਚ ਇਹ ਸਵਾਲ ਉੱਠਣਾ ਸੁਭਾਵਕ ਹੀ ਹੈ ਕਿ ਅਮਰੀਕਨ ਫੌਜ ਸਾਲ ਵਿੱਚ ਕਿੰਨਾ ਤੇਲ ਖਪਤ ਕਰਦੀ ਹੈ। ਬੈਰੀ ਸੈਂਡਰਜ਼ ਅਨੁਸਾਰ ਅਮਰੀਕਾ ਦੀ ਫੌਜ ਹਰ ਰੋਜ਼ 10 ਲੱਖ ਬੈਰਲ ਤੇਲ ਖਪਤ ਕਰਦੀ ਹੈ ਅਤੇ ਹਰ ਰੋਜ਼ 40 ਕਰੋੜ ਪੌਂਡ ਜਾਂ ਦੋ ਲੱਖ ਟੰਨ ਦੇ ਬਰਾਬਰ ਗਰੀਨਹਾਊਸ ਗੈਸਾਂ ਵਾਤਾਵਰਨ ਵਿੱਚ ਫੈਲਾਉਂਦੀ ਹੈ। ਜੇ ਅਸੀਂ ਸਾਲ ਦਾ ਹਿਸਾਬ ਲਾਈਏ ਤਾਂ ਅਮਰੀਕਾ ਦੀ ਫੌਜ ਹਰ ਸਾਲ 146 ਅਰਬ ਪੌਂਡ ਜਾਂ 7 ਕ੍ਰੋੜ 30 ਲੱਖ ਟੰਨ ਕਾਰਬਨ ਵਾਤਾਵਰਨ ਵਿੱਚ ਫੈਲਾਉਂਦੀ ਹੈ।(10)

ਨੇਸ਼ਨਮਾਸਟਰ.ਕਾਮ ਉੱਪਰ 2007 ਦੇ ਹਿਸਾਬ ਅਨੁਸਾਰ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵਲੋਂ ਤੇਲ ਦੀ ਰੋਜ਼ਾਨਾ ਖਪਤ ਦੇ ਅੰਕੜੇ ਦਿੱਤੇ ਗਏ ਹਨ। ਇਹਨਾਂ ਅੰਕੜਿਆਂ ਅਨੁਸਾਰ ਦੁਨੀਆਂ ਦੇ ਸਿਰਫ ਅਠਾਰਾਂ ਦੇਸ਼ ਅਜਿਹੇ ਹਨ ਜੋ ਹਰ ਰੋਜ਼ ਦਸ ਲੱਖ ਬੈਰਲ ਨਾਲੋਂ ਵੱਧ ਤੇਲ ਖਪਤ ਕਰਦੇ ਹਨ। ਕ੍ਰਮਵਾਰ ਇਹ ਦੇਸ਼ ਹਨ: ਅਮਰੀਕਾ, ਚੀਨ, ਜਾਪਾਨ, ਰੂਸ, ਭਾਰਤ, ਜਰਮਨੀ, ਬਰਾਜ਼ੀਲ, ਕਨੇਡਾ, ਸਾਊਦੀ ਅਰਬੀਆ, ਦੱਖਣੀ ਕੋਰੀਆ, ਮੈਕਸੀਕੋ, ਫਰਾਂਸ, ਇੰਗਲੈਂਡ, ਇਟਲੀ, ਇਰਾਨ, ਸਪੇਨ ਅਤੇ ਇੰਡੋਨੇਸ਼ੀਆ। (11) ਇਸ ਦਾ ਅਰਥ ਇਹ ਹੋਇਆ ਕਿ ਅਮਰੀਕਾ ਦੀ ਫੌਜ ਇਹਨਾਂ ਦੇਸ਼ਾਂ ਤੋਂ ਬਿਨਾਂ ਦੁਨੀਆਂ ਦੇ ਹੋਰ ਇਕੱਲੇ ਇਕੱਲੇ ਦੇਸ਼ ਨਾਲੋਂ ਵੱਧ ਤੇਲ ਖਪਤ ਕਰਦੀ ਹੈ ਅਤੇ ਇਸ ਕਾਰਨ ਉਹਨਾਂ ਦੇਸ਼ਾਂ ਤੋਂ ਵੱਧ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਫੈਲਾਉਂਦੀ ਹੈ।

ਇਸ ਦੇ ਨਾਲ ਹੀ ਇਕ ਹੋਰ ਤੱਥ ਨੋਟ ਕਰਨ ਵਾਲਾ ਹੈ ਕਿ ਇਕ ਪਰਿਵਾਰਕ ਕਾਰ ਸਾਲ ਵਿੱਚ 10 ਹਜ਼ਾਰ ਪੌਂਡ ਦੇ ਬਰਾਬਰ ਦੀ ਕਾਰਬਨਡਾਇਔਕਸਾਈਡ ਵਾਤਵਰਨ ਵਿੱਚ ਫੈਲਾਉਂਦੀ ਹੈ। ਇਸ ਹਿਸਾਬ ਨਾਲ ਅਮਰੀਕਾ ਦੀ ਮਿਲਟਰੀ ਇਕ ਸਾਲ ਵਿੱਚ ਉਨੀ ਕਾਰਬਨਡਾਇਔਕਸਾਈਡ ਵਾਤਾਵਰਨ ਵਿੱਚ ਛੱਡਦੀ ਹੈ ਜਿੰਨੀ ਕਾਰਬਨਡਾਇਕਔਕਸਾਈਡ 1 ਕਰੋੜ 46 ਲੱਖ ਕਾਰਾਂ ਸਾਲ ਵਿੱਚ ਛੱਡਦੀਆਂ ਹਨ।

**ਵਾਤਾਵਰਨ ਵਿੱਚ ਰੇਡੀਓਐਕਟਿਵ ਸਮੱਗਰੀ ਫੈਲਾਉਣ ਵਿੱਚ ਫੌਜ ਦੀ ਭੂਮਿਕਾ:**

ਪਿਛਲੇ ਕੁੱਝ ਸਾਲਾਂ ਦੌਰਾਨ ਸਾਹਮਣੇ ਆਈਆਂ ਵੱਖ ਵੱਖ ਰਿਪੋਰਟਾਂ ਤੋਂ ਇਹ ਗੱਲ ਸਾਫ ਹੋਈ ਹੈ ਕਿ ਅਮਰੀਕਾ ਅਤੇ ਉਸ ਦੀਆਂ ਭਾਈਵਾਲ ਫੌਜਾਂ ਨੇ ਇਰਾਕ ਅਤੇ ਅਫਗਾਨਿਸਤਾਨ ਵਿੱਚ ਅਤੇ ਨੈਟੋ ਦੀਆਂ ਫੌਜਾਂ ਨੇ ਕੋਸਵੋ ਵਿੱਚ ਅਜਿਹੇ ਹਥਿਆਰਾਂ ਦੀ ਵਰਤੋਂ ਕੀਤੀ ਹੈ ਜਿਹਨਾਂ ਵਿੱਚ ਡਿਪਲੀਟਿਡ ਯੁਰੇਨੀਅਮ ਵਰਤਿਆ ਗਿਆ ਸੀ। ਜਦੋਂ ਕੁਦਰਤੀ ਯੁਰੇਨੀਅਮ ਨੂੰ ਪਰਮਾਣੂ ਬਿਜਲੀ ਪੈਦਾ ਕਰਨ ਵਾਲੇ ਰੀਐਕਟਰਾਂ ਵਿੱਚ ਬਾਲਣ ਲਈ ਤਿਆਰ (ਇਨਰਿੱਚ) ਕੀਤਾ ਜਾਂਦਾ ਹੈ ਤਾਂ ਉਸ ਅਮਲ ਦੌਰਾਨ ਬਾਈ ਪ੍ਰੋਡਕਟ (ਰਹਿੰਦ ਖੂਹੰਦ) ਦੇ ਰੂਪ ਵਿੱਚ ਡਿਪਲੀਟਿਡ ਯੂਰੇਨੀਅਮ ਪੈਦਾ ਹੁੰਦਾ ਹੈ। ਇਹ ਯੁਰੇਨੀਅਮ ਬਹੁਤ ਖਤਰਨਾਕ ਪੱਧਰ ਤੱਕ ਰੇਡੀਓਐਕਟਿਵ ਹੁੰਦਾ ਹੈ। ਪਰ ਇਸ ਦੀ ਇਕ ਖੂਬੀ ਇਹ ਵੀ ਹੈ ਕਿ ਇਹ ਟੈਂਕਾਂ ਅਤੇ ਕੰਕਰੀਟ ਦੇ ਮੋਰਚਿਆਂ ਨੂੰ ਬਹੁਤ ਸੌਖਿਆਂ ਹੀ ਤੋੜ ਸਕਦਾ ਹੈ। ਪੈਂਟਾਗਨ ਦੇ ਆਪਣੇ ਸ਼ਬਦਾਂ ਵਿੱਚ, ਜਿਸ ਤਰ੍ਹਾਂ "ਇਕ ਗਰਮ ਚਾਕੂ ਮੱਖਣ ਨੂੰ ਕੱਟਦਾ ਹੈ" (12) ਉਸ ਤਰ੍ਹਾਂ ਡਿਪਲੀਟਡ ਯੁਰੇਨੀਅਮ ਟੈਂਕਾਂ ਅਤੇ ਹੋਰ ਫੌਜੀ ਬਕਤਰਬੰਦ ਗੱਡੀਆਂ ਨੂੰ ਕੱਟਦਾ ਹੈ। ਇਸ ਲਈ ਪਿਛਲੇ ਕੁੱਝ ਦਹਾਕਿਆਂ ਦੌਰਾਨ ਫੌਜ ਨੇ ਇਸ ਨੂੰ ਬੰਬਾਂ, ਮਿਜ਼ਾਇਲਾਂ ਅਤੇ ਗੋਲਿਆਂ ਵਿੱਚ ਵਰਤਣਾ ਸ਼ੁਰੂ ਕਰ ਦਿੱਤਾ ਹੈ।

ਜਦੋਂ ਡਿਪਲੀਟਿਡ ਯੁਰੇਨੀਅਮ ਦੇ ਸਿਰੇ ਵਾਲਾ ਗੋਲਾ ਜਾਂ ਮਿਜ਼ਾਇਲ ਕਿਸੇ ਟੈਂਕ ਜਾਂ ਕੰਕਰੀਟ ਦੇ ਮੋਰਚੇ ਨਾਲ ਵੱਜ ਕੇ ਫੱਟਦਾ ਹੈ ਤਾਂ ਇਹ ਬਹੁਤ ਉੱਚੇ ਤਾਪਮਾਨ ਉੱਤੇ ਬਲਦਾ ਹੋਇਆ ਇਕ ਅੱਗ ਦਾ ਭਾਂਬੜ ਪੈਦਾ ਕਰਦਾ ਹੈ। ਉੱਚੇ ਤਾਪਮਾਨ ਕਾਰਨ ਇਹ ਟੈਂਕ ਦੀ ਮੋਟੀ ਚਾਦਰ ਜਾਂ ਮੋਰਚੇ ਦੀ ਕਈ ਮੀਟਰ ਮੋਟੀ ਕੰਕਰੀਟ ਦੀ ਤਹਿ ਨੂੰ ਪਾੜਦਾ ਹੋਇਆ ਆਪਣੇ ਸੰਪਰਕ ਵਿੱਚ ਆਉਣ ਵਾਲੀ ਹਰ ਚੀਜ਼ ਨੂੰ ਰਾਖ ਵਿੱਚ ਤਬਦੀਲ ਕਰ ਦਿੰਦਾ ਹੈ। ਯੁਰੇਨੀਅਮ ਔਕਸਾਈਡ ਨਾਲ ਭਰਪੂਰ ਇਹ ਰਾਖ ਬਹੁਤ ਹੀ ਰੇਡੀਓਐਕਟਿਵ ਹੁੰਦੀ ਹੈ ਅਤੇ ਹਵਾ ਨਾਲ ਉੱਡ ਕੇ ਕਈ ਮੀਲਾਂ ਤੱਕ ਜਾ ਸਕਦੀ ਹੈ, ਸਾਹ ਲੈਣ ਨਾਲ ਮਨੁੱਖੀ ਸਰੀਰ ਅੰਦਰ ਦਾਖਲ ਹੋ ਸਕਦੀ ਹੈ, ਬੂਟਿਆਂ ਅਤੇ ਦਰੱਖਤਾਂ ਅਤੇ ਜਾਨਵਰਾਂ ਵਲੋਂ ਜਜ਼ਬ ਕੀਤੀ ਜਾ ਸਕਦੀ ਹੈ ਅਤੇ ਸਾਡੀਆਂ ਖਾਣ ਪੀਣ ਦੀਆਂ ਵਸਤਾਂ ਦਾ ਹਿੱਸਾ ਬਣ ਸਕਦੀ ਹੈ। ਧਰਤੀ ਵਿੱਚ ਜਜ਼ਬ ਹੋਣ ਤੋਂ ਬਾਅਦ ਇਹ ਧਰਤੀ ਹੇਠਲੇ ਪਾਣੀ ਵਿੱਚ ਰਲ ਸਕਦੀ ਹੈ ਅਤੇ ਉਸ ਵਿੱਚ ਯੁਰੇਨੀਅਮ ਦੀ ਮਿਕਦਾਰ ਨੂੰ ਸੈਂਕੜੇ ਗੁਣਾਂ ਵਧਾ ਸਕਦੀ ਹੈ। (13) ਇਕ ਵਾਰ ਵਾਤਾਵਰਨ ਵਿੱਚ ਫੈਲਣ ਤੋਂ ਬਾਅਦ ਡਿਪਲੀਟਡ ਯੁਰੇਨੀਅਮ ਵਾਤਾਵਰਨ ਵਿੱਚ ਅਰਬਾਂ ਸਾਲ ਰਹਿੰਦਾ ਹੈ ਕਿਉਂਕਿ ਇਸ ਦੀ "ਹਾਫ-ਲਾਈਫ" 4.5 ਅਰਬ ਸਾਲ ਹੈ।

ਵਾਤਾਵਰਨ ਤੋਂ ਮਨੁੱਖੀ ਸਰੀਰ ਵਿੱਚ ਪਹੁੰਚਿਆ ਡਿਪਲੀਟਡ ਯੁਰੇਨੀਅਮ ਮਨੁੱਖਾਂ 'ਤੇ ਕਈ ਤਰ੍ਹਾਂ ਦੇ ਮਾਰੂ ਅਸਰ ਪਾਉਂਦਾ ਹੈ। ਇਸ ਨਾਲ ਕੈਂਸਰ ਹੋ ਸਕਦੀ ਹੈ। ਇਸ ਦੀ ਮਾਰ ਹੇਠ ਆਏ ਮਾਪਿਆਂ ਦੇ ਜੰਮਣ ਵਾਲੇ ਬੱਚੇ ਅਪੰਗ ਪੈਦਾ ਹੋ ਸਕਦੇ ਹਨ। ਇਸ ਨਾਲ ਮਨੁੱਖ ਦੇ ਅੰਦਰਲੇ ਅੰਗ ਫੇਲ੍ਹ ਹੋ ਸਕਦੇ ਹਨ ਅਤੇ ਵਿਅਕਤੀ ਵਿੱਚ ਏਡਜ਼ ਵਰਗੇ ਲੱਛਣ ਪੈਦਾ ਹੋ ਸਕਦੇ ਹਨ। (14)

ਪਿਛਲੇ ਕੁੱਝ ਸਾਲਾਂ ਦੌਰਾਨ ਜੰਗਾਂ ਵਿੱਚ ਅਮਰੀਕੀ ਅਤੇ ਉਸ ਦੀਆਂ ਭਾਈਵਾਲ ਫੌਜਾਂ ਨੇ ਕਿੰਨਾ ਕੁ ਡਿਪਲੀਟਡ ਯੁਰੇਨੀਅਮ ਵਾਤਾਵਰਣ ਵਿੱਚ ਫੈਲਾਇਆ ਹੈ? ਇਸ ਬਾਰੇ ਵੱਖ ਵੱਖ ਰਿਪੋਰਟਾਂ ਵਿੱਚ ਦਿੱਤੀ ਜਾਣਕਾਰੀ ਵਿੱਚੋਂ ਕੁੱਝ ਅੰਕੜੇ ਸ਼ਾਮਲ ਹਨ। ਦਾਹਰ ਜਮੇਲ ਅਨੁਸਾਰ ਸੰਨ 2003 ਦੇ ਹਮਲੇ ਦੌਰਾਨ ਅਮਰੀਕਾ ਅਤੇ ਬਰਤਾਨੀਆ ਦੀਆਂ ਫੌਜਾਂ ਨੇ ਇਰਾਕ ਵਿੱਚ 1700 ਟੰਨ ਤੋਂ ਵੱਧ ਡਿਪਲੀਟਡ ਯੁਰੇਨੀਅਮ ਵਰਤਿਆ ਸੀ ਅਤੇ 1991 ਦੀ ਖਾੜੀ ਦੀ ਜੰਗ (ਗਲਫ ਵਾਰ) ਦੌਰਾਨ 320 ਟੰਨ ਡਿਪਲੀਟਡ ਯੁਰੇਨੀਅਮ ਵਰਤਿਆ ਗਿਆ ਸੀ। (15) ਬੈਰੀ ਸੈਂਡਰਜ਼ ਅਨੁਸਾਰ ਸੰਨ 1991 ਦੀ ਖਾੜੀ ਜੰਗ ਸਮੇਂ ਅਮਰੀਕੀ ਫੌਜਾਂ ਉੱਤੇ ਬੰਦਸ਼ਾਂ ਸਨ ਕਿ ਉਹ ਡਿਪਲਿਟਡ ਯੁਰੇਨੀਅਨ ਦੀ ਵਰਤੋਂ ਮਾਰੂਥਲ ਵਿੱਚ ਮਨੁੱਖੀ ਵਸੋਂ ਤੋਂ ਦੂਰ ਹੀ ਕਰ ਸਕਦੀਆਂ ਸਨ। ਪਰ 2003 ਦੀ ਇਰਾਕ ਦੀ ਜੰਗ ਦੌਰਾਨ ਇਸ ਤਰ੍ਹਾਂ ਦੀਆਂ ਬੰਦਸ਼ਾਂ ਨਹੀਂ ਸਨ। ਨਤੀਜੇ ਵਜੋਂ ਇਸ ਵਾਰ ਫੌਜ ਵਲੋਂ ਡਿਪਲੀਟਡ ਯੁਰੇਨੀਅਮ ਦੀ ਵਰਤੋਂ ਵਸੋਂ ਵਾਲੇ ਇਲਾਕਿਆਂ ਵਿੱਚ ਵੀ ਕੀਤੀ ਗਈ।(16) ਲਿਉਰੈਨ ਮੋਰੈਟ ਅਨੁਸਾਰ ਸੰਨ 2001 ਵਿੱਚ ਅਫਗਾਨਿਸਤਾਨ ਵਿੱਚ 800 ਤੋਂ 1000 ਟੰਨ ਡਿਪਲੀਟਡ ਯੁਰੇਨੀਅਮ ਵਰਤਿਆ ਗਿਆ ਸੀ। (17)

ਇਰਾਕ ਅਤੇ ਅਫਗਾਨਿਸਤਾਨ ਵਿੱਚ ਡਿਪਲੀਟਡ ਯੁਰੇਨੀਅਮ ਦੀ ਵਰਤੋਂ ਉੱਥੋਂ ਦੇ ਲੋਕਾਂ ਦੀ ਸਿਹਤ ਉੱਪਰ ਬਹੁਤ ਹੀ ਮਾਰੂ ਅਸਰ ਪਾ ਰਹੀ ਹੈ। ਇਰਾਕ ਬਾਰੇ ਛਪੀਆਂ ਬਹੁਤ ਸਾਰੀਆਂ ਰਿਪੋਰਟਾਂ ਅਤੇ ਅਧਿਅਨ ਇਹ ਦਰਸਾਉਂਦੇ ਹਨ ਕਿ ਇਰਾਕ ਦੀਆਂ ਦੋਵੇਂ ਜੰਗਾਂ ਤੋਂ ਬਾਅਦ ਉੱਥੋਂ ਦੇ ਲੋਕਾਂ ਵਿੱਚ ਕੈਂਸਰ ਦੀ ਬੀਮਾਰੀ ਬਹੁਤ ਜ਼ਿਆਦਾ ਵੱਧ ਗਈ ਹੈ। ਇਰਾਕ ਦੀ ਕਲਾਕਾਰਾ ਅਤੇ ਲੇਖਕਾ ਨੁਹਾ ਅਲ ਰਾਦੀ ਦੀ ਡਾਇਰੀ (ਬਗਦਾਦ ਡਾਇਰੀਜ਼) ਵਿੱਚੋਂ ਕੁੱਝ ਸ਼ਬਦ ਇਸ ਸਥਿਤੀ ਦਾ ਇਸ ਤਰ੍ਹਾਂ ਬਿਆਨ ਕਰਦੇ ਹਨ:

> ਜਾਪਦਾ ਹੈ ਕਿ ਹਰ ਕੋਈ ਕੈਂਸਰ ਨਾਲ ਮਰ ਰਿਹਾ ਹੈ। ਹਰ ਰੋਜ਼ ਕਿਸੇ ਦੋਸਤ ਜਾਂ ਮਿੱਤਰ ਦੇ ਮਰਨ ਦੀ ਖਬਰ ਸੁਣਨ ਨੂੰ ਮਿਲਦੀ ਹੈ। ਹਸਪਤਾਲਾਂ ਵਿੱਚ ਹੋਰ ਕਿੰਨੇ ਲੋਕ ਮਰਦੇ ਹਨ ਜਿਹਨਾਂ ਨੂੰ ਅਸੀਂ ਨਹੀਂ ਜਾਣਦੇ। ਜ਼ਾਹਰਾ ਤੌਰ 'ਤੇ 30 ਫੀਸਦੀ ਤੋਂ ਵੱਧ ਇਰਾਕੀ ਲੋਕਾਂ ਨੂੰ ਕੈਂਸਰ ਹੈ, ਅਤੇ ਬਹੁਤ ਸਾਰੇ ਬੱਚਿਆਂ ਨੂੰ ਲਕੀਮੀਆ। ਅਮਰੀਕਾ ਦੇ ਬੰਬਾਂ ਕਾਰਨ ਪਿੱਛੇ ਰਹਿ ਗਏ ਯੁਰੇਨੀਅਮ ਨੇ ਇਰਾਕ ਨੂੰ ਕੈਂਸਰ ਪੀੜਤ ਦੇਸ਼ ਬਣਾ ਦਿੱਤਾ ਹੈ। ਆਉਣ ਵਾਲੇ ਸੈਂਕੜੇ ਸਾਲਾਂ ਦੌਰਾਨ ਡਿਪਲੀਟਡ ਯੁਰੇਨੀਅਮ ਇਰਾਕ ਅਤੇ ਇਸ ਦੇ ਆਲੇ ਦੁਆਲੇ ਦੇ ਇਲਾਕਿਆਂ ਵਿੱਚ ਆਪਣਾ ਕਹਿਰ ਵਰਤਾਉਂਦਾ ਰਹੇਗਾ।(18)

ਫਰਵਰੀ 2010 ਵਿੱਚ ਅਲਜਜ਼ੀਰਾ ਦੇ ਵੈੱਬਸਾਈਟ ਉੱਪਰ ਛਪੇ ਇਕ ਆਰਟੀਕਲ ਵਿੱਚ ਜਲਾਲ ਗਾਜ਼ੀ ਲਿਖਦਾ ਹੈ ਕਿ ਬਗਦਾਦ ਦੇ ਦੱਖਣ ਦੇ ਸੂਬੇ ਬਾਬਿਲ ਵਿੱਚ 2004 ਵਿੱਚ ਕੈਂਸਰ ਦੀ ਬੀਮਾਰੀ ਦੇ 500 ਕੇਸ ਸਨ ਅਤੇ ਸੰਨ 2009 ਵਿੱਚ ਇਹਨਾਂ ਕੇਸਾਂ ਦੀ ਗਿਣਤੀ 9082 ਤੱਕ ਪਹੁੰਚ ਗਈ ਸੀ। ਇਸ ਹੀ ਤਰ੍ਹਾਂ ਸੰਨ 2005 ਵਿੱਚ ਇਰਾਕ ਦੇ ਸ਼ਹਿਰ ਬਸਰੇ ਵਿੱਚ ਕੈਂਸਰ ਦੇ 1885 ਕੇਸ ਸਨ ਅਤੇ ਸੰਨ 2007 ਵਿੱਚ ਇਹ ਗਿਣਤੀ 3071 ਹੋ ਗਈ ਸੀ। ਉੱਥੋਂ ਦੇ ਕੈਂਸਰ ਨਾਲ ਸੰਬੰਧਤ ਸੈਂਟਰ ਦੇ ਡਾਇਰੈਕਟਰ ਦਾ ਕਹਿਣਾ ਹੈ ਕਿ ਹੁਣ ਹਰ ਮਹੀਨੇ 1250 ਤੋਂ 1500 ਕੈਂਸਰ ਦੇ ਮਰੀਜ਼ ਉਸ ਦੇ ਸੈਂਟਰ ਵਿੱਚ ਆਉਂਦੇ ਹਨ।(19)

ਇਹਨਾਂ ਇਲਾਕਿਆਂ ਦੇ ਵਾਤਾਵਰਨ ਵਿੱਚ ਡਿਪਲੀਟਡ ਯੁਰੇਨੀਅਮ ਦੇ ਫੈਲਣ ਕਾਰਨ ਉੱਥੋਂ ਦੇ ਲੋਕਾਂ ਵਿੱਚ ਸਿਰਫ ਕੈਂਸਰ ਦੀ ਬੀਮਾਰੀ ਹੀ ਨਹੀਂ ਵੱਧ ਰਹੀ ਸਗੋਂ ਉੱਥੇ ਜੰਮਣ ਵਾਲੇ ਬੱਚੇ ਵੀ ਅਪੰਗ ਪੈਦਾ ਹੋ ਰਹੇ ਹਨ। ਸੰਨ 2004 ਵਿੱਚ ਅਮਰੀਕਾ ਦੀਆਂ ਫੌਜਾਂ ਨੇ ਫਲੂਜਾ ਉੱਪਰ ਬਹੁਤ ਵੱਡੀ ਬੰਬਾਰੀ ਕੀਤੀ ਸੀ। ਨਤੀਜੇ ਵੱਜੋਂ ਇਸ ਸਮੇਂ ਉੱਥੇ ਜੰਮਣ ਵਾਲੇ 25 ਫੀਸਦੀ ਬੱਚਿਆਂ ਵਿੱਚ ਕੋਈ ਨਾ ਕੋਈ ਗੰਭੀਰ ਵਿਗਾੜ ਹੁੰਦਾ ਹੈ। (20) ਇਕ ਹੋਰ ਰਿਪੋਰਟ ਅਨੁਸਾਰ ਦੱਖਣੀ ਇਰਾਕ ਵਿੱਚ ਬਹੁਤ ਸਾਰੇ ਅਜਿਹੇ ਬੱਚੇ ਪੈਦਾ ਹੋ ਰਹੇ ਹਨ ਜਿਹਨਾਂ ਦੇ ਦਿਮਾਗ ਨਹੀਂ ਹਨ, ਜਿਹਨਾਂ ਦੇ ਅੰਦਰੂਨੀ

ਅੰਗ ਸਰੀਰ ਦੇ ਬਾਹਰ ਹਨ, ਕਈ ਬੱਚਿਆਂ ਦੇ ਜਣਨ-ਅੰਗ ਨਹੀਂ ਹਨ, ਕਈਆਂ ਦੇ ਰੀੜ ਦੀਆਂ ਹੱਡੀਆਂ ਨਹੀਂ ਹਨ। ਇਰਾਕ ਵਿੱਚ ਜੰਮਣ ਵਾਲੇ ਬੱਚਿਆਂ ਵਿੱਚ ਕੋਈ ਗੰਭੀਰ ਵਿਗਾੜ ਹੋਣ ਦਾ ਏਨਾ ਵੱਡਾ ਖਤਰਾ ਹੈ ਕਿ ਆਮ ਤੌਰ 'ਤੇ ਬੱਚੇ ਦੇ ਜਨਮ 'ਤੇ ਮਾਵਾਂ ਇਹ ਨਹੀਂ ਪੁੱਛਦੀਆਂ ਕਿ ਬੱਚਾ ਮੁੰਡਾ ਹੈ ਜਾਂ ਕੁੜੀ ਸਗੋਂ ਇਹ ਪੁੱਛਦੀਆਂ ਹਨ ਕਿ ਬੱਚੇ ਵਿੱਚ ਕੋਈ ਵਿਗਾੜ ਤਾਂ ਨਹੀਂ। (21)

ਅਫਗਾਨਿਸਤਾਨ ਦੇ ਜਿਹਨਾਂ ਇਲਾਕਿਆਂ ਵਿੱਚ ਵੀ ਡਿਪਲੀਟਡ ਯੁਰੇਨੀਅਮ ਵਾਲੇ ਬੰਬਾਂ ਦੀ ਵਰਤੋਂ ਕੀਤੀ ਗਈ ਸੀ, ਉਹਨਾਂ ਇਲਾਕਿਆਂ ਵਿੱਚ ਵੀ ਕਈ ਤਰ੍ਹਾਂ ਨਾਲ ਅਪੰਗ ਬੱਚੇ ਪੈਦਾ ਹੋ ਰਹੇ ਹਨ। ਅਫਗਾਨ ਡਿਪਲੀਟਡ ਯੁਰੇਨੀਅਮ ਅਤੇ ਰੀਕਵਰੀ ਫੰਡ ਦੇ ਡਾਇਰੈਕਟਰ ਡਾ: ਦਾਉਦ ਮਿਰਾਕੀ ਦਾ ਕਹਿਣਾ ਹੈ ਕਿ ਪੱਛਮੀ ਅਤੇ ਦੱਖਣੀ-ਪੱਛਮੀ ਅਫਗਾਨਿਸਤਾਨ ਵਿੱਚ ਜੰਮਣ ਵਾਲੇ ਬੱਚਿਆਂ ਵਿੱਚੋਂ ਕਈਆਂ ਦੇ ਅੱਖਾਂ ਨਹੀਂ ਹੁੰਦੀਆਂ, ਕਈਆਂ ਦੇ ਹੱਥ-ਪੈਰ ਨਹੀਂ ਹੁੰਦੇ ਅਤੇ ਕਈਆਂ ਦੇ ਮੂੰਹਾਂ ਅਤੇ ਅੱਖਾਂ ਵਿੱਚ ਬਾਹਰ ਨੂੰ ਵਧੀਆਂ ਹੋਈਆਂ ਰਸੌਲੀਆਂ ਹੁੰਦੀਆਂ ਹਨ। (22)

ਬੇਸ਼ੱਕ ਅਮਰੀਕੀ ਫੌਜ ਵੱਲੋਂ ਇਹ ਮੰਨਣ ਤੋਂ ਇਨਕਾਰ ਕੀਤਾ ਜਾ ਰਿਹਾ ਹੈ ਕਿ ਇਰਾਕ ਅਤੇ ਅਫਗਾਨਿਸਤਾਨ ਵਿੱਚ ਲੋਕਾਂ ਵਿੱਚਕਾਰ ਇਸ ਤਰ੍ਹਾਂ ਦੀਆਂ ਬੀਮਾਰੀਆਂ ਦੇ ਵਾਧੇ ਅਤੇ ਇਹਨਾਂ ਦੇਸ਼ਾਂ ਦੀਆਂ ਜੰਗਾਂ ਦੌਰਾਨ ਵਰਤੇ ਗਏ ਡਿਪਲੀਟਡ ਯੁਰੇਨੀਅਮ ਦਾ ਕੋਈ ਸੰਬੰਧ ਹੈ, ਪਰ ਬਹੁਤ ਸਾਰੇ ਲੋਕ ਅਤੇ ਡਾਕਟਰ ਇਹ ਦਾਅਵਾ ਕਰ ਰਹੇ ਹਨ ਕਿ ਇਹਨਾਂ ਦੋਹਾਂ ਦਾ ਸਿੱਧਾ ਸੰਬੰਧ ਹੈ। ਜਿਵੇਂ ਪਹਿਲਾਂ ਕਿਹਾ ਜਾ ਚੁੱਕਾ ਹੈ ਕਿ ਇਕ ਵਾਰ ਵਾਤਾਵਰਨ ਵਿੱਚ ਫੈਲਿਆ ਯੁਰੇਨੀਅਮ ਆਉਣ ਵਾਲੇ ਹਜ਼ਾਰਾਂ ਸਾਲਾਂ ਤੱਕ ਰਹਿੰਦਾ ਹੈ, ਇਸ ਲਈ ਇਹ ਨਤੀਜਾ ਕੱਢਣਾ ਕੋਈ ਗਲਤ ਨਹੀਂ ਕਿ ਬੇਸ਼ੱਕ ਇਹ ਜੰਗਾਂ ਖਤਮ ਵੀ ਹੋ ਜਾਣ ਅਤੇ ਵਿਦੇਸ਼ੀ ਫੌਜਾਂ ਇਹਨਾਂ ਦੇਸ਼ਾਂ ਤੋਂ ਬਾਹਰ ਵੀ ਆ ਜਾਣ, ਫਿਰ ਵੀ ਇਹਨਾਂ ਦੇਸ਼ਾਂ ਦੇ ਲੋਕ ਵਾਤਾਵਰਨ ਦੇ ਇਸ ਪ੍ਰਦੂਸ਼ਨ ਕਾਰਨ ਆਉਣ ਵਾਲੇ ਲੰਮੇ ਸਮੇਂ ਤੱਕ ਦੁੱਖ ਝਲਦੇ ਰਹਿਣਗੇ।

ਬੇਸ਼ੱਕ ਇੱਥੇ ਅਸੀਂ ਅਮਰੀਕਾ ਅਤੇ ਉਸ ਦੇ ਭਾਈਵਾਲਾਂ ਵੱਲੋਂ ਡਿਪਲੀਟਡ ਯੁਰੇਨੀਅਮ ਵਾਲੇ ਹਥਿਆਰ ਵਰਤਣ ਦੀਆਂ ਉਦਾਹਰਨਾਂ ਹੀ ਦਿੱਤੀਆਂ ਹਨ ਪਰ ਕੈਂਪਨ ਅਗੇਂਸਟ ਡਿਪਲੀਟਡ ਯੁਰੇਨੀਅਮ ਦੇ ਇਕ ਲੀਫਲੈੱਟ ਅਨੁਸਾਰ ਇਸ ਸਮੇਂ ਦੁਨੀਆ ਵਿੱਚ 18 ਦੇਸ਼ਾਂ ਕੋਲ ਇਹ ਹਥਿਆਰ ਹਨ। ਇਹ ਦੇਸ਼ ਹਨ: ਯੂ.ਕੇ., ਅਮਰੀਕਾ, ਫਰਾਂਸ, ਰੂਸ, ਚੀਨ, ਗਰੀਸ, ਤੁਰਕੀ, ਥਾਈਲੈਂਡ, ਤਾਇਵਾਨ, ਇਜ਼ਰਾਇਲ, ਬਹਿਰੀਨ, ਮਿਸਰ, ਕੁਵੇਤ, ਸਾਉਦੀ ਅਰਬੀਆ, ਹਿੰਦੁਸਤਾਨ, ਬੈਲਰੂਸ, ਪਾਕਿਸਤਾਨ ਅਤੇ ਓਮਾਨ। ਸਾਫ ਹੈ ਕਿ ਇਹਨਾਂ ਦੇਸ਼ਾਂ ਵੱਲੋਂ ਇਹ ਹਥਿਆਰ ਵਰਤੇ ਜਾਣ ਦੀ ਸੰਭਾਵਨਾ ਸਦਾ ਬਣੀ ਰਹੇਗੀ। ਇਹਨਾਂ ਦੇਸ਼ਾਂ ਵਿੱਚ ਬਹੁਤਿਆਂ ਨੂੰ ਇਹ ਹਥਿਆਰ ਅਮਰੀਕਾ ਵੱਲੋਂ ਵੇਚੇ ਗਏ ਹਨ ਪਰ ਯੂ. ਕੇ., ਫਰਾਂਸ ਅਤੇ ਪਾਕਿਸਤਾਨ ਨੇ ਇਹ ਹਥਿਆਰ ਆਪਣੇ ਤੌਰ ਉੱਤੇ ਤਿਆਰ ਕੀਤੇ ਹਨ। (23)

## ਬਾਰੂਦੀ ਸੁਰੰਗਾਂ (ਲੈਂਡ ਮਾਈਨਜ਼) ਅਤੇ ਵਾਤਾਵਰਨ ਦਾ ਨੁਕਸਾਨ

ਯੂਨੀਵਰਸਿਟੀ ਆਫ ਕੈਲੇਫੋਰਨੀਆ ਦੇ ਈਕੋਸਿਸਟਮ ਸਾਇੰਸਜ਼ ਡਿਵੀਜ਼ਨ ਨਾਲ ਸੰਬੰਧਤ ਏ. ਏ. ਬਰ੍ਹੇ ਅਨੁਸਾਰ ਇਸ ਸਮੇਂ ਦੁਨੀਆ ਭਰ ਵਿੱਚ ਧਰਤੀ ਹੇਠ ਵਿਛਾਈਆਂ ਗਈਆਂ ਬਾਰੂਦੀ ਸੁਰੰਗਾਂ (ਲੈਂਡ ਮਾਈਨਜ਼) ਦੀ ਗਿਣਤੀ 8-12 ਕ੍ਰੋੜ ਦੇ ਵਿਚਕਾਰ ਹੈ। ਇਹ ਬਾਰੂਦੀ ਸੁਰੰਗਾਂ ਚਾਰ ਮਹਾਂਦੀਪਾਂ- ਅਫਰੀਕਾ, ਅਮਰੀਕਾ, ਏਸ਼ੀਆ ਅਤੇ ਯੂਰਪ - ਦੇ 90 ਦੇਸ਼ਾਂ ਦੀ ਧਰਤੀ ਹੇਠ ਵਿਛੀਆਂ ਪਈਆਂ ਹਨ। ਇਹਨਾਂ ਵਿੱਚੋਂ ਕਈ ਦੇਸ਼ਾਂ ਵਿੱਚ ਬਾਰੂਦੀ ਸੁਰੰਗਾਂ ਦੀ ਗਿਣਤੀ ਬਹੁਤ ਹੀ ਖਤਰਨਾਕ ਪੱਧਰ ਤੱਕ ਪਹੁੰਚੀ ਹੋਈ ਹੈ। ਉਦਾਹਰਨ ਲਈ ਕੰਬੋਡੀਆ ਅਤੇ ਬੋਸਨੀਆ ਦੇ ਹਰ ਇਕ ਨਾਗਰਿਕ ਦੇ ਹਿੱਸੇ ਧਰਤੀ ਹੇਠ ਵਿਛਾਈ ਇਕ ਇਕ ਬਾਰੂਦੀ ਸੁਰੰਗ ਆਉਂਦੀ ਹੈ। ਅਫਗਾਨਿਸਤਾਨ, ਇਰਾਕ, ਕਰੋਏਸ਼ੀਆ, ਇਰਟੀਰੀਆ ਅਤੇ ਸੁਡਾਨ ਦੇ ਹਰ ਦੋ ਨਾਗਰਿਕਾਂ ਦੇ ਹਿੱਸੇ ਇਕ ਇਕ ਬਾਰੂਦੀ ਸੁਰੰਗ ਆਉਂਦੀ ਹੈ। ਇਹਨਾਂ ਬਾਰੂਦੀ ਸੁਰੰਗਾਂ ਕਾਰਨ ਦੁਨੀਆ ਵਿੱਚ ਹਰ ਹਫਤੇ 800 ਲੋਕ ਮਾਰੇ ਜਾਂਦੇ ਹਨ ਅਤੇ 1200 ਦੇ ਕਰੀਬ ਲੋਕ ਅਪਾਹਜ ਬਣਦੇ ਹਨ। (24) ਧਰਤੀ ਹੇਠ ਵਿਛੀਆਂ ਇਹ ਬਾਰੂਦੀ ਸੁਰੰਗਾਂ ਸਿਰਫ ਏਨੀ ਵੱਡੀ ਗਿਣਤੀ ਵਿੱਚ ਲੋਕਾਂ ਨੂੰ ਮਾਰਦੀਆਂ ਜਾਂ ਅਪਾਹਜ ਹੀ ਨਹੀਂ ਬਣਾਉਂਦੀਆਂ ਸਗੋਂ ਇਹ ਵਾਤਾਵਰਨ ਨੂੰ ਵੀ ਗੰਭੀਰ ਨੁਕਸਾਨ ਪਹੁੰਚਾਉਂਦੀਆਂ ਹਨ।

ਬਾਰੂਦੀ ਸੁਰੰਗਾਂ ਕਾਰਨ ਵਾਤਾਵਰਨ ਨੂੰ ਹੋਣ ਵਾਲਾ ਸਭ ਤੋਂ ਵੱਡਾ ਨੁਕਸਾਨ ਇਹ ਹੈ ਕਿ ਇਹਨਾਂ ਕਾਰਨ ਧਰਤੀ ਦਾ ਬਹੁਤ ਸਾਰਾ ਹਿੱਸਾ ਵਰਤੋਂ ਵਿੱਚ ਨਹੀਂ ਲਿਆਂਦਾ ਜਾ ਸਕਦਾ। ਜੇ ਜ਼ਮੀਨ ਦੇ ਕਿਸੇ ਟੁਕੜੇ ਵਿੱਚ ਇਕ ਵੀ ਬਾਰੂਦੀ ਸੁਰੰਗ ਵਿਛਾਈ ਹੋਣ ਦਾ ਖਤਰਾ ਹੋਵੇ ਤਾਂ ਉਹ ਸਾਰਾ ਟੁਕੜਾ ਵਰਤਿਆ ਨਹੀਂ ਜਾ ਸਕਦਾ। ਇਕ ਅੰਦਾਜ਼ੇ ਅਨੁਸਾਰ ਬਾਰੂਦੀ ਸੁਰੰਗਾਂ ਕਾਰਨ ਇਸ ਸਮੇਂ ਦੁਨੀਆਂ ਭਰ ਵਿੱਚ 9 ਲੱਖ ਵਰਗ ਕਿਲੋਮੀਟਰ (9 ਕਰੋੜ ਹੈਕਟੇਅਰ) ਧਰਤੀ ਵਰਤੋਂ ਦੇ ਅਯੋਗ ਹੋ ਗਈ ਹੈ ਜਾਂ ਨੁਕਸਾਨੀ ਗਈ ਹੈ। ਲਿਬਿਆ ਦੀ 8.9 ਫੀਸਦੀ ਖੇਤੀਯੋਗ ਜ਼ਮੀਨ, ਇਰਟੀਰੀਆ ਦੀ 5 ਫੀਸਦੀ ਧਰਤੀ ਵਿੱਚ ਬਾਰੂਦੀ ਸੁਰੰਗਾਂ ਵਿਛੀਆਂ ਹੋਈਆਂ ਹਨ, ਜਿਸ ਦੇ ਨਤੀਜੇ ਵੱਜੋਂ ਇਸ ਧਰਤੀ ਵਿੱਚ ਖੇਤੀ ਨਹੀਂ ਕੀਤੀ ਜਾ ਸਕਦੀ। (25) ਬੋਸਨੀਆ ਦੇ ਕੁੱਲ ਖੇਤਰਫਲ ਦੇ 3.6 ਫੀਸਦੀ ਹਿੱਸੇ (1820 ਵਰਗ ਕਿਲੋਮੀਟਰ) ਵਿੱਚ ਬਾਰੂਦੀ ਸੁਰੰਗਾਂ ਵਿਛਾਈਆਂ ਹੋਈਆਂ ਹਨ, ਇਸ ਲਈ ਏਨੀ ਧਰਤੀ ਵਰਤੋਂ ਤੋਂ ਬਾਹਰ ਹੈ। (26) ਹਿਊਮਨ ਰਾਈਟਸ ਵਾਚ ਦੀ ਇਕ ਰਿਪੋਰਟ ਅਨੁਸਾਰ ਅਫਗਾਨਿਸਤਾਨ ਵਿੱਚ 72 ਕਰੋੜ 40 ਲੱਖ ਵਰਗ ਮੀਟਰ ਧਰਤੀ ਬਾਰੂਦੀ ਸੁਰੰਗਾਂ ਦੀ ਮਾਰ ਹੇਠ ਹੈ।ਇਹ ਬਾਰੂਦੀ ਸੁਰੰਗਾਂ ਸਾਬਕਾ ਸੋਵੀਅਤ ਯੂਨੀਅਨ ਦੀਆਂ ਫੌਜਾਂ, ਨਾਰਦਰਨ ਅਲਾਇੰਸ ਜਿਹੜੇ ਹੁਣ ਯੂਨਾਇਟਡ ਫਰੰਟ ਦੇ ਨਾਂ ਨਾਲੇ ਜਾਣੇ ਜਾਂਦੇ ਹਨ ਅਤੇ ਅਮਰੀਕਾ ਦੇ ਮਿੱਤਰ ਹਨ ਆਦਿ ਵੱਲੋਂ ਵਿਛਾਈਆਂ ਗਈਆਂ ਹਨ। ਨਾਰਦਰਨ ਅਲਾਇੰਸ ਨੂੰ ਇਹ ਬਾਰੂਦੀ ਸੁਰੰਗਾਂ ਅੱਸੀਵਿਆਂ ਵਿੱਚ ਅਮਰੀਕਾ ਵੱਲੋਂ ਦਿੱਤੀਆਂ ਗਈਆਂ ਸਨ। ਇਹ ਬਾਰੂਦੀ ਸੁਰੰਗਾਂ ਪੇਂਡੂ ਅਤੇ ਸ਼ਹਿਰੀ ਇਲਾਕਿਆਂ ਵਿੱਚ ਚਾਰਗਾਹਾਂ, ਖੇਤੀਯੋਗ ਜ਼ਮੀਨਾਂ, ਸਿੰਚਾਈ ਪ੍ਰਬੰਧਾਂ, ਰਿਹਾਇਸ਼ੀ ਇਲਾਕਿਆਂ, ਸੜਕਾਂ ਅਤੇ ਰਸਤਿਆਂ ਵਿੱਚ ਵਿਛਾਈਆਂ ਗਈਆਂ ਹਨ।(27)

ਖੇਤੀਯੋਗ ਜ਼ਮੀਨ ਵਿੱਚ ਬਾਰੂਦੀ ਸੁਰੰਗਾਂ ਦੇ ਵਿਛੇ ਹੋਣ ਨਾਲ ਉਹਨਾਂ ਦੇਸ਼ਾਂ ਦੇ ਖੇਤੀ-ਉਤਪਾਦਨ ਵਿੱਚ ਕਮੀ ਆਉਂਦੀ ਹੈ ਜਿਹਨਾਂ ਦੇਸ਼ਾਂ ਵਿੱਚ ਬਾਰੂਦੀ ਸੁਰੰਗਾਂ ਦੀ ਸਮੱਸਿਆ ਬਹੁਤ ਗੰਭੀਰ ਹੈ। ਬਰ੍ਹੇ ਸੰਨ 2000 ਵਿੱਚ ਛਪੇ ਇਕ ਅਧਿਅਨ ਦੇ ਹਵਾਲੇ ਨਾਲ ਲਿਖਦਾ ਹੈ ਕਿ ਜੇ ਅਫਗਾਨਿਸਤਾਨ, ਕੰਬੋਡੀਆ, ਬੋਸਨੀਆ ਅਤੇ ਮੋਜ਼ੰਬੀਕ ਵਿੱਚ ਬਾਰੂਦੀ ਸੁਰੰਗਾਂ ਨਾ ਹੁੰਦੀਆਂ ਤਾਂ ਸੰਨ 2000 ਵਿੱਚ ਜੰਗ ਤੋਂ ਪਹਿਲਾਂ ਦੇ ਉਤਪਾਦਨ ਦੇ ਮੁਕਾਬਲੇ ਅਫਗਾਨਿਸਤਾਨ ਵਿੱਚ ਖੇਤੀ ਉਤਪਾਦਨ 88-200 ਫੀਸਦੀ, ਕੰਬੋਡੀਆ ਵਿੱਚ 135 ਫੀਸਦੀ, ਬੋਸਨੀਆ ਵਿੱਚ 11 ਫੀਸਦੀ ਅਤੇ ਮੋਜ਼ੰਬੀਕ ਵਿੱਚ 3.6 ਫੀਸਦੀ ਵੱਧ ਸਕਦਾ ਸੀ। ਇਸ ਦੇ ਨਾਲ ਹੀ ਬਰ੍ਹੇ ਅਫਰੀਕਾ ਦੇ ਸਬ-ਸਹਾਰਾ ਇਲਾਕੇ ਦੀ ਸਥਿਤੀ ਬਾਰੇ ਹਿਸਾਬ ਲਾ ਕੇ ਦਸਦਾ ਹੈ ਕਿ ਜੇ ਦੁਨੀਆਂ ਭਰ ਵਿੱਚ ਬਾਰੂਦੀ ਸੁਰੰਗਾਂ ਕਾਰਨ ਖੇਤੀ ਦੇ ਯੋਗ ਨਾ ਰਹਿ ਗਈ 9 ਲੱਖ ਵਰਗ ਕਿਲੋਮੀਟਰ ਧਰਤੀ ਦੇ ਚੌਥੇ ਹਿੱਸੇ ਵਿੱਚ ਹੀ ਬਾਰੂਦੀ ਸੁਰੰਗਾਂ

ਨਾ ਹੁੰਦੀਆਂ ਅਤੇ ਇਹ ਜ਼ਮੀਨ ਵਾਹੀ ਅਧੀਨ ਹੁੰਦੀ ਤਾਂ ਉਸ ਵਿੱਚੋਂ ਪੈਦਾ ਹੋਣ ਵਾਲੇ ਅਨਾਜ ਨਾਲ ਸਬ-ਸਹਾਰਾ ਇਲਾਕੇ ਦੇ 16 ਲੱਖ ਲੋਕਾਂ ਨੂੰ ਸਾਲ ਭਰ ਲਈ ਖਾਣਾ ਖਿਲਾਇਆ ਜਾ ਸਕਦਾ ਸੀ। (28)

ਇਕ ਵਾਰ ਜਿਹੜੀ ਧਰਤੀ ਵਿੱਚ ਬਾਰੂਦੀ ਸੁਰੰਗਾਂ ਵਿਛ ਜਾਣ, ਉਸ ਧਰਤੀ ਨੂੰ ਸਾਫ ਕਰਕੇ ਦੁਬਾਰਾ ਵਰਤੋਂ ਯੋਗ ਬਣਾਉਣਾ ਬਹੁਤ ਔਖਾ ਅਤੇ ਮਹਿੰਗਾ ਕੰਮ ਹੈ। ਇਸ ਲਈ ਬਾਰੂਦੀ ਸੁਰੰਗਾਂ ਵਾਲੀ ਧਰਤੀ ਵਾਲੇ ਦੇਸ਼ਾਂ ਦੇ ਲੋਕਾਂ ਨੂੰ ਬਾਰੂਦੀ ਸੁਰੰਗਾਂ ਦੇ ਨਤੀਜੇ ਸੈਂਕੜੇ ਸਾਲਾਂ ਤੱਕ ਭੁਗਤਣੇ ਪੈਣਗੇ। ਉਦਾਹਰਨ ਲਈ ਇਕ ਬਾਰੂਦੀ ਸੁਰੰਗ ਨੂੰ ਵਿਛਾਉਣ ਦਾ ਖਰਚਾ 3 ਡਾਲਰ ਆਉਂਦਾ ਪਰ ਉਸ ਨੂੰ ਲੱਭ ਕੇ ਧਰਤੀ ਤੋਂ ਬਾਹਰ ਕੱਢਣ ਦਾ ਖਰਚਾ 300 – 1000 ਡਾਲਰ ਦੇ ਵਿਚਕਾਰ ਹੈ। ਜੇ ਬਾਰੂਦੀ ਸੁਰੰਗਾਂ ਵਿਛਾਉਣ ਦਾ ਕਾਰਜ ਇਕ ਦਮ ਪੂਰੀ ਤਰ੍ਹਾਂ ਬੰਦ ਵੀ ਕਰ ਦਿੱਤਾ ਜਾਵੇ ਤਾਂ ਹੁਣ ਤੱਕ ਵਿਛਾਈਆਂ ਜਾ ਚੁੱਕੀਆਂ ਬਾਰੂਦੀ ਸੁਰੰਗਾਂ ਨੂੰ ਹਟਾਉਣ ਲਈ 33 ਅਰਬ ਡਾਲਰ ਖਰਚ ਆਉਣਗੇ ਅਤੇ ਜਿੰਨੇ ਲੋਕ ਇਸ ਕੰਮ ਵਿੱਚ ਲੱਗੇ ਹੋਏ ਹਨ ਅਤੇ ਇਹਨਾਂ ਨੂੰ ਹਟਾਉਣ ਲਈ ਜਿਸ ਤਰ੍ਹਾਂ ਦੀ ਤਕਨੌਲੋਜੀ ਮੌਜੂਦ ਹੈ, ਉਸ ਦੇ ਹਿਸਾਬ ਨਾਲ ਦੁਨੀਆ ਵਿੱਚ ਹੁਣ ਤੱਕ ਵਿਛਾਈਆਂ ਜਾ ਚੁੱਕੀਆਂ ਬਾਰੂਦੀ ਸੁਰੰਗਾਂ ਨੂੰ ਹਟਾਉਣ ਲਈ 1100 ਸਾਲ ਲੱਗਣਗੇ।(29)

### ਹਥਿਆਰਾਂ ਦੇ ਉਤਪਾਦਨ ਅਤੇ ਸੰਭਾਲ ਦੌਰਾਨ ਵਾਤਾਵਰਨ ਦਾ ਨੁਕਸਾਨ

ਹਥਿਆਰਾਂ ਦੇ ਉਤਪਾਦਨ, ਸੰਭਾਲ, ਮੁਰੰਮਤ ਅਤੇ ਢੋਆ-ਢੁਆਈ ਦੌਰਾਨ ਵੱਡੀ ਪੱਧਰ ਉੱਤੇ ਜ਼ਹਿਰੀਲੇ ਪਦਾਰਥ ਪੈਦਾ ਹੁੰਦੇ ਹਨ ਅਤੇ ਵਾਤਾਵਰਨ ਦਾ ਨੁਕਸਾਨ ਕਰਦੇ ਹਨ। ਇਸ ਸੰਬੰਧ ਵਿੱਚ ਅਸੀਂ ਜੀਵ-ਵਿਗਿਆਨਕ (ਬਾਇਓਲੌਜੀਕਲ), ਰਸਾਇਣਕ (ਕੈਮੀਕਲ) ਅਤੇ ਪਰਮਾਣੂ (ਨਿਊਕਲੀਅਰ) ਹਥਿਆਰਾਂ ਦੇ ਸੰਬੰਧ ਵਿੱਚ ਕੁੱਝ ਉਦਾਹਰਨਾਂ ਦੇਖ ਸਕਦੇ ਹਾਂ।

ਫਿਜੀਸ਼ਨ ਫਾਰ ਗਲੋਬਲ ਸਰਵਾਈਵਲ (ਕੈਨੇਡਾ) ਲਈ ਸੰਨ 2004 ਵਿੱਚ ਤਿਆਰ ਕੀਤੀ ਆਪਣੀ ਰਿਪੋਰਟ ਵਿੱਚ ਅਬੀਰ ਮਜੀਦ ਲਿਖਦਾ ਹੈ ਕਿ ਦੂਜੀ ਸੰਸਾਰ ਜੰਗ ਦੇ ਅਖੀਰ 'ਤੇ ਤਕਰੀਬਨ ਤਕਰੀਬਨ ਉਸ ਲੜਾਈ ਵਿੱਚ ਹਿੱਸਾ ਲੈਣ ਵਾਲੇ ਹਰ ਵੱਡੇ ਦੇਸ਼ ਦਾ ਆਪਣਾ ਆਪਣਾ **ਬਾਇਓਲੌਜੀਕਲ ਹਥਿਆਰ** ਬਣਾਉਣ ਦਾ ਪ੍ਰੋਗਰਾਮ ਸੀ। ਇਹ ਹਥਿਆਰ ਬਣਾਉਣ ਵਾਲੀਆਂ ਅਤੇ ਇਹਨਾਂ ਹਥਿਆਰਾਂ ਨੂੰ ਟੈਸਟ ਕਰਨ ਵਾਲੀਆਂ ਥਾਂਵਾਂ ਅਜੇ ਵੀ ਬੀਮਾਰੀਆਂ ਦੇ ਭੰਡਾਰ ਹਨ। ਮਜੀਦ ਨੇ ਆਪਣੀ ਰਿਪੋਰਟ ਵਿੱਚ ਅਮਰੀਕਾ, ਸਾਬਕਾ ਸੋਵੀਅਤ ਯੂਨੀਅਨ, ਯੂ. ਕੇ. ਅਤੇ ਜਾਪਾਨ ਦੀਆਂ ਮੁੱਖ ਥਾਂਵਾਂ ਦੀ ਲਿਸਟ ਦਿੱਤੀ ਹੈ। ਉਸ ਅਨੁਸਾਰ ਅਮਰੀਕਾ ਨੇ 6 ਬਾਇਓਲੌਜੀਕਲ ਏਜੰਟਾਂ ਦਾ ਹਥਿਆਰਾਂ ਵਿੱਚ ਇਸਤੇਮਾਲ ਕੀਤਾ ਸੀ ਅਤੇ 23 ਹੋਰ ਏਜੰਟਾਂ ਉੱਤੇ ਖੋਜ ਕੀਤੀ ਸੀ। (ਇੱਥੇ ਏਜੰਟ ਤੋਂ ਭਾਵ ਹੈ ਕੋਈ ਵੀ ਅਜਿਹਾ ਬੈਕਟੀਰੀਆ ਜਾਂ ਵਾਇਰਸ ਜਾਂ ਜ਼ਹਿਰੀਲਾ ਪਦਾਰਥ ਜਿਸ ਦੀ ਜੰਗ ਵਿੱਚ ਬਾਇਓਲੌਜੀਕਲ ਹਥਿਆਰ ਵਜੋਂ ਵਰਤੋਂ ਕੀਤੀ ਜਾ ਸਕੇ।) ਸਾਬਕਾ ਸੋਵੀਅਤ ਯੂਨੀਅਨ ਨੇ 10 ਬਾਇਓਲੌਜੀਕਲ ਏਜੰਟਾਂ ਦਾ ਹਥਿਆਰਾਂ ਵਿੱਚ ਇਸਤੇਮਾਲ ਕੀਤਾ ਸੀ ਅਤੇ 16 ਹੋਰ ਏਜੰਟਾਂ ਉੱਤੇ ਖੋਜ ਕੀਤੀ ਸੀ। ਯੂ. ਕੇ. ਨੇ ਐਂਥਰੈਕਸ ਦਾ ਹਥਿਆਰਾਂ ਵਿੱਚ ਇਸਤੇਮਾਲ ਕੀਤਾ ਸੀ ਅਤੇ ਇਸ ਤੋਂ ਬਿਨਾਂ ਪਲੇਗ, ਟਾਈਫਾਈਡ ਅਤੇ ਬੌਟੂਲਿਨ ਟੌਕਸਿਨ ਉੱਤੇ ਖੋਜ ਕੀਤੀ ਸੀ। ਜਾਪਾਨ ਨੇ 8 ਬਾਇਓਲੌਜੀਕਲ ਏਜੰਟਾਂ ਦਾ ਹਥਿਆਰਾਂ ਵਿੱਚ ਇਸਤੇਮਾਲ ਕੀਤਾ ਸੀ ਅਤੇ 9 ਹੋਰ ਏਜੰਟਾਂ ਉੱਤੇ ਖੋਜ ਕੀਤੀ ਸੀ। (30)

ਜਨੇਵਾ ਸਥਿੱਤ ਇੰਟਰਨੈਸ਼ਨਲ ਪੀਸ ਬਿਓਰੋ ਵੱਲੋਂ ਸੰਨ 2002 ਪ੍ਰਕਾਸ਼ਤ ਕੀਤੇ ਇਕ ਅਧਿਅਨ *"ਦੀ ਮਿਲਟਰੀਜ਼ ਇੰਪੈਕਟ ਆਨ ਦੀ ਇਨਵਾਇਰਮੈਂਟ: ਏ ਨੈਗਲੈਕਟਡ ਐਸਪੈਕਟ ਆਫ ਦੀ ਸਸਟੇਨੇਬਲ ਡਿਵੈਲਪਮੈਂਟ ਰਿਪੋਰਟ"* ਵਿੱਚ ਦਾਅਵਾ ਕੀਤਾ ਗਿਆ ਸੀ ਕਿ ਅਮਰੀਕਾ ਕੁੱਝ ਅਜਿਹੇ ਫੰਗੀ (ਉੱਲੀਆਂ) ਅਤੇ ਵਾਇਰਸਾਂ ਉੱਤੇ ਖੋਜ ਕਰ ਰਿਹਾ ਸੀ ਜਿਹੜੇ ਅਫੀਮ, ਡੋਡਿਆਂ, ਭੰਗ ਅਤੇ ਕੋਕਾ ਦੇ ਬੂਟਿਆਂ ਦਾ ਨਾਸ਼ ਕਰ ਸਕਣਗੇ। ਇਹਨਾਂ ਵਾਇਰਸਾਂ ਨੂੰ ਉਹਨਾਂ ਥਾਂਵਾਂ ਉੱਤੇ ਵਰਤਣ ਦੀ ਯੋਜਨਾ ਸੀ ਜਿੱਥੇ ਅਫੀਮ, ਡੋਡਿਆਂ, ਭੰਗ ਅਤੇ ਕੋਕੇ ਦੀ ਗੈਰ-ਕਾਨੂੰਨੀ ਖੇਤੀ ਕੀਤੀ ਜਾਂਦੀ ਹੈ। ਅਮਰੀਕਾ ਕੋਲੰਬੀਆ ਅਤੇ ਬਰਮਾ ਵਰਗੇ ਦੇਸ਼ਾਂ ਉੱਤੇ ਇਹਨਾਂ ਵਾਇਰਸਾਂ ਦੀ ਵਰਤੋਂ ਕਰਨ ਲਈ ਜ਼ੋਰ ਪਾ ਰਿਹਾ ਸੀ। ਇਸ ਅਧਿਅਨ ਵਿੱਚ ਇਹ ਫਿਕਰ ਜ਼ਾਹਰ ਕੀਤਾ ਗਿਆ ਸੀ ਕਿ ਅਮਰੀਕਾ ਵੱਲੋਂ ਅਜਿਹਾ ਕਰਨ ਨਾਲ ਬਾਇਓਲੌਜੀਕਲ ਹਥਿਆਰਾਂ ਦੀ ਵਰਤੋਂ ਬਾਰੇ ਅੰਤਰਰਾਸ਼ਟਰੀ ਮਨਾਹੀਆਂ ਦੇ ਕਮਜ਼ੋਰ ਹੋਣ ਅਤੇ ਮਨੁੱਖੀ ਸਿਹਤ ਅਤੇ ਵਾਤਾਵਰਨ ਨੂੰ ਨੁਕਸਾਨ ਹੋਣ ਦਾ ਵੱਡਾ ਖਤਰਾ ਹੈ। ਅਧਿਅਨ ਅਨੁਸਾਰ ਜੇ ਇਹਨਾਂ ਫੰਗੀ (ਉੱਲੀਆਂ) ਦੀ ਵਰਤੋਂ ਕੀਤੀ ਗਈ ਤਾਂ ਉਹਨਾਂ ਉੱਤੇ ਕੰਟਰੋਲ ਕਰਨਾ ਬਹੁਤ ਮੁਸ਼ਕਿਲ ਹੋਵੇਗਾ ਅਤੇ ਉਹ ਵਰਤੋਂ ਦੇ ਆਪਣੇ ਮਿੱਥੇ ਇਲਾਕੇ ਤੋਂ ਬਾਹਰ ਜਾ ਕੇ ਵਾਤਾਵਰਨ ਦੀ ਪ੍ਰਦੂਸ਼ਨਤਾ ਦਾ ਕਾਰਨ ਬਣ ਜਾਣਗੇ।(31)

ਬਾਇਓਲੌਜੀਕਲ ਹਥਿਆਰਾਂ ਦੇ ਉਤਪਾਦਨ ਤੋਂ ਬਿਨਾਂ ਇਹਨਾਂ ਨੂੰ ਸੰਭਾਲਣ ਅਤੇ ਇਹਨਾਂ ਨੂੰ ਨਸ਼ਟ ਕਰਨ ਸਮੇਂ ਵੀ ਵਾਤਾਵਰਨ ਦੇ ਪ੍ਰਦੂਸ਼ਨ ਦਾ ਖਤਰਾ ਬਣਿਆ ਰਹਿੰਦਾ ਹੈ। ਇਸ ਸੰਬੰਧ ਵਿੱਚ ਸਾਬਕਾ ਸੋਵੀਅਤ ਯੂਨੀਅਨ ਵੱਲੋਂ ਐਂਥਰੈਕਸ ਨੂੰ ਧਰਤੀ ਹੇਠ ਦੱਬਣ ਦੀ ਉਦਾਹਰਨ ਦੇਖੀ ਜਾ ਸਕਦੀ ਹੈ। ਸੰਨ 1988 ਵਿੱਚ ਸੋਵੀਅਤ ਯੂਨੀਅਨ ਦੇ ਵਿਗਿਆਨੀਆਂ ਨੇ ਸੈਂਕੜੇ ਟੰਨ ਐਂਥਰੈਕਸ ਸਟੇਨਲੈੱਸ ਸਟੀਲ ਦੇ ਢੋਲਾਂ ਵਿੱਚ ਪਾ ਕੇ ਅਰਲ ਸਮੁੰਦਰ ਦੇ ਇਕ ਟਾਪੂ – ਵੋਜ਼ਰੋਦੀਨਿਆ ਆਈਲੈਂਡ – ਉੱਪਰ 11 ਟੋਇਆਂ ਵਿੱਚ ਦੱਬ ਦਿੱਤੀ ਸੀ। ਇਸ ਐਂਥਰੈਕਸ ਨੂੰ ਧਰਤੀ ਹੇਠ ਦੱਬਣ ਤੋਂ ਪਹਿਲਾਂ ਢੋਲਾਂ ਵਿੱਚ ਇਸ ਉੱਪਰ ਬਲੀਚ ਪਾਇਆ ਗਿਆ ਸੀ ਤਾਂਕਿ ਐਂਥਰੈਕਸ ਦੇ ਬੀਜਾਣੂਆਂ ਨੂੰ ਨਸ਼ਟ ਕੀਤਾ ਜਾ ਸਕੇ। ਸੰਨ 1999 ਵਿੱਚ ਜਦੋਂ ਉਸ ਥਾਂ ਦੀ ਮਿੱਟੀ ਦੇ ਟੈੱਸਟ ਕੀਤੇ ਗਏ ਜਿੱਥੇ ਇਹ ਐਂਥਰੈਕਸ ਦੱਬੀ ਗਈ ਸੀ ਤਾਂ ਟੈੱਸਟਾਂ ਦੇ ਨਤੀਜਿਆਂ ਤੋਂ ਪਤਾ ਲੱਗਿਆ ਸੀ ਕਿ ਇਕ ਦਹਾਕੇ ਬਾਅਦ ਵੀ ਐਂਥਰੈਕਸ ਦੇ ਕਈ ਬੀਜਾਣੂ ਜ਼ਿੰਦਾ ਸਨ। ਇਹਨਾਂ ਨਤੀਜਿਆਂ ਨੂੰ ਦੇਖਦਿਆਂ ਉਜ਼ੇਬਿਕਸਤਾਨ ਅਤੇ ਕਜ਼ਾਖਸਤਾਨ (ਜਿਹਨਾਂ ਦੋ ਦੇਸ਼ਾਂ ਦਾ ਉਸ ਸਮੇਂ ਇਸ ਟਾਪੂ 'ਤੇ ਕੰਟਰੋਲ ਸੀ) ਦੇ ਮਾਹਰਾਂ ਨੇ ਫਿਕਰ ਜ਼ਾਹਰ ਕੀਤਾ ਸੀ ਕਿ ਜੇ ਇਹ ਜੀਵਤ ਬੀਜਾਣੂ ਕਿਸੇ ਤਰੀਕੇ ਨਾਲ ਉਹਨਾਂ ਦੀ ਧਰਤੀ ਉੱਤੇ ਪਹੁੰਚ ਜਾਣ ਤਾਂ ਉਹ ਇਹਨਾਂ ਦੇਸ਼ਾਂ ਦੇ ਵਸ਼ਿੰਦਿਆਂ ਲਈ ਸਿਹਤ ਨੂੰ ਖਤਰਾ ਬਣ ਸਕਦੇ ਹਨ। (32)

ਬੇਸ਼ੱਕ ਸੰਨ 1997 ਵਿੱਚ ਲਾਗੂ ਹੋਈ ਕੈਮੀਕਲ ਵੈਪਨਜ਼ ਕਨਵੈਨਸ਼ਨ (ਸੀ ਡਬਲਿਊ ਸੀ) ਅਨੁਸਾਰ **ਰਸਾਇਣਕ (ਕੈਮੀਕਲ) ਹਥਿਆਰਾਂ** ਦੇ ਉਤਪਾਦਨ ਅਤੇ ਜੰਗ ਵਿੱਚ ਉਹਨਾਂ ਦੀ ਵਰਤੋਂ 'ਤੇ ਮਨਾਹੀ ਹੈ ਫਿਰ ਵੀ ਇਕ ਲੰਮਾਂ ਸਮਾਂ ਦੁਨੀਆ ਦੇ ਵੱਖ ਵੱਖ ਦੇਸ਼ ਇਹਨਾਂ ਹਥਿਆਰਾਂ ਦਾ ਉਤਪਾਦਨ ਕਰਦੇ ਰਹੇ ਹਨ ਅਤੇ ਇਸ ਸਮੇਂ ਦੌਰਾਨ ਇਹ ਹਥਿਆਰ ਬਣਾਉਣ ਵਾਲੀਆਂ ਥਾਂਵਾਂ ਵਾਤਾਵਰਨ ਵਿੱਚ ਪ੍ਰਦੂਸ਼ਨ ਫੈਲਾਉਣ ਦਾ ਕਾਰਨ ਬਣਦੀਆਂ ਰਹੀਆਂ ਹਨ। ਇਸ ਸੰਬੰਧ ਵਿੱਚ ਅਮਰੀਕਾ ਦੇ ਸੂਬੇ ਕੌਲਰੈਡੋ ਵਿੱਚਲੀ ਥਾਂ ਰੌਕੀ ਮਾਊਂਟੇਨ ਅਰਸਨਲ ਦੀ ਉਦਾਹਰਨ ਦੇਖੀ ਜਾ ਸਕਦੀ ਹੈ। ਨਰਵ ਗੈਸ ਦੇ ਹਥਿਆਰ ਬਣਾਉਣ ਵਾਲੀ ਇਸ ਥਾਂ ਉੱਪਰ1950ਵਿਆਂ ਤੋਂ ਬਾਅਦ ਹਜ਼ਾਰਾਂ ਟੰਨ ਜ਼ਹਿਰੀਲੇ ਪਦਾਰਥਾਂ ਦਾ ਭੰਡਾਰ ਰੱਖਿਆ

ਗਿਆ ਸੀ। ਪਹਿਲਾਂ ਪਹਿਲ ਹਥਿਆਰਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੀ ਰਹਿੰਦ-ਖੂਹੰਦ ਨੂੰ ਉਂਝ ਹੀ ਹਥਿਆਰਾਂ ਦੀ ਫੈਕਟਰੀ ਦੀ ਥਾਂ ਉੱਪਰ ਸੁੱਟ ਦਿੱਤਾ ਜਾਂਦਾ ਰਿਹਾ। ਫਿਰ ਜਦੋਂ ਇਹ ਪਤਾ ਲੱਗਾ ਕਿ ਇਸ ਰਹਿੰਦ ਖੂਹੰਦ ਵਿੱਚਲੇ ਕੁੱਝ ਜ਼ਹਿਰੀਲੇ ਪਦਾਰਥਾਂ ਨੇ ਰਿਸ ਕੇ ਧਰਤੀ ਹੇਠਲੇ ਪਾਣੀ ਨੂੰ ਪ੍ਰਦੂਸ਼ਤ ਕਰ ਦਿੱਤਾ ਹੈ ਅਤੇ ਇਸ ਪਾਣੀ ਨਾਲ ਸਿੰਜੀਆਂ ਫਸਲਾਂ ਤਬਾਹ ਹੋਣ ਲੱਗੀਆਂ ਹਨ ਤਾਂ ਇਸ ਰਹਿੰਦ ਖੂੰਹਦ ਨੂੰ ਧਰਤੀ ਹੇਠ 2.5 ਮੀਲ ਡੂੰਘਾ ਬੋਰ ਕਰ ਕੇ ਸੁੱਟਣਾ ਸ਼ੁਰੂ ਕਰ ਦਿੱਤਾ। ਅਜਿਹਾ ਕਰਨ ਦੇ ਪਹਿਲੇ ਪੰਜ ਸਾਲਾਂ ਦੌਰਾਨ ਹੀ 16 ਕ੍ਰੋੜ 50 ਲੱਖ ਗੈਲਨ ਰਸਾਇਣਕ ਅਤੇ ਬਾਇਓਲੌਜੀਕਲ ਰਹਿੰਦ ਖੂਹੰਦ ਧਰਤੀ ਹੇਠ ਸੁੱਟ ਦਿੱਤੀ ਗਈ। (33) ਇਕ ਸਮੇਂ ਅਮਰੀਕਾ ਵਿੱਚ ਰਸਾਇਣਕ ਅਤੇ ਬਾਇਓਲੌਜੀਕਲ ਹਥਿਆਰ ਬਣਾਉਣ ਦੀਆਂ 150 ਲੈਬਾਰਟਰੀਆਂ ਸਨ। (34) ਰੌਕੀ ਮਾਉਂਟੇਨ ਵਿਚਲੀ ਥਾਂ ਬਾਰੇ ਉੱਪਰ ਦੱਸੇ ਅੰਕੜਿਆਂ ਨੂੰ ਧਿਆਨ ਵਿੱਚ ਰੱਖਦਿਆਂ ਅਸੀਂ ਸਹਿਜੇ ਹੀ ਅੰਦਾਜ਼ਾ ਲਾ ਸਕਦੇ ਹਾਂ ਕਿ ਸਮੁੱਚੇ ਅਮਰੀਕਾ ਵਿੱਚਲੀਆਂ 150 ਲੈਬਾਰਟਰੀਆਂ ਕਾਰਨ ਕਿੰਨੀ ਕੁ ਜ਼ਹਿਰੀਲੀ ਰਹਿੰਦ ਖੂੰਹਦ ਵਾਤਾਵਰਨ ਵਿੱਚ ਸੁੱਟੀ ਗਈ ਹੋਵੇਗੀ। ਰਸਾਇਣਕ ਹਥਿਆਰਾਂ ਦੇ ਉਤਪਾਦਨ ਦੌਰਾਨ ਵਾਤਾਵਰਨ ਦੇ ਪ੍ਰਦੂਸ਼ਨ ਦੀ ਸਥਿਤੀ ਸਾਬਕਾ ਸੋਵੀਅਤ ਯੂਨੀਅਨ ਵਿੱਚ ਵੀ ਅਮਰੀਕਾ ਵਰਗੀ ਹੀ ਸੀ। ਉਦਾਹਰਨ ਲਈ ਸਾਬਕਾ ਸੋਵੀਅਤ ਯੂਨੀਅਨ ਦਾ ਸ਼ਹਿਰ ਜ਼ੈਰਹਿੰਸਕ ਰਸਾਇਣਕ ਹਥਿਆਰ ਉਤਪਾਦਨ ਦਾ ਕੇਂਦਰ ਰਿਹਾ ਸੀ ਅਤੇ ਉਸ ਸ਼ਹਿਰ ਦੇ ਵਾਤਾਵਰਨ ਵਿੱਚ ਡਾਇਔਕਸਿਨ ਦੀ ਮਾਤਰਾ ਦੁਨੀਆਂ ਭਰ ਵਿੱਚੋਂ ਸਭ ਤੋਂ ਜ਼ਿਆਦਾ ਸੀ। (35) ਡਾਇਔਕਸਿਨ ਇਕ ਅਜਿਹਾ ਜ਼ਹਿਰੀਲਾ ਰਸਾਇਣ (ਕੈਮੀਕਲ) ਹੈ ਜੋ ਕੈਂਸਰ ਰੋਗ ਦਾ ਕਾਰਨ ਹੋਣ ਦੇ ਨਾਲ ਕਈ ਹੋਰ ਢੰਗਾਂ ਨਾਲ ਮਨੁੱਖੀ ਸਿਹਤ ਨੂੰ ਨੁਕਸਾਨ ਪਹੁੰਚਾ ਸਕਦਾ ਹੈ।

ਰਸਾਇਣਕ ਹਥਿਆਰਾਂ ਨੂੰ ਨਸ਼ਟ ਕਰਨ ਦਾ ਕਾਰਜ ਵਾਤਾਵਰਨ ਨੂੰ ਦੂਸ਼ਿਤ ਕਰਨ ਵਿੱਚ ਵੱਡਾ ਰੋਲ ਨਿਭਾਉਂਦਾ ਹੈ। ਦੂਜੀ ਸੰਸਾਰ ਜੰਗ ਤੋਂ ਲੈ ਕੇ ਸੱਤਰਵਿਆਂ ਦੇ ਸ਼ੁਰੂ ਤੱਕ ਰਸਾਇਣਕ ਹਥਿਆਰਾਂ ਨੂੰ ਨਸ਼ਟ ਕਰਨ ਲਈ ਉਹਨਾਂ ਨੂੰ ਸਮੁੰਦਰ ਵਿੱਚ ਸੁੱਟ ਦਿੱਤਾ ਜਾਂਦਾ ਸੀ। ਸੰਨ 1945 ਤੋਂ ਲੈ ਕੇ ਸੰਨ 1970 ਤੱਕ ਰਸਾਇਣਕ ਹਥਿਆਰਾਂ ਨੂੰ ਸਮੁੰਦਰ ਵਿੱਚ ਸੁੱਟਣ ਦੀਆਂ 100 ਤੋਂ ਵੱਧ ਘਟਨਾਵਾਂ ਵਾਪਰੀਆਂ ਸਨ। ਇਸ ਸਮੇਂ ਦੌਰਾਨ ਅਰਕਟਿਕ ਮਹਾਂਸਾਗਰ ਦੇ ਸਿਵਾਏ ਹਰ ਇਕ ਮਹਾਂਸਾਗਰ ਵਿੱਚ ਰਸਾਇਣਕ ਹਥਿਆਰ ਸੁੱਟੇ ਗਏ। (36) ਸੰਨ 1945-48 ਦੌਰਾਨ ਅਮਰੀਕਾ ਨੇ ਦੂਜੀ ਸੰਸਾਰ ਜੰਗ ਦੇ ਖਾਤਮੇ ਤੋਂ ਬਾਅਦ ਜਰਮਨੀ ਤੋਂ ਕਬਜ਼ੇ ਵਿੱਚ ਕੀਤੇ 32,000 ਟੰਨ ਰਸਾਇਣਕ ਹਥਿਆਰ ਸਮੁੰਦਰ ਵਿੱਚ ਸੁੱਟੇ। ਇਸ ਹੀ ਸਮੇਂ ਦੌਰਾਨ ਬਰਤਾਨੀਆ ਨੇ 1, 75000 ਟੰਨ ਰਸਾਇਣਕ ਹਥਿਆਰ ਸਮੁੰਦਰ ਵਿੱਚ ਸੁੱਟੇ ਜਿਹਨਾਂ ਵਿੱਚ 1,00000 ਟੰਨ ਸਕਾਟਲੈਂਡ ਤੋਂ ਸਨ ਅਤੇ ਬਾਕੀ ਦੇ ਜਰਮਨ ਤੋਂ ਕਬਜ਼ੇ ਵਿੱਚ ਲਏ ਗਏ ਸਨ। ਸੰਨ 1955-57 ਦੌਰਾਨ ਬਰਤਾਨੀਆ ਨੇ 25000 ਟੰਨ ਹੋਰ ਰਸਾਇਣਕ ਹਥਿਆਰ ਸਮੁੰਦਰ ਵਿੱਚ ਸੁੱਟੇ ਜਿਹੜੇ ਉਸ ਨੇ ਜਰਮਨੀ ਤੋਂ ਆਪਣੇ ਕਬਜ਼ੇ ਹੇਠ ਲਏ ਸਨ। (37) ਇਸ ਹੀ ਤਰ੍ਹਾਂ ਦੂਜੀ ਸੰਸਾਰ ਜੰਗ ਤੋਂ ਬਾਅਦ ਸੋਵੀਅਤ ਯੂਨੀਅਨ ਨੇ ਗੋਟਲੈਂਡ ਅਤੇ ਬੌਰਨਹੌਲਮ ਆਈਲੈਂਡ ਦੇ ਨੇੜੇ ਦੇ ਸਮੁੰਦਰ ਵਿੱਚ 30,000 ਟੰਨ ਰਸਾਇਣਕ ਹਥਿਆਰ ਸੁੱਟੇ ਸਨ। (38) ਵੱਖ ਵੱਖ ਰਿਪੋਰਟਾਂ/ਅਧਿਅਨਾਂ ਵਿੱਚ ਵੱਖ ਵੱਖ ਸ੍ਰੋਤਾਂ ਤੋਂ ਲੈ ਕੇ ਦਿੱਤੇ ਅੰਕੜੇ ਇਕ ਦੂਸਰੇ ਨਾਲ ਮੇਲ ਨਹੀਂ ਖਾਂਦੇ, ਇਸ ਲਈ ਪੱਕੇ ਤੌਰ ਉੱਤੇ ਇਹ ਕਹਿਣਾ ਬਹੁਤ ਮੁਸ਼ਕਿਲ ਹੈ ਕਿ ਕਿੰਨੇ ਰਸਾਇਣਕ ਹਥਿਆਰ ਸਮੁੰਦਰ ਵਿੱਚ ਸੁੱਟੇ ਗਏ ਹਨ। ਇਹ ਜਾਣ ਲੈਣਾ ਹੀ ਕਾਫੀ ਹੈ ਕਿ ਦੁਨੀਆਂ ਦੇ ਵੱਖ ਵੱਖ ਦੇਸ਼ਾਂ ਵੱਲੋਂ ਲੱਖਾਂ ਟੰਨ ਰਸਾਇਣਕ ਹਥਿਆਰ ਦੁਨੀਆਂ ਦੇ ਵੱਖ ਵੱਖ ਸਮੁੰਦਰਾਂ ਵਿੱਚ ਸੁੱਟੇ ਗਏ ਹਨ।

ਸਮੁੰਦਰਾਂ ਵਿੱਚ ਸੁੱਟੇ ਇਹਨਾਂ ਰਸਾਇਣਕ ਹਥਿਆਰਾਂ ਦੇ ਸਮੁੰਦਰੀ ਵਾਤਾਵਰਨ ਅਤੇ ਜੀਵ ਜੰਤੂਆਂ ਉੱਤੇ ਕਿਸ ਤਰ੍ਹਾਂ ਦੇ ਅਸਰ ਪਏ ਹਨ, ਇਸ ਬਾਰੇ ਪੱਕਾ ਪਤਾ ਨਹੀਂ ਕਿਉਂਕਿ ਇਸ ਬਾਰੇ ਬਹੁਤ ਘੱਟ ਖੋਜ ਹੋਈ ਹੈ। ਕੀ ਇਹ ਹਥਿਆਰ ਲੰਮਾ ਸਮਾਂ ਸਮੁੰਦਰ ਵਿੱਚ ਰਹਿ ਕੇ ਖਰਾਬ ਹੋ ਕੇ ਲੀਕ ਕਰਨ ਲੱਗ ਸਕਦੇ ਹਨ ਜਾਂ ਨਹੀਂ, ਇਹਨਾਂ ਹਥਿਆਰਾਂ ਵਿੱਚ ਵਰਤੇ ਰਸਾਇਣਕ ਪਦਾਰਥ ਪਾਣੀ ਵਿੱਚ ਕਿਸ ਤਰ੍ਹਾਂ ਦੀ ਪ੍ਰਤਿਕ੍ਰਿਆ ਕਰਨਗੇ, ਇਸ ਬਾਰੇ ਵੀ ਕੋਈ ਸਪਸ਼ਟ ਰਿਪੋਰਟਾਂ/ਅਧਿਅਨ ਨਹੀਂ ਹਨ। ਫੌਜਾਂ ਵਲੋਂ ਰੱਖੇ ਜਾਂਦੇ ਭੇਦ ਕਾਰਨ ਨਾ ਹੀ ਸਮੁੰਦਰਾਂ ਵਿੱਚ ਉਹਨਾਂ ਸਾਰੀਆਂ ਥਾਂਵਾਂ ਬਾਰੇ ਪਤਾ ਹੈ ਜਿੱਥੇ ਜਿੱਥੇ ਰਸਾਇਣਕ ਹਥਿਆਰ ਸੁੱਟੇ ਗਏ ਸਨ। ਪਰ ਸਮੁੰਦਰ ਵਿੱਚ ਸੁੱਟੇ ਹਥਿਆਰਾਂ ਦੇ ਲੀਕ ਹੋਣ ਦੀਆਂ ਕੁੱਝ ਰਿਪੋਰਟਾਂ ਜ਼ਰੂਰ ਮਿਲਦੀਆਂ ਹਨ। ਅਬੀਰ ਮਜੀਦ ਅਨੁਸਾਰ ਸੰਨ 1985 ਅਤੇ 1995 ਵਿਚਕਾਰ ਡੱਚ ਮਛੇਰਿਆਂ ਨੇ 350 ਤੋਂ ਵੱਧ ਕੇਸਾਂ ਬਾਰੇ ਰਿਪੋਰਟਾਂ ਕੀਤੀਆਂ ਸਨ ਜਦੋਂ ਬਾਲਟਿਕ ਸਮੁੰਦਰ ਵਿੱਚ ਸੁੱਟੇ ਗਏ ਰਸਾਇਣਕ ਹਥਿਆਰਾਂ ਵਿੱਚੋਂ ਕੁੱਝ ਉਹਨਾਂ ਦੇ ਮੱਛੀਆਂ ਫੜ੍ਹਨ ਵਾਲੇ ਜਾਲਾਂ ਵਿੱਚ ਫਸ ਕੇ ਉੱਪਰ ਆ ਗਏ ਸਨ।(39) ਇਸ ਹੀ ਤਰ੍ਹਾਂ ਐਡਰੀਐਟਿਕ ਸਮੁੰਦਰ ਵਿੱਚਲੀ ਬਾਰੀ ਹਾਰਬਰ ਵਿੱਚ ਸੁੱਟੇ ਰਸਾਇਣਕ ਹਥਿਆਰਾਂ ਵਿੱਚੋਂ ਮਸਟਰਡ ਗੈਸ ਲੀਕ ਹੋਣ ਦੇ 230 ਕੇਸਾਂ ਦੀਆਂ ਰਿਪੋਰਟਾਂ ਮਿਲਦੀਆਂ ਹਨ। (40)

1970ਵਿਆਂ ਵਿੱਚ ਰਸਾਇਣਕ ਹਥਿਆਰਾਂ ਨੂੰ ਸਮੁੰਦਰ ਵਿੱਚ ਸੁੱਟਣ ਤੋਂ ਮਨਾਹੀ ਕਰ ਦਿੱਤੀ ਗਈ। ਸੰਨ 1997 ਵਿੱਚ ਕੈਮੀਕਲ ਵੈਪਨਜ਼ ਕਨਵੈਨਸ਼ਨ (ਸੀ ਡਬਲਿਊ ਸੀ) ਦੇ ਲਾਗੂ ਹੋਣ ਬਾਅਦ ਇਸ ਕਨਵੈਨਸ਼ਨ ਉੱਪਰ ਦਸਤਖਤ ਕਰਨ ਵਾਲੇ ਦੇਸ਼ਾਂ ਤੇ ਸ਼ਰਤ ਰੱਖੀ ਗਈ ਸੀ ਕਿ ਉਹ ਰਸਾਇਣਕ ਹਥਿਆਰਾਂ ਦਾ ਉਤਪਾਦਨ ਨਹੀਂ ਕਰਨਗੇ ਅਤੇ ਇਸ ਕਨਵੈਨਸ਼ਨ ਉੱਤੇ ਦਸਤਖਤ ਕਰਨ ਤੋਂ ਬਾਅਦ 10 ਸਾਲਾਂ ਦੇ ਵਿੱਚ ਵਿੱਚ ਆਪਣੇ ਰਸਾਇਣਕ ਹਥਿਆਰਾਂ ਦੇ ਭੰਡਾਰ ਨੂੰ ਖਤਮ ਕਰ ਦੇਣਗੇ। ਇਸ ਸਮੇਂ ਇਹਨਾਂ ਹਥਿਆਰਾਂ ਨੂੰ ਖਤਮ ਕਰਨ ਲਈ ਦੋ ਢੰਗ ਵਰਤੇ ਜਾਂਦੇ ਹਨ। ਇਕ ਢੰਗ ਵਿੱਚ ਇਹਨਾਂ ਹਥਿਆਰਾਂ ਨੂੰ ਧਰਤੀ ਉੱਪਰਲੀਆਂ ਥਾਂਵਾਂ ਵਿੱਚ ਸੁੱਟਣ ਤੋਂ ਪਹਿਲਾਂ ਬੇਅਸਰ (ਨਿਊਟਰਾਲਾਈਜ਼) ਕਰਨਾ ਜ਼ਰੂਰੀ ਹੈ ਅਤੇ ਦੂਸਰੇ ਢੰਗ ਵਿੱਚ ਇਹਨਾਂ ਹਥਿਆਰਾਂ ਨੂੰ ਭੱਠੀਆਂ ਵਿੱਚ ਬਾਲ ਕੇ ਉੱਚੀਆਂ ਚਿਮਨੀਆਂ ਰਾਹੀਂ ਵਾਤਾਵਰਨ ਵਿੱਚ ਛੱਡਿਆ ਜਾਂਦਾ ਹੈ। ਇਸ ਢੰਗ ਨਾਲ ਖਤਰਨਾਕ ਸਵਾਹ ਪੈਦਾ ਹੁੰਦੀ ਹੈ। 1990ਵਿਆਂ ਵਿੱਚ ਅਮਰੀਕਾ ਵੱਲੋਂ ਜੌਹਨਸਨ ਐਟੋਲ ਦੇ ਪੈਸੇਫਿਕ ਆਈਲੈਂਡ ਵਿੱਚ ਨਰਵ ਗੈਸ ਅਤੇ ਹੋਰ ਰਸਾਇਣਕ ਪਦਾਰਥਾਂ ਦੇ ਹਥਿਆਰਾਂ ਨੂੰ ਨਸ਼ਟ ਕਰਨ ਕਾਰਨ ਉਸ ਇਲਾਕੇ ਦੇ ਵਾਤਾਵਰਨ ਵਿੱਚ ਹਲਕੀ ਪੱਧਰ ਦੀ ਡਾਇਔਕਸਿਨ ਗੈਸ ਦੇ ਅੰਸ਼ ਮਿਲੇ ਸਨ। (41) ਵਿਕੀਪੀਡੀਆ ਅਨੁਸਾਰ ਦੁਨੀਆ ਦੇ 195 ਦੇਸ਼ਾਂ ਵਿੱਚੋਂ 188 ਦੇਸ਼ਾਂ ਨੇ ਕੈਮੀਕਲ ਵੈਪਨਜ਼ ਕਨਵੈਨਸ਼ਨ ਉੱਪਰ ਦਸਤਖਤ ਕੀਤੇ ਹਨ। ਨਤੀਜੇ ਵੱਜੋਂ ਬਹੁਤ ਸਾਰੇ ਦੇਸ਼ਾਂ ਨੇ ਰਸਾਇਣਕ ਹਥਿਆਰਾਂ ਦੇ ਭੰਡਾਰ ਖਤਮ ਕਰ ਦਿੱਤੇ ਹਨ। ਪਰ ਥੋੜ੍ਹੇ ਜਿਹੇ ਦੇਸ਼ਾਂ ਆਪਣੇ ਪੂਰੇ ਰਸਾਇਣਕ ਹਥਿਆਰ ਖਤਮ ਨਹੀਂ ਕਰ ਸਕੇ। ਉਦਾਹਰਨ ਲਈ ਅਮਰੀਕਾ ਨੇ ਆਪਣੇ ਬਹੁਤ ਸਾਰੇ ਰਸਾਇਣਕ ਹਥਿਆਰ ਨਸ਼ਟ ਕਰ ਦਿੱਤੇ ਹਨ ਪਰ ਪੈਂਟਾਗਨ ਅਨੁਸਾਰ ਅਮਰੀਕਾ ਆਪਣੇ ਸਾਰੇ ਹਥਿਆਰ 2023 ਤੱਕ ਹੀ ਨਸ਼ਟ ਕਰ ਸਕੇਗਾ। ਇਸ ਹੀ ਤਰ੍ਹਾਂ ਰੂਸ ਅਜੇ ਆਪਣੇ ਸਾਰੇ ਰਸਾਇਣਕ ਹਥਿਆਰ ਖਤਮ ਨਹੀਂ ਕਰ ਸਕਿਆ। ਰੂਸ ਦਾ ਦਾਅਵਾ ਹੈ ਕਿ ਉਹ ਆਪਣੇ ਸਾਰੇ ਰਸਾਇਣਕ ਹਥਿਆਰ 2012 ਤੱਕ ਨਸ਼ਟ ਕਰ ਦੇਵੇਗਾ ਪਰ ਅਮਰੀਕਾ ਦੇ ਜਨਰਲ ਅਕਾਉਂਟਿੰਗ ਦਫਤਰ ਦਾ ਅੰਦਾਜ਼ਾ ਹੈ ਕਿ ਰੂਸ ਆਪਣੇ ਸਾਰੇ ਰਸਾਇਣਕ ਹਥਿਆਰ 2027 ਤੱਕ ਖਤਮ ਕਰ ਸਕੇਗਾ। (42) ਇਹਨਾਂ ਰਿਪੋਰਟਾਂ ਨੂੰ ਦੇਖਦਿਆਂ ਅਸੀਂ ਆਸ ਕਰ ਸਕਦੇ ਹਾਂ ਕਿ ਆਉਣ ਵਾਲੇ ਸਮੇਂ ਵਿੱਚ ਦੁਨੀਆ ਤੋਂ ਰਸਾਇਣਕ ਹਥਿਆਰਾਂ ਦਾ ਖਾਤਮਾ ਹੋ ਜਾਵੇਗਾ ਪਰ ਇਹਨਾਂ

ਹਥਿਆਰਾਂ ਕਾਰਨ ਧਰਤੀ ਦੇ ਵਾਤਾਵਰਨ ਦਾ ਜੋ ਨੁਕਸਾਨ ਹੋਇਆ ਹੈ ਜਾਂ ਸਮੁੰਦਰ ਵਿੱਚ ਸੁੱਟੇ ਇਹਨਾਂ ਹਥਿਆਰਾਂ ਕਾਰਨ ਭਵਿੱਖ ਵਿੱਚ ਧਰਤੀ ਦੇ ਵਾਤਾਵਰਨ ਨੂੰ ਜੋ ਨੁਕਸਾਨ ਹੋ ਸਕਦਾ ਹੈ ਉਸ ਬਾਰੇ ਅਸੀਂ ਪੱਕੀ ਤਰ੍ਹਾਂ ਕੁੱਝ ਨਹੀਂ ਕਹਿ ਸਕਦੇ।

**ਪਰਮਾਣੂ ਹਥਿਆਰਾਂ** ਦੇ ਉਤਪਾਦਨ ਅਤੇ ਉਹਨਾਂ ਦੇ ਟੈਸਟਾਂ ਅਤੇ ਸਾਂਭ-ਸੰਭਾਲ ਦੌਰਾਨ ਵਾਤਾਵਰਨ ਵਿੱਚ ਵੱਡੀ ਪੱਧਰ ਉੱਤੇ ਪ੍ਰਦੂਸ਼ਨ ਫੈਲਦਾ ਹੈ। ਅਬੀਰ ਮਜੀਦ ਅਨੁਸਾਰ ਪਰਮਾਣੂ ਹਥਿਆਰ ਬਣਾਉਣ ਦੇ ਮੁੱਖ ਪੜਾਅ ਇਸ ਤਰ੍ਹਾਂ ਹਨ: ਖਾਣਾਂ ਵਿੱਚੋਂ ਯੂਰੇਨੀਅਨ ਕੱਢਣਾ ਅਤੇ ਤਿਆਰ ਕਰਨਾ, ਹਥਿਆਰ ਬਣਾਉਣ ਦੀ ਪੱਧਰ ਦੇ ਪਲਾਟੀਨਮ ਦਾ ਉਤਪਾਦਨ, ਪਰਮਾਣੂ ਹਥਿਆਰਾਂ ਦੇ ਪੁਰਜ਼ੇ ਜੋੜਨਾ (ਅਸੰਬਲੀ) ਅਤੇ ਢੋਆ ਢੁਆਈ, ਹਥਿਆਰਾਂ ਦੇ ਟੈੱਸਟ, ਹਥਿਆਰਾਂ ਦਾ ਭੰਡਾਰੀਕਰਨ, ਹਥਿਆਰਾਂ ਦੇ ਪੁਰਜ਼ਿਆਂ ਨੂੰ ਵੱਖ ਵੱਖ ਕਰਨਾ (ਡਿਸਅਸੰਬਲੀ) ਅਤੇ ਉਸ ਕਾਰਨ ਪੈਦਾ ਹੋਏ ਯੁਰੇਨੀਅਮ, ਪਲਾਟੀਨਮ, ਟਰਾਈਟੀਅਮ ਅਤੇ ਰਸਾਇਣਕ ਟਰਿੱਗਰਾਂ ਨਾਲ ਨਜਿੱਠਣਾ। (43) ਇਹਨਾਂ ਵਿੱਚੋਂ ਹਰ ਪੜਾਅ ਵਿੱਚ ਦੀ ਲੰਘਦਿਆਂ ਵਾਤਾਵਰਨ ਪ੍ਰਦੂਸ਼ਤ ਹੁੰਦਾ ਹੈ ਜਾਂ ਵਾਤਾਵਰਨ ਦੇ ਪ੍ਰਦੂਸ਼ਨ ਦਾ ਖਤਰਾ ਬਣਿਆ ਰਹਿੰਦਾ ਹੈ। ਉਦਾਹਰਨ ਲਈ, ਇਕ ਔਸਤ ਪੱਧਰ ਦਾ ਪਰਮਾਣੂ ਬੰਬ ਬਣਾਉਣ ਲਈ ਖਾਣਾਂ ਵਿੱਚੋਂ ਯੁਰੇਨੀਅਮ ਕੱਢਣ ਸਮੇਂ 2000 ਟੰਨ ਦੀ ਯੁਰੇਨੀਅਮ ਦੀ ਰਹਿੰਦ-ਖੂੰਹਦ (ਜੋ ਕਿ ਕਾਫੀ ਰੇਡੀਓਐਕਟਿਵ ਹੁੰਦੀ ਹੈ), 4 ਟੰਨ ਡਿਪਲੀਟਡ ਯੁਰੇਨੀਅਮ ਅਤੇ 50 ਘਣ-ਟੰਨ (ਕਿਊਬਿਕ ਟੰਨ) ਨੀਵੇਂ ਪੱਧਰ ਦੀ ਰੇਡੀਓਐਕਟਿਵ ਰਹਿੰਦ-ਖੂੰਹਦ ਪੈਦਾ ਹੁੰਦੀ ਹੈ। (44) ਸੰਨ 1945 ਤੋਂ ਲੈ ਕੇ ਹੁਣ ਤੱਕ ਤਿਆਰ ਕੀਤੇ ਨਿਊਕਲੀਅਰ ਵਾਰ ਹੈੱਡਜ਼ (ਪਰਮਾਣੂ ਬੰਬ ਨੂੰ ਆਪਣੇ ਨਿਸ਼ਾਨੇ ਤੱਕ ਲੈ ਜਾਣ ਵਾਲੇ ਮਿਜ਼ਾਇਲ ਦੇ ਸਿਰਾਂ) ਦੀ ਅੰਦਾਜ਼ਣ ਗਿਣਤੀ 1,28000 ਹੈ ਜਿਹਨਾਂ ਵਿੱਚੋਂ 55 ਫੀਸਦੀ ਅਮਰੀਕਾ ਅਤੇ 45 ਫੀਸਦੀ ਰੂਸ ਵੱਲੋਂ ਤਿਆਰ ਕੀਤੇ ਗਏ ਹਨ। (45)

ਇਹਨਾਂ ਪਰਮਾਣੂ ਹਥਿਆਰਾਂ ਦੇ ਉਤਪਾਦਨ ਦੌਰਾਨ ਕਿੰਨੀ ਕੁ ਰੇਡੀਓਐਕਟਿਵ ਰਹਿੰਦ-ਖੂੰਹਦ ਪੈਦਾ ਹੋਈ ਹੋਵੇਗੀ। ਇਸ ਬਾਰੇ ਅਮਰੀਕਨ ਸਾਇੰਟਿਸਟ ਵਿੱਚ ਛਪੇ ਕੈਵਿਨ ਕਰੌਲੀ ਅਤੇ ਜੌਹਨ ਐੱਫ ਅਹਿਰਨ ਦੇ ਆਰਟੀਕਲ *"ਮੈਨੇਜਿੰਗ ਦੀ ਇਨਵਾਇਰਮੈਂਟਲ ਲੈਗੇਸੀ ਆਫ ਯੂ. ਐੱਸ. ਨਿਊਕਲੀਅਰ ਵੈਪਨਜ਼ ਪ੍ਰੋਡਕਸ਼ਨ"* ਵਿੱਚੋਂ ਕੁੱਝ ਜਾਣਕਾਰੀ ਪੇਸ਼ ਹੈ । ਇਹਨਾਂ ਲੇਖਕਾਂ ਅਨੁਸਾਰ ਅਮਰੀਕਾ ਦਾ ਪ੍ਰਮਾਣੂ ਹਥਿਆਰ ਬਣਾਉਣ ਦਾ ਤਾਣਾ-ਬਾਣਾ ਕਾਫੀ ਵੱਡਾ ਹੈ ਅਤੇ ਦੇਸ਼ ਦੇ ਵੱਖ ਵੱਖ ਹਿੱਸਿਆਂ ਵਿੱਚ ਫੈਲਿਆ ਹੋਇਆ ਹੈ। ਇਸ ਤਾਣੇ-ਬਾਣੇ ਨਾਲ ਸੰਬੰਧਤ 16 ਪ੍ਰਮੁੱਖ ਥਾਂਵਾਂ ਵਿੱਚੋਂ ਕੁੱਝ ਵੱਡੀਆਂ ਥਾਂਵਾਂ ਹਨ: ਹੈਨਫੋਰਡ, ਦੀ ਇਡਾਹੋ ਨੈਸ਼ਨਲ ਇੰਜਨੀਅਰਿੰਗ ਐਂਡ ਇਨਵਾਇਰਮੈਂਟਲ ਲੈਬਾਰਟਰੀ, ਓਕ ਰਿੱਜ ਅਤੇ ਦੱਖਣੀ ਕੈਰੋਲੀਨਾ ਸਥਿੱਤ ਸੈਵਾਨਾਹ ਰਿਵਰ। ਇਹਨਾਂ ਥਾਂਵਾਂ ਉੱਤੇ ਹਥਿਆਰ ਬਣਾਉਣ, ਨੇਵੀ ਦੇ ਫਿਊਲ ਅਤੇ ਸਿਵਲੀਅਨ ਵਰਤੋਂ ਲਈ ਪਰਮਾਣੂ ਸਮੱਗਰੀ (ਇਨਰਿਚਡ ਯੁਰੇਨੀਅਮ, ਪਲਾਟੀਨਮ ਅਤੇ ਟਰਾਈਟਿਅਮ) ਦਾ ਉਤਪਾਦਨ ਕੀਤਾ ਗਿਆ। (46) ਹੈਨਫੋਰਡ ਸਾਈਟ ਅਮਰੀਕਾ ਦੀ ਵਸ਼ਿੰਗਟਨ ਸਟੇਟ ਵਿੱਚ ਕੋਲੰਬੀਆ ਰਿਵਰ ਉੱਤੇ ਸਥਿੱਤ ਹੈ। ਇਹ ਸਾਈਟ ਸੰਨ 1943 ਵਿੱਚ ਮੈਨਹੈਟਨ ਪ੍ਰੋਜੈਕਟ ਦੌਰਾਨ ਸ਼ੁਰੂ ਕੀਤਾ ਗਿਆ ਸੀ ਅਤੇ ਠੰਢੀ ਜੰਗ ਦੇ ਅਖੀਰ ਉੱਤੇ ਇਸ ਨੂੰ ਬੰਦ ਕਰ ਦਿੱਤਾ ਗਿਆ ਸੀ। ਇਸ ਥਾਂ ਉੱਤੇ ਪੈਦਾ ਕੀਤਾ ਗਿਆ ਪਲਾਟੀਨਮ ਪਹਿਲੇ ਪਰਮਾਣੂ ਬੰਬ ਵਿੱਚ ਵਰਤਿਆ ਗਿਆ ਸੀ ਜਿਸ ਦਾ ਟੈੱਸਟ ਟਰਿੰਨਟੀ ਸਾਈਟ ਉੱਤੇ ਗਿਆ ਸੀ। ਨੌਂ ਅਗਸਤ 1945 ਨੂੰ "ਫੈਟ ਮੈਨ" ਨਾਂ ਦਾ ਜਿਹੜਾ ਬੰਬ ਜਾਪਾਨ ਦੇ ਸ਼ਹਿਰ ਨਾਗਾਸਾਕੀ ਉੱਤੇ ਸੁੱਟਿਆ ਗਿਆ ਸੀ, ਉਸ ਵਿੱਚ ਵਰਤਿਆ ਗਿਆ ਪਲਾਟੀਨਮ ਵੀ ਹੈਨਫੋਰਡ ਵਿੱਚ ਹੀ ਤਿਆਰ ਕੀਤਾ ਗਿਆ ਸੀ। ਅਮਰੀਕਾ ਦੇ ਬਹੁਤੇ ਪਰਮਾਣੂ ਹਥਿਆਰਾਂ ਵਿੱਚ ਵਰਤਿਆ ਗਿਆ ਪਲਾਟੀਨਮ ਇਸ ਥਾਂ ਉੱਤੇ ਤਿਆਰ ਕੀਤਾ ਗਿਆ ਸੀ। (47) ਆਉ ਦੇਖੀਏ ਕਿ ਇਸ ਥਾਂ ਤੋਂ ਕਿੰਨੀ ਕੁ ਪਰਮਾਣੂ ਰਹਿੰਦ-ਖੂੰਹਦ ਪੈਦਾ ਹੋਈ ਹੈ।

ਇਹ ਸਾਈਟ 50 ਸਾਲ ਤੱਕ ਕੰਮ ਕਰਦਾ ਰਿਹਾ। ਇਸ ਸਮੇਂ ਦੌਰਾਨ ਇੱਥੇ 67 ਮੀਟਰਿਕ ਟੰਨ ਪਲਾਟੀਨਮ ਤਿਆਰ ਕੀਤਾ ਗਿਆ। ਯੁਰੇਨੀਅਮ ਵਿੱਚੋਂ ਪਲਾਟੀਨਮ ਕੱਢਣ ਦੀ ਰਸਾਇਣਕ ਪ੍ਰਕ੍ਰਿਆ ਦੌਰਾਨ 20 ਲੱਖ ਘਣ-ਮੀਟਰ (50 ਕ੍ਰੋੜ ਗੈਲਨ) ਬਹੁਤ ਹੀ ਜ਼ਿਆਦਾ ਰੇਡੀਓਐਕਟਿਵ ਰਸਾਇਣਕ ਜ਼ਹਿਰੀਲੀ ਰਹਿੰਦ-ਖੂੰਹਦ ਅਤੇ 1.7 ਅਰਬ ਘਣ-ਮੀਟਰ (450 ਅਰਬ ਗੈਲਨ) ਪ੍ਰੋਸੈੱਸਡ ਤਰਲ ਪੈਦਾ ਹੋਇਆ। ਲੇਖਕ ਅਮਰੀਕਾ ਦੇ ਡਿਪਾਰਟਮੈਂਟ ਆਫ ਐਨਰਜੀ ਦੇ ਹਵਾਲੇ ਨਾਲ ਲਿਖਦੇ ਹਨ ਕਿ ਐਸਟੀਨਾਈਡਜ਼ (ਮੁੱਖ ਰੂਪ ਵਿੱਚ ਪਲਾਟੀਨਮ) ਨਾਲ ਦੂਸ਼ਿਤ 76,000 ਘਣ-ਮੀਟਰ ਠੋਸ ਰਹਿੰਦ-ਖੂਹੰਦ ਅਤੇ 12 ਲੱਖ ਘਣ-ਮੀਟਰ ਨੀਵੇਂ ਪੱਧਰ ਦੀ ਦੂਸ਼ਿਤ ਠੋਸ ਰਹਿੰਦ ਖੂੰਹਦ ਇਸ ਥਾਂ ਉੱਤੇ ਦੱਬੀ ਹੋਈ ਹੈ। (48) ਇੱਥੇ ਇਹ ਗੱਲ ਨੋਟ ਕਰਨ ਵਾਲੀ ਹੈ ਕਿ ਪਰਮਾਣੂ ਹਥਿਆਰਾਂ ਦੇ ਉਤਪਾਦਨ ਦੌਰਾਨ ਪੈਦਾ ਹੋਣ ਵਾਲੀ ਰੇਡੀਓਐਕਟਿਵ ਰਹਿੰਦ-ਖੂਹੰਦ ਕਈ ਹਜ਼ਾਰ ਸਾਲਾਂ ਤੱਕ ਜ਼ਹਿਰੀਲੀ ਰਹਿੰਦੀ ਹੈ ਅਤੇ ਇਸ ਨੂੰ ਨਸ਼ਟ ਕਰਨ ਦਾ ਕੋਈ ਤਸੱਲੀਬਖਸ਼ ਹੱਲ ਅਜੇ ਤੱਕ ਮੌਜੂਦ ਨਹੀਂ ਹੈ।

ਇਸ ਤੋਂ ਬਿਨਾਂ ਕਈ ਤਰ੍ਹਾਂ ਦੀ ਰਹਿੰਦ-ਖੂਹੰਦ ਸਿੱਧੀ ਵਾਤਾਵਰਨ ਵਿੱਚ ਛੱਡ ਦਿੱਤੀ ਗਈ। ਉਦਾਹਰਨ ਲਈ ਕੈਮੀਕਲ ਪ੍ਰੋਸੈਸਿੰਗ ਦੌਰਾਨ ਪੈਦਾ ਹੋਣ ਵਾਲੀਆਂ ਅਸਥਿਰ ਗੈਸਾਂ, ਕਈ ਵਾਰ ਫਿਲਟਰ ਕੀਤੇ ਬਿਨਾਂ ਹੀ, ਵਾਤਾਵਰਨ ਵਿੱਚ ਛੱਡ ਦਿੱਤੀਆਂ ਗਈਆਂ। ਕ੍ਰੋਮੀਅਮ ਅਤੇ ਰੇਡੀਓਐਕਟਿਵ ਆਇਸੋਟੋਪਸਾਂ ਨਾਲ ਦੂਸ਼ਿਤ ਰੀਐਕਟਰਾਂ ਨੂੰ ਠੰਡਾ ਕਰਨ ਵਾਲਾ ਪਾਣੀ ਬਾਹਰ ਖੁਲ੍ਹਾ ਛੱਡ ਦਿੱਤਾ ਗਿਆ। ਰਹਿੰਦ-ਖੂਹੰਦ (ਵੇਸਟ) ਵੱਜੋਂ ਪੈਦਾ ਹੋਏ ਹੋਰ ਕਈ ਤਰ੍ਹਾਂ ਦੇ ਤਰਲ ਧਰਤੀ ਉੱਤਲੇ ਤਲਾਵਾਂ ਜਾਂ ਧਰਤੀ ਹੇਠਲੇ ਤਲਾਵਾਂ ਜਾਂ ਧਰਤੀ ਹੇਠਲੇ ਪਾਣੀ ਵਿੱਚ ਛੱਡ ਦਿੱਤੇ ਗਏ। ਵਿਮਨਜ਼ ਇੰਟਰਨੈਸ਼ਨਲ ਲੀਗ ਫਾਰ ਪੀਸ ਐਂਡ ਫਰੀਡਮ ਦੇ ਵੈੱਬਸਾਈਟ ਉੱਤੇ ਪ੍ਰਕਾਸ਼ਤ ਰਿਪੋਰਟ *"ਦੀ ਇਨਵਾਇਰਮੈਂਟ ਐਂਡ ਦੀ ਨਿਊਕਲੀਅਰ ਏਜ"* ਵਿੱਚ ਅਮਰੀਕਾ ਦੇ ਜਨਰਲ ਅਕਾਊਂਟਿੰਗ ਆਫਿਸ ਵਲੋਂ 1991 ਵਿੱਚ ਪ੍ਰਕਾਸ਼ਤ ਕੀਤੇ ਇਕ ਡਾਕੂਮੈਂਟ ਦੇ ਹਵਾਲੇ ਨਾਲ ਕਿਹਾ ਗਿਆ ਹੈ ਕਿ ਹੈਨਫੋਰਡ ਸਾਈਟ ਤੋਂ 444 ਅਰਬ ਗੈਲਨ ਰੇਡੀਓਐਕਟਿਵ ਤਰਲ ਰਹਿੰਦ-ਖੂੰਹਦ ਵਾਤਾਵਰਨ ਵਿੱਚ ਛੱਡੀ ਗਈ ਸੀ। (49) ਪਰਮਾਣੂ ਰਹਿੰਦ ਖੂੰਹਦ ਨਾਲ ਸੰਬੰਧਤ ਉੱਪਰ ਦਿੱਤੀ ਜਾਣਕਾਰੀ ਸਿਰਫ ਪਰਮਾਣੂ ਹਥਿਆਰ ਬਣਾਉਣ ਨਾਲ ਸੰਬੰਧਤ ਇਕ ਥਾਂ ਤੋਂ ਹੀ ਹੈ। ਅਮਰੀਕਾ ਦੀਆਂ ਪਰਮਾਣੂ ਬਣਾਉਣ ਵਾਲੀਆਂ ਸਾਰੀਆਂ ਥਾਂਵਾਂ ਤੋਂ ਕਿੰਨੀ ਰੇਡੀਓਐਕਟਿਵ ਰਹਿੰਦ ਖੂੰਹਦ ਵਾਤਾਵਰਨ ਵਿੱਚ ਸੁੱਟੀ ਗਈ ਹੋਵੇਗੀ ਅਤੇ ਕਿੰਨੀ ਕੁ ਰਹਿੰਦ-ਖੂੰਹਦ ਅਜੇ ਵੀ ਉਹਨਾਂ ਥਾਂਵਾਂ ਉੱਤੇ ਸਟੋਰ ਕੀਤੀ ਪਈ ਹੈ ਇਸ ਬਾਰੇ ਅੰਦਾਜ਼ਾ ਸਹਿਜੇ ਹੀ ਲਾਇਆ ਜਾ ਸਕਦਾ ਹੈ।

ਪਰਮਾਣੂ ਹਥਿਆਰਾਂ ਦੇ ਉਤਪਾਦਨ ਦੌਰਾਨ ਜ਼ਹਿਰੀਲੀ ਪਰਮਾਣੂ ਰਹਿੰਦ-ਖੂਹੰਦ ਪੈਦਾ ਹੋਣ ਅਤੇ ਵਾਤਾਵਰਨ ਵਿੱਚ ਸੁੱਟੇ ਜਾਣ ਬਾਰੇ ਸਾਬਕਾ ਸੋਵੀਅਤ ਯੂਨੀਅਨ ਵਿੱਚ ਵੀ ਹਾਲਤ ਅਮਰੀਕਾ ਵਰਗੇ ਹੀ ਸਨ ਜਾਂ ਕਈ ਰਿਪੋਰਟਾਂ ਅਨੁਸਾਰ ਅਮਰੀਕਾ ਤੋਂ ਵੀ ਭੈੜੇ ਸਨ। ਸਾਬਕਾ ਸੋਵੀਅਤ ਯੂਨੀਅਨ ਵਿੱਚ ਆਮ ਹੀ ਦਰਿਆਵਾਂ ਜਾਂ ਝੀਲਾਂ ਵਿੱਚ ਪਰਮਾਣੂ ਰਹਿੰਦ-ਖੂੰਹਦ ਸੁੱਟੀ ਜਾਂਦੀ ਰਹੀ ਸੀ। ਸੰਨ 1957 ਵਿੱਚ ਰੂਸ ਵਿੱਚ ਚੈਲੀਆਬਿੰਸਕ ਸਥਿੱਤ ਪਰਮਾਣੂ ਹਥਿਆਰ ਬਣਾਉਣ ਵਾਲੀ ਥਾਂ 'ਤੇ ਰਹਿੰਦ-ਖੂੰਹਦ ਨੂੰ ਸੰਭਾਲਣ ਵਾਲੇ ਇਕ ਟੈਂਕ ਦੇ ਫਟਣ ਨਾਲ ਰੇਡੀਓਐਕਟਿਵ ਬੱਦਲ 200 ਵਰਗ ਕਿਲੋਮੀਟਰ ਤੋਂ ਵੀ ਵੱਧ ਖੇਤਰਫਲ ਵਾਲੇ ਇਲਾਕੇ ਵਿੱਚ ਫੈਲ ਗਿਆ ਸੀ। ਨਤੀਜੇ ਵਜੋਂ ਇਸ ਇਲਾਕੇ ਦੇ ਸਭ ਤੋਂ ਵੱਧ ਰੇਡੀਓਐਕਟਿਵ

ਪ੍ਰਦੂਸ਼ਨ ਵਾਲੇ ਖੇਤਰ ਵਿਚਲੇ ਲਗਭਗ ਸਾਰੇ ਦਰੱਖਤ ਜਾਂ ਤਾਂ ਮਰ ਗਏ ਸਨ ਜਾਂ ਨੁਕਸਾਨੇ ਗਏ ਸਨ। (50) ਅਬੀਰ ਮਜੀਦ ਅਨੁਸਾਰ ਸੰਨ 1952 ਤੋਂ ਬਾਅਦ ਸੋਵੀਅਤ ਮਿਲਟਰੀ ਨੇ ਮਾਯਕ ਪਲਾਂਟ ਤੋਂ 1 ਅਰਬ ਕਿਊਰੀਜ਼ ਦੇ ਬਰਾਬਰ ਦੀ ਪਰਮਾਣੂ ਰਹਿੰਦ-ਖੂੰਹਦ ਲੇਕ ਕਾਰਚੇਅ ਵਿੱਚ ਸੁੱਟ ਦਿੱਤੀ। (ਕਿਊਰੀ ਕਿਸੇ ਰੇਡੀਓਐਕਟਿਵ ਪਦਾਰਥ ਵੱਲੋਂ ਛੱਡੀ ਜਾਣ ਵਾਲੀ ਰੇਡੀਏਸ਼ਨ ਨੂੰ ਮਾਪਣ ਦੀ ਇਕਾਈ ਹੈ ਜਿਹੜੀ ਇਕ ਗਰਾਮ ਰੇਡੀਅਮ ਦੀ ਰੇਡੀਓਐਕਟਿਵਟੀ ਦੇ ਬਰਾਬਰ ਹੁੰਦੀ ਹੈ।) ਇਸ ਝੀਲ ਵਿੱਚ ਏਨੀ ਵੱਡੀ ਪੱਧਰ ਉੱਤੇ ਸੁੱਟੀ ਪਰਮਾਣੂ ਰਹਿੰਦ-ਖੂੰਹਦ ਵਿੱਚੋਂ ਪੈਦਾ ਹੋਣ ਵਾਲੀ ਗਰਮੀ ਦੇ ਨਤੀਜੇ ਵੱਜੋਂ ਇਸ ਝੀਲ ਦਾ ਪਾਣੀ ਸੁੱਕਣ ਲੱਗ ਪਿਆ। ਸੰਨ 1988 ਤੱਕ ਇਸ ਝੀਲ ਵਿੱਚ ਚੈਰਨੋਬਿਲ ਪਰਮਾਣੂ ਪਲਾਂਟ ਦੀ ਦੁਰਘਟਨਾ ਕਾਰਨ ਵਾਤਾਵਰਨ ਵਿੱਚ ਛੱਡੀ ਗਈ ਰੇਡੀਓਐਕਟਿਵ ਸਮੱਗਰੀ ਤੋਂ ਢਾਈ ਗੁਣਾਂ ਜ਼ਿਆਦਾ ਰੇਡੀਓਐਕਟਿਵ ਸਮੱਗਰੀ ਸੁੱਟੀ ਜਾ ਚੁੱਕੀ ਸੀ। (51) ਹੁਣ ਇਹ ਝੀਲ ਸੀਮੈਂਟ ਦੇ ਪੱਥਰਾਂ ਨਾਲ ਭਰੀ ਪਈ ਹੈ ਤਾਂ ਕਿ ਇਸ ਵਿਚਲੀ ਰੇਡੀਓਐਕਟਿਵ ਸਮੱਗਰੀ ਇਸ ਤੋਂ ਬਾਹਰ ਨਾ ਜਾ ਸਕੇ, ਫਿਰ ਵੀ ਅਰਕਟਿਕ ਮੌਨੀਟਰਿੰਗ ਐਂਡ ਅਸੈੱਸਮੈਂਟ ਪ੍ਰੋਗਰਾਮ ਦਾ ਕਹਿਣਾ ਹੈ ਕਿ ਇਸ ਵਿੱਚੋਂ ਰਹਿੰਦ-ਖੂਹੰਦ ਧਰਤੀ ਹੇਠਲੇ ਪਾਣੀ ਵਿੱਚ ਜਾ ਸਕਦੀ ਹੈ ਅਤੇ ਉੱਥੋਂ ਟੈਕਾ ਨਦੀ ਨੂੰ ਪ੍ਰਦੂਸ਼ਤ ਕਰ ਸਕਦੀ ਹੈ। ਜੇ ਕੋਈ ਵਿਅਕਤੀ ਇਸ ਝੀਲ ਦੇ ਕੰਢੇ ਇਕ ਘੰਟਾ ਖੜਾ ਰਹੇ ਤਾਂ ਉਸ ਦੀ ਕੁੱਝ ਹਫਤਿਆਂ ਵਿੱਚ ਹੀ ਮੌਤ ਹੋ ਸਕਦੀ ਹੈ। (52)

ਪਰਮਾਣੂ ਹਥਿਆਰਾਂ ਨਾਲ ਸੰਬੰਧਤ ਵਾਤਾਵਰਨ ਦੇ ਪ੍ਰਦੂਸ਼ਨ ਦਾ ਇਕ ਹੋਰ ਵੱਡਾ ਕਾਰਨ ਹੈ ਪਰਮਾਣੂ ਹਥਿਆਰਾਂ ਦੇ ਟੈਸਟ। ਇਹਨਾਂ ਹਥਿਆਰਾਂ ਦੇ ਟੈੱਸਟਾਂ ਦੌਰਾਨ ਵੱਡੀ ਪੱਧਰ ਉੱਤੇ ਰੇਡੀਓਐਕਟਿਵ ਸਮੱਗਰੀ ਵਾਤਾਵਰਨ ਵਿੱਚ ਦਾਖਲ ਹੁੰਦੀ ਹੈ। ਪਹਿਲਾਂ ਪਹਿਲ ਪਰਮਾਣੂ ਹਥਿਆਰਾਂ ਦੇ ਟੈੱਸਟ ਧਰਤੀ ਤੋਂ ਉੱਪਰਲੇ ਵਾਤਾਵਰਨ ਵਿੱਚ ਕੀਤੇ ਜਾਂਦੇ ਸਨ। ਫਿਰ ਅਜਿਹਾ ਕਰਨਾ ਬੰਦ ਕਰ ਦਿੱਤਾ ਗਿਆ ਅਤੇ ਪਰਮਾਣੂ ਟੈੱਸਟ ਧਰਤੀ ਦੇ ਹੇਠਾਂ ਜਾਂ ਪਾਣੀ ਦੇ ਹੇਠਾਂ ਕੀਤੇ ਜਾਣ ਲੱਗੇ। ਹੁਣ ਤੱਕ ਦੁਨੀਆ ਵਿੱਚ 2053 ਪਰਮਾਣੂ ਟੈਸਟ ਧਮਾਕੇ ਕੀਤੇ ਜਾ ਚੁੱਕੇ ਹਨ। ਇਹਨਾਂ ਟੈੱਸਟਾਂ ਦੇ ਨਤੀਜਿਆਂ ਵਜੋਂ ਵਾਤਾਵਰਨ ਵਿੱਚ ਫੈਲੀ ਧਮਾਕਾਖੇਜ਼ ਸਮੱਗਰੀ ਦੀ ਮਾਤਰਾ ਅਮਰੀਕਾ ਵਲੋਂ ਹੀਰੋਸ਼ੀਮਾ ਉੱਤੇ ਸੁੱਟੇ ਬੰਬ ਦੇ ਆਕਾਰ ਦੇ 40,000 ਬੰਬਾਂ ਕਾਰਨ ਪੈਦਾ ਹੋਣ ਵਾਲੀ ਧਮਾਕਾਖੇਜ਼ ਸਮੱਗਰੀ ਦੇ ਬਰਾਬਰ ਹੈ। ਇਹਨਾਂ ਟੈੱਸਟਾਂ ਦੌਰਾਨ ਵਾਤਾਵਰਨ ਵਿੱਚ ਫੈਲਣ ਵਾਲੀ ਰੇਡੀਓਐਕਟਿਵ ਸਮੱਗਰੀ ਦੀ ਮਾਤਰਾ ਚੈਰਨੋਬਿਲ ਪਰਮਾਣੂ ਦੁਰਘਟਨਾ ਕਾਰਨ ਵਾਤਾਵਰਨ ਵਿੱਚ ਫੈਲੀ ਰੇਡੀਓਐਕਟਿਵ ਸਮੱਗਰੀ ਦੀ ਮਾਤਰਾਂ ਤੋਂ 50 ਗੁਣਾਂ ਵੱਧ ਹੈ। ਵਾਤਾਵਰਨ ਵਿੱਚ ਕੀਤੇ ਪ੍ਰਮਾਣੂ ਟੈੱਸਟਾਂ ਦੇ ਨਤੀਜੇ ਵਜੋਂ ਵਾਤਾਵਰਨ ਵਿੱਚ ਫੈਲੀ ਰੇਡੀਓਐਕਟਿਵ ਸਮੱਗਰੀ ਕਾਰਨ ਸਮੇਂ ਦੇ ਬੀਤਣ ਨਾਲ 15 ਲੱਖ ਮਨੁੱਖੀ ਮੌਤਾਂ ਹੋਣ ਦਾ ਅੰਦਾਜ਼ਾ ਹੈ। (53) ਇਸ ਦੇ ਨਾਲ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਪਰਮਾਣੂ ਹਥਿਆਰਾਂ ਦੇ ਉਤਪਾਦਨ ਅਤੇ ਟੈੱਸਟਾਂ ਕਾਰਨ ਵਾਤਾਵਰਨ ਵਿੱਚ ਜੋ ਪ੍ਰਦੂਸ਼ਨ ਫੈਲਿਆ ਹੈ ਉਸ ਨੂੰ ਸਾਫ ਕਰਨਾ ਬਹੁਤ ਮਹਿੰਗਾ ਹੈ। ਇਕ ਰਿਪੋਰਟ ਅਨੁਸਾਰ ਅਮਰੀਕਾ ਵਿੱਚ ਫੈਲੇ ਇਸ ਪ੍ਰਦੂਸ਼ਣ ਨੂੰ ਸਾਫ ਕਰਨ ਲਈ ਸੰਨ 2070 ਤੱਕ 3 ਖਰਬ (300 ਬਿਲੀਅਨ) ਡਾਲਰ ਖਰਚ ਹੋਣ ਦਾ ਅੰਦਾਜ਼ਾ ਹੈ। (54)

**ਜੰਗ ਦੌਰਾਨ ਜੰਗਲਾਂ ਦਾ ਖਾਤਮਾ**

ਪਿਛਲੇ 5-6 ਦਹਾਕਿਆਂ ਦੌਰਾਨ ਜੰਗਾਂ ਵਿੱਚ ਫੌਜ ਵਲੋਂ ਵੱਡੀ ਪੱਧਰ ਉੱਤੇ ਜੰਗਲਾਂ ਦਾ ਨੁਕਸਾਨ ਕਰਨ ਦੀਆਂ ਕਈ ਉਦਾਹਰਨਾਂ ਮਿਲਦੀਆਂ ਹਨ। ਅਸੀਂ ਇੱਥੇ ਵੀਅਤਨਾਮ ਅਤੇ ਅਫਗਾਨਿਸਤਾਨ ਦੀਆਂ ਜੰਗਾਂ ਨਾਲ ਸੰਬੰਧਤ ਕੁਝ ਤੱਥ ਪੇਸ਼ ਕਰਾਂਗੇ। ਜਰਗਨ ਬਰਾਇਰ ਆਪਣੀ ਕਿਤਾਬ *"ਵਾਰ ਐਂਡ ਨੇਚਰ"* ਵਿੱਚ ਲਿਖਦਾ ਹੈ ਕਿ ਵੀਅਤਨਾਮ ਦੀ ਜੰਗ ਦੌਰਾਨ ਵੀਅਤਨਾਮ ਦੇ ਜੰਗਲਾਂ ਦਾ ਤਿੰਨ ਢੰਗਾਂ ਨਾਲ ਨੁਕਸਾਨ ਹੋਇਆ। ਸਭ ਤੋਂ ਪਹਿਲਾਂ ਤਾਂ ਇਸ ਜੰਗ ਦੌਰਾਨ ਅਮਰੀਕਨ ਫੌਜਾਂ ਵਲੋਂ ਵੀਅਤਨਾਮ ਦੀ ਧਰਤੀ ਉੱਤੇ ਸੁੱਟੇ ਗਏ ਬੰਬਾਂ ਨੇ ਉੱਥੋਂ ਦੇ ਜੰਗਲਾਂ ਦਾ ਕਾਫੀ ਨੁਕਸਾਨ ਕੀਤਾ। ਜਦੋਂ ਕਿਸੇ ਜੰਗਲ ਵਿੱਚ ਕੋਈ ਬੰਬ ਡਿੱਗਦਾ ਹੈ ਤਾਂ ਉਹ ਸ਼ਾਕ ਤਰੰਗਾਂ ਪੈਦਾ ਕਰਕੇ, ਆਪਣੇ ਛੱਰਿਆਂ ਨਾਲ ਅਤੇ ਧਰਤੀ ਉੱਪਰ ਟੋਏ ਪਾ ਕੇ ਜੰਗਲਾਤ ਨੂੰ ਨੁਕਸਾਨ ਪਹੁੰਚਾਉਂਦਾ ਹੈ। ਬਰਾਇਰ ਦੇ ਅੰਦਾਜ਼ੇ ਅਨੁਸਾਰ ਦੱਖਣੀ ਵੀਅਤਨਾਮ ਉੱਪਰ ਅਮਰੀਕਾ ਵੱਲੋਂ ਸੁੱਟੇ ਬੰਬਾਂ ਕਾਰਨ ਦੱਖਣੀ ਵੀਅਤਨਾਮ ਦੀ ਧਰਤੀ ਦੇ ਕੁੱਲ ਖੇਤਰਫਲ ਦੇ 40 ਫੀਸਦੀ ਹਿੱਸੇ ਉੱਤੇ 2 ਤੋਂ 2.5 ਕਰੋੜ ਤੱਕ ਦਰੱਖਤ ਨਸ਼ਟ ਹੋ ਗਏ ਸਨ। (55) ਇੱਥੇ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਅਮਰੀਕਾ ਵੱਲੋਂ ਬਹੁਤੇ ਬੰਬ ਦੋ ਸਾਲਾਂ, ਸੰਨ 1968 ਅਤੇ 1969 ਵਿੱਚ ਸੁੱਟੇ ਗਏ ਸਨ, ਇਸ ਲਈ ਇਹਨਾਂ ਦਰੱਖਤਾਂ ਵਿੱਚੋਂ ਬਹੁਤੇ ਦਰੱਖਤ ਵੀ ਇਹਨਾਂ ਦੋ ਸਾਲਾਂ ਵਿੱਚ ਨਸ਼ਟ ਹੋਏ ਹੋਣਗੇ। ਏਨੇ ਥੋੜ੍ਹੇ ਵਕਫੇ ਵਿੱਚ ਏਨੇ ਜ਼ਿਆਦਾ ਦਰੱਖਤਾਂ ਦੇ ਖਾਤਮੇ ਨਾਲ ਜ਼ਰੂਰ ਹੀ ਵਾਤਾਵਰਨ ਉੱਤੇ ਅਸਰ ਵੀ ਤਿੱਖਾ ਹੋਇਆ ਹੋਵੇਗਾ।

ਦਰੱਖਤਾਂ ਦੇ ਖਾਤਮੇ ਦੇ ਨਾਲ ਵਾਤਾਵਰਨ ਉੱਤੇ ਹੋਰ ਕੀ ਅਸਰ ਪੈ ਸਕਦੇ ਹਨ? ਇਸ ਬਾਰੇ ਬਰਾਇਰ ਦਾ ਅਨੁਮਾਨ ਇਸ ਪ੍ਰਕਾਰ ਹੈ। ਦਰੱਖਤਾਂ ਦੇ ਖਾਤਮੇ ਨਾਲ ਧਰਤੀ ਹੇਠਾਂ ਪਾਣੀ ਦਾ ਪੱਧਰ (ਵਾਟਰਟੇਬਲ) ਉੱਚਾ ਹੋ ਜਾਂਦਾ ਹੈ ਜਿਹੜਾ ਕਿ ਸਥਾਨਕ "ਈਕੋਸਿਸਟਮ" ਉੱਤੇ ਅਸਰ ਪਾਉਣ ਦੇ ਨਾਲ ਨਾਲ ਆਪਣੇ ਤੋਂ ਨੀਵੇਂ ਪਾਸੇ ਦੇ "ਈਕੋਸਿਸਟਮ" ਉੱਤੇ ਵੀ ਅਸਰ ਪਾਉਂਦਾ ਹੈ ਜਿਸ ਕਾਰਨ ਮਿੱਟੀ ਖੁਰ ਸਕਦੀ ਹੈ, ਮਿੱਟੀ ਵਿੱਚਲੇ ਉਪਜਾਊ ਤੱਤ ਨਸ਼ਟ ਹੋ ਸਕਦੇ ਹਨ ਅਤੇ ਹੜ੍ਹ ਆ ਸਕਦੇ ਹਨ। ਟੋਇਆਂ ਵਾਲੀ ਧਰਤੀ ਵਿੱਚ ਪਾਣੀ ਖੜ੍ਹਾ ਰਹਿ ਸਕਦਾ ਹੈ ਅਤੇ ਉਸ ਵਿੱਚ ਫਸਲ ਉਗਾਉਣੀ ਮੁਸ਼ਕਿਲ ਹੋ ਸਕਦੀ ਹੈ। ਬਰਾਇਰ ਕੁੱਝ ਰਿਪੋਰਟਾਂ ਦੇ ਹਵਾਲੇ ਨਾਲ ਅੱਗੇ ਲਿਖਦਾ ਹੈ ਕਿ ਸੰਨ 1965-71 ਵਿਚਕਾਰ ਇੰਡੋਚੀਨ ਦੀ ਧਰਤੀ ਉੱਤੇ ਬੰਬਾਂ ਕਾਰਨ 2 ਕ੍ਰੋੜ 60 ਲੱਖ ਟੋਏ ਪੁੱਟੇ ਗਏ ਸਨ ਜਿਹਨਾਂ ਕਾਰਨ 1710 ਵਰਗ ਕਿਲੋਮੀਟਰ ਦਾ ਇਲਾਕਾ ਪ੍ਰਭਾਵਿਤ ਹੋਇਆ ਸੀ। ਇਹਨਾਂ ਰਿਪੋਰਟਾਂ ਅਨੁਸਾਰ ਲੜਾਈ ਤੋਂ ਕਈ ਸਾਲਾਂ ਬਾਅਦ ਤੱਕ ਵੀ ਟੋਇਆਂ ਦੁਆਲੇ ਦੀ ਧਰਤੀ ਅਤੇ ਬਨਸਪਤੀ ਬੁਰੀ ਤਰ੍ਹਾਂ ਪ੍ਰਭਾਵਿਤ ਰਹੀ, ਇਹਨਾਂ ਇਲਾਕਿਆਂ ਵਿੱਚ ਝੋਨੇ ਦੀਆਂ ਫਸਲਾਂ ਉਗਾਉਣ ਵਿੱਚ ਮੁਸ਼ਕਿਲ ਆਉਂਦੀਆਂ ਰਹੀਆਂ ਕਿਉਂਕਿ ਡੂੰਘੇ ਟੋਇਆਂ ਵਿੱਚ ਝੋਨਾ ਉਗਾਉਣਾ ਮੁਸ਼ਕਿਲ ਸੀ ਅਤੇ ਟੋਇਆਂ ਵਾਲੇ ਇਲਾਕੇ ਵਿੱਚ ਘਾਹ ਦਾ ਬੋਲਬਾਲਾ ਹੋ ਗਿਆ ਅਤੇ ਜੰਗਲਾਂ ਦਾ ਦੁਬਾਰਾਂ ਉੱਗਣਾ ਮੁਸ਼ਕਿਲ ਹੋ ਬਣ ਗਿਆ।(56)

ਬੰਬਾਂ ਦੇ ਨਾਲ ਨਾਲ ਅਮਰੀਕਾ ਦੀਆਂ ਫੌਜਾਂ ਨੇ ਵੀਅਤਨਾਮ ਦੇ ਪੇਂਡੂ ਇਲਾਕਿਆਂ ਵਿੱਚ ਜੰਗਲਾਂ ਦਾ ਸਫਾਇਆ ਕਰਨ ਲਈ ਵੱਡੀ ਪੱਧਰ ਉੱਤੇ ਬੁਲਡੋਜ਼ਰਾਂ ਦੀ ਵੀ ਵਰਤੋਂ ਕੀਤੀ ਸੀ। ਅਜਿਹਾ ਇਸ ਲਈ ਕੀਤਾ ਗਿਆ ਸੀ ਤਾਂ ਕਿ ਵੀਅਤਨਾਮੀ ਫੌਜਾਂ ਅਮਰੀਕਨ ਫੌਜਾਂ ਉੱਪਰ ਜੰਗਲਾਂ ਵਿੱਚੋਂ ਉਹਨਾਂ ਉੱਪਰ ਘਾਤ ਲਾ ਕੇ ਹਮਲੇ ਨਾ ਕਰ ਸਕਣ ਅਤੇ ਉਹ ਜੰਗਲਾਂ ਵਿੱਚ ਲੁਕ ਨਾ ਸਕਣ। ਪਹਿਲਾਂ ਪਹਿਲ ਬੁਲਡੋਜਰਾਂ ਨਾਲ ਵੱਡੀਆਂ ਸੜਕਾਂ ਦੇ ਨਾਲ ਲੱਗਦੀਆਂ 100-300 ਮੀਟਰ ਤੱਕ ਦੀਆਂ ਪੱਟੀਆਂ ਵਿੱਚੋਂ ਜੰਗਲਾਂ ਦਾ ਸਫਾਇਆ ਕੀਤਾ ਗਿਆ। ਬਾਅਦ ਵਿੱਚ ਬੁਲਡੋਜਰਾਂ ਦੀਆਂ ਫੌਜੀ ਟੁਕੜੀਆਂ ਬਣਾ ਕੇ ਸੈਂਕੜੇ ਵਰਗ ਕਿਲੋਮੀਟਰਾਂ ਵਿੱਚੋਂ ਜੰਗਲਾਂ ਦਾ ਉੱਕਾ ਹੀ ਸਫਾਇਆ ਕਰ ਦਿੱਤਾ ਗਿਆ। ਕੁੱਲ ਮਿਲਾ ਕੇ ਦੱਖਣੀ ਵੀਅਤਨਾਮ

ਵਿੱਚ ਬੁਲਡੋਜ਼ਰਾਂ ਨਾਲ 3250 ਵਰਗ ਕਿਲੋਮੀਟਰ ਜੰਗਲ ਖਤਮ ਕਰ ਦਿੱਤੇ ਗਏ। ਇਹ ਖੇਤਰਫਲ ਦੱਖਣੀ ਵੀਅਤਨਾਮ ਦੇ ਕੁੱਲ ਖੇਤਰਫਲ ਦੇ ਦੋ ਫੀਸਦੀ ਦੇ ਬਰਾਬਰ ਬਣਦਾ ਹੈ। (57) ਜੰਗਲਾਂ ਦੇ ਇਸ ਖਾਤਮੇ ਦੇ ਨਾਲ ਨਾਲ ਇਹਨਾਂ ਜੰਗਲਾਂ ਵਿੱਚ ਰਹਿੰਦੇ ਜੰਗਲੀ ਜਾਨਵਰਾਂ ਦਾ ਵੀ ਸਫਾਇਆ ਹੋ ਗਿਆ ਅਤੇ ਇਸ ਖੇਤਰ ਦੀ ਹੇਠਲੀ ਮਿੱਟੀ ਖੋਰੇ ਦੀ ਮਾਰ ਹੇਠ ਆ ਗਈ।

ਇਸ ਤੋਂ ਬਿਨਾਂ ਅਮਰੀਕੀ ਫੌਜਾਂ ਨੇ ਵੀਅਤਨਾਮ ਦੇ ਜੰਗਲਾਂ ਅਤੇ ਫਸਲਾਂ ਦਾ ਨੁਕਸਾਨ ਕਰਨ ਲਈ ਵੱਡੀ ਪੱਧਰ ਉੱਤੇ ਬੂਟੀਨਾਸ਼ਕ ਦਵਾਈਆਂ ਦੀ ਵਰਤੋਂ ਕੀਤੀ। ਅਜਿਹਾ ਦੋ ਕਾਰਨਾਂ ਕਰਕੇ ਕੀਤਾ ਗਿਆ। ਇਕ ਤਾਂ ਜੰਗਲਾਂ ਵਿੱਚ ਦਰਖਤਾਂ ਦੇ ਪੱਤੇ ਝਾੜਨ ਲਈ ਤਾਂ ਕਿ ਵੀਅਤਨਾਮੀ ਫੌਜਾਂ ਜੰਗਲਾਂ ਵਿੱਚ ਲੁਕ ਨਾ ਸਕਣ ਅਤੇ ਦੂਸਰਾ ਫਸਲਾਂ ਤਬਾਹ ਕਰਨ ਲਈ ਤਾਂਕਿ ਵੀਅਤਨਾਮ ਦੇ ਅਨਾਜ ਉਤਪਾਦਨ ਉੱਪਰ ਸੱਟ ਮਾਰੀ ਜਾ ਸਕੇ। ਬਰਾਇਰ ਏ. ਐੱਚ. ਵੈਸਟਿੰਗ ਦੇ ਹਵਾਲੇ ਨਾਲ ਲਿਖਦਾ ਹੈ ਕਿ ਸੰਨ 1962-71 ਵਿਚਕਾਰ ਅਮਰੀਕੀ ਫੌਜਾਂ ਵੱਲੋਂ ਦੱਖਣੀ ਵੀਅਤਨਾਮ ਦੇ 16,700 ਵਰਗ ਕਿਲੋਮੀਟਰ ਦੇ ਇਲਾਕੇ ਉੱਪਰ 7 ਕ੍ਰੋੜ 24 ਲੱਖ ਲੀਟਰ ਬੂਟੀਨਾਸ਼ਕ ਦਵਾਈਆਂ ਛਿੜਕਾਈਆਂ ਗਈਆਂ।(58) ਇਹਨਾਂ ਦਵਾਈਆਂ ਨਾਲ ਵੀਅਤਨਾਮ ਦੇ ਵਾਤਾਵਰਨ ਉੱਪਰ ਕਿਸ ਤਰ੍ਹਾਂ ਦਾ ਅਸਰ ਪਿਆ ਹੈ ਇਸ ਬਾਰੇ ਬਰਾਇਰ ਬਹੁਤ ਸਾਰੇ ਅਧਿਅਨਾਂ ਵਿੱਚੋਂ ਜਾਣਕਾਰੀ ਪੇਸ਼ ਕਰਦਾ ਹੈ। ਇਹ ਅਧਿਅਨ ਕਰਨ ਲਈ ਵਰਤੇ ਗਏ ਵੱਖ ਵੱਖ ਢੰਗਾਂ, ਵੱਖ ਵੱਖ ਜਾਣਕਾਰੀ ਦੇ ਸ੍ਰੋਤਾਂ ਆਦਿ ਕਾਰਨ ਇਹਨਾਂ ਵਿੱਚ ਵੀਅਤਨਾਮ ਵਿੱਚ ਹੋਏ ਵਾਤਾਵਰਨ ਦੇ ਨੁਕਸਾਨ ਬਾਰੇ ਵੱਖ ਵੱਖ ਅੰਦਾਜ਼ੇ ਲਗਾਏ ਗਏ ਹਨ। ਇਸ ਦੇ ਨਾਲ ਨਾਲ ਕਈ ਹੋਰ ਪੱਖ ਹਨ ਜੋ ਬੂਟੀਨਾਸ਼ਕ ਦਵਾਈਆਂ ਕਾਰਨ ਵੀਅਤਨਾਮ ਦੇ ਜੰਗਲਾਂ ਨੂੰ ਹੋਏ ਨੁਕਸਾਨ ਬਾਰੇ ਸਹੀ ਅੰਦਾਜ਼ਾ ਲਾਉਣ ਵਿੱਚ ਮੁਸ਼ਕਿਲ ਪੇਸ਼ ਕਰਦੇ ਹਨ। ਉਦਾਹਰਨ ਲਈ, ਜੰਗਲਾਂ ਦੇ ਦਰੱਖਤਾਂ ਉੱਤੇ ਪੱਤੇ ਝਾੜਨ ਲਈ ਛਿੜਕੀ ਦਵਾ ਕਾਰਨ ਦਰੱਖਤਾਂ ਨੂੰ ਹੋਇਆ ਨੁਕਸਾਨ ਸਿਰਫ ਇਕ ਸੀਜਨ ਲਈ ਹੀ ਰਿਹਾ ਸੀ ਜਾਂ ਇਸ ਕਾਰਨ ਪੱਕਾ ਜਾਂ ਲੰਮੇ ਚਿਰ ਤੱਕ ਰਹਿਣ ਵਾਲਾ ਨੁਕਸਾਨ ਵੀ ਹੋਇਆ ਸੀ। ਇਸ ਹੀ ਤਰ੍ਹਾਂ ਉਪਰਲੇ ਦਰੱਖਤਾਂ ਦੇ ਪੱਤੇ ਝੜਨ ਨਾਲ ਉਹਨਾਂ ਦੇ ਹੇਠਾਂ ਉੱਗੀਆਂ ਹੋਈਆਂ ਜੜ੍ਹੀਆਂ ਬੂਟੀਆਂ ਅਤੇ ਜੀਵ ਜੰਤੂਆਂ ਉੱਪਰ ਕਿਸ ਤਰ੍ਹਾਂ ਦਾ ਅਸਰ ਹੋਇਆ ਸੀ। ਇਹਨਾਂ ਅਤੇ ਇਸ ਤਰ੍ਹਾਂ ਦੀਆਂ ਹੋਰ ਮੁਸ਼ਕਿਲਾਂ ਕਾਰਨ ਬਰਾਇਰ ਦੱਖਣੀ ਵੀਅਤਨਾਮ ਵਿੱਚ ਏਨੀ ਵੱਡੀ ਮਾਤਰਾ ਵਿੱਚ ਵਰਤੀਆਂ ਗਈਆਂ ਬੂਟੀਨਾਸ਼ਕ ਦਵਾਈਆਂ ਕਾਰਨ ਵਾਤਾਵਰਨ ਨੂੰ ਹੋਏ ਨੁਕਸਾਨ ਬਾਰੇ ਠੋਸ ਨਤੀਜੇ ਕੱਢਣੋਂ ਝਿਜਕਦਾ ਹੈ। ਪਰ ਇਸ ਦੇ ਨਾਲ ਨਾਲ ਉਹ ਇਹ ਵੀ ਕਹਿੰਦਾ ਹੈ ਕਿ "ਬੰਬਾਂ ਕਾਰਨ ਦੱਖਣੀ ਵੀਅਤਨਾਮ ਦੀ 40 ਫੀਸਦੀ ਧਰਤੀ, ਬੁਲਡੋਜ਼ਰਾਂ ਕਾਰਨ 2 ਫੀਸਦੀ ਧਰਤੀ ਅਤੇ ਬੂਟੀਨਾਸ਼ਕ ਦਵਾਈਆਂ ਦੀ ਵਰਤੋਂ ਕਾਰਨ 10 ਫੀਸਦੀ ਧਰਤੀ ਪ੍ਰਭਾਵਿਤ ਹੋਈ। ਇਹ ਸਪੱਸ਼ਟ ਰੂਪ ਵਿੱਚ ਕਿਹਾ ਜਾ ਸਕਦਾ ਹੈ ਕਿ ਲਗਭਗ ਅੱਧੇ ਦੱਖਣੀ ਵੀਅਤਨਾਮ ਦੇ ਵਾਤਾਵਰਨ ਉੱਤੇ ਪ੍ਰਭਾਵ ਪਿਆ। ਬੇਸ਼ੱਕ, ਇਹ ਅਸਰ ਕਈ ਤਰ੍ਹਾਂ ਦੇ ਸਨ। ਉਹ ਗੰਭੀਰ ਵੀ ਸਨ ਅਤੇ ਇਕ ਤਰ੍ਹਾਂ ਨਾਲ ਲੰਮੇ ਸਮੇਂ ਤੱਕ ਰਹਿਣ ਵਾਲੇ ਵੀ। ਉਹ ਗੰਭੀਰ ਇਸ ਤਰ੍ਹਾਂ ਸਨ ਕਿ ਕ੍ਰੋੜਾਂ ਦਰੱਖਤ ਅਤੇ ਹੋਰ ਬਨਸਪਤੀ ਨੁਕਸਾਨੀ ਗਈ ਅਤੇ ਨਸ਼ਟ ਹੋ ਗਈ। ਬਨਸਪਤੀ ਦੇ ਨਸ਼ਟ ਹੋਣ ਨਾਲ ਜਾਨਵਰਾਂ ਦੀ ਖੁਰਾਕ ਅਤੇ ਪਨਾਹ ਵਾਲੀਆਂ ਥਾਂਵਾਂ ਵਿੱਚ ਕਮੀ ਆਉਂਦੀ ਹੈ। ਵਾਤਾਵਰਨ ਵਿੱਚ ਦੁਬਾਰਾ ਸੁਧਾਰ ਹੋਣ ਵਿੱਚ ਦਹਾਕੇ ਲੱਗਦੇ ਹਨ, ਇਸ ਲਈ ਇਹ ਅਸਰ ਲੰਮੇ ਸਮੇਂ ਤੱਕ ਰਹਿਣ ਵਾਲੇ ਸਨ (ਹਨ)..." (59)

ਅਫਗਾਨਿਸਤਾਨ ਪਿਛਲੇ ਤਿੰਨ ਦਹਾਕਿਆਂ ਤੋਂ ਜੰਗ ਦੀ ਮਾਰ ਹੇਠ ਹੈ। ਇਹਨਾਂ ਤਿੰਨਾਂ ਦਹਾਕਿਆਂ ਦੌਰਾਨ ਅਫਗਾਨਿਸਤਾਨ ਦੇ ਜੰਗਲਾਂ ਨੂੰ ਬੁਰੀ ਤਰ੍ਹਾਂ ਨੁਕਸਾਨ ਪਹੁੰਚਿਆ ਹੈ। ਇਸ ਨੁਕਸਾਨ ਕਰਨ ਵਿੱਚ ਜੰਗ ਨੇ ਕਈ ਢੰਗਾਂ ਨਾਲ ਆਪਣਾ ਅਸਰ ਪਾਇਆ ਹੈ। ਸਭ ਤੋਂ ਪਹਿਲਾਂ ਬੰਬਾਂ ਅਤੇ ਗੋਲੀਬਾਰੀ ਕਾਰਨ ਜੰਗਲਾਂ ਦਾ ਸਿੱਧਾ ਨੁਕਸਾਨ ਹੋਇਆ ਹੈ। ਕੁੱਝ ਇਕ ਰਿਪੋਰਟਾਂ ਵਿੱਚ ਅਫਗਾਨਿਸਤਾਨ ਵਿੱਚ ਸੋਵੀਅਤ ਯੂਨੀਅਨ ਦੀਆਂ ਫੌਜਾਂ ਦੇ ਦੌਰ ਸਮੇਂ ਲੜਾਈ ਦੌਰਾਨ ਜੰਗਲਾਂ ਨੂੰ ਅੱਗਾਂ ਲੱਗਣ ਦੀਆਂ ਰਿਪੋਰਟਾਂ ਹਨ। ਦੂਜੀ ਪੱਧਰ ਉੱਤੇ ਦੇਸ਼ ਵਿੱਚ ਏਨਾ ਸਮਾਂ ਲੜਾਈ ਰਹਿਣ ਕਾਰਨ ਦੇਸ਼ ਵਿੱਚ ਕੋਈ ਸਥਿਰ ਅਤੇ ਮਜ਼ਬੂਤ ਸਰਕਾਰ ਨਹੀਂ ਰਹੀ ਜਿਸਦੀ ਅਥਾਰਟੀ ਸਾਰੇ ਦੇਸ਼ ਉੱਤੇ ਲਾਗੂ ਹੁੰਦੀ ਹੋਵੇ ਅਤੇ ਜੋ ਦੇਸ਼ ਦੇ ਜੰਗਲਾਂ ਦੀ ਸੰਭਾਲ ਅਤੇ ਸੁਰੱਖਿਆ ਕਰਨ ਦੇ ਯੋਗ ਹੋਵੇ। ਨਤੀਜੇ ਵੱਜੋਂ ਅਫਗਾਨਿਸਤਾਨ ਵਿੱਚ ਇਕ ਟਿੰਬਰ ਮਾਫੀਆ ਪੈਦਾ ਹੋ ਗਿਆ ਹੈ ਜੋ ਅਫਗਾਨਿਸਤਾਨ ਦੇ ਜੰਗਲਾਂ ਨੂੰ ਕੱਟ ਕੱਟ ਕੇ ਪਾਕਿਸਤਾਨ ਨੂੰ ਸਮਗਲ ਕਰ ਰਿਹਾ ਹੈ। ਮਦਰ ਜੋਨਜ਼ ਮੈਗਜ਼ੀਨ ਵਿੱਚ ਛਪੇ ਇਕ ਆਰਟੀਕਲ ਵਿੱਚ ਮਾਈਕਲ ਕੈਂਬਰ ਲਿਖਦਾ ਹੈ ਕਿ ਤੁਸੀਂ ਅਫਗਾਨਿਸਤਾਨ/ਪਾਕਿਸਤਾਨ ਬਾਰਡਰ ਉੱਤੇ ਖੜ੍ਹੇ ਹੋ ਕੇ ਕੱਟੇ ਹੋਏ ਦਰੱਖਤਾਂ ਦੇ ਤਣਿਆਂ (ਲਾਗਾਂ) ਨਾਲ ਲੱਦੇ ਹੋਏ ਟਰੱਕ ਅਫਗਾਨਿਸਤਾਨ ਤੋਂ ਪਾਕਿਸਤਾਨ ਵਿੱਚ ਆਉਂਦੇ ਆਮ ਦੇਖ ਸਕਦੇ ਹੋ।ਅਫਗਾਨਿਸਤਾਨ ਵਿੱਚ ਟਿੰਬਰ ਦੀ ਇਹ ਸਮੱਗਲਿੰਗ ਵਪਾਰਕ ਫਾਇਦੇ ਲਈ ਵੀ ਕੀਤੀ ਜਾਂਦੀ ਹੈ ਅਤੇ ਤਾਲਿਬਨਾਂ ਵੱਲੋਂ ਆਪਣੀਆਂ ਫੌਜੀ ਕਾਰਵਾਈਆਂ ਲਈ ਧਨ ਇਕੱਤਰ ਕਰਨ ਲਈ ਵੀ ਕੀਤੀ ਜਾਂਦੀ ਹੈ। ਅਫਗਾਨਿਸਤਾਨ ਵਿੱਚ ਜੰਗਲਾਂ ਦੇ ਨੁਕਸਾਨ ਦੇ ਸੰਬੰਧ ਵਿੱਚ ਅਗਲੀ ਗੱਲ ਇਹ ਹੈ ਕਿ ਲੜਾਈ ਕਾਰਨ ਅਫਗਾਨਿਸਤਾਨ ਦਾ ਬੁਨਿਆਦੀ ਢਾਂਚਾ ਬੁਰੀ ਤਰ੍ਹਾਂ ਢਹਿ ਢੇਰੀ ਹੋ ਗਿਆ ਹੈ। ਬਿਜਲੀ ਪੈਦਾ ਕਰਨ ਵਾਲੇ ਕਈ ਪਲਾਂਟ ਅਤੇ ਬਿਜਲੀ ਲਿਆਉਣ ਵਾਲੀਆਂ ਲਾਈਨਾਂ ਢਹਿ ਢੇਰੀ ਹੋ ਗਈਆਂ। ਨਤੀਜੇ ਵੱਜੋਂ ਸ਼ਹਿਰਾਂ ਦੀ ਵਸੋਂ ਨੂੰ ਵੀ ਆਪਣੀਆਂ ਬਾਲਣ ਦੀਆਂ ਲੋੜਾਂ ਦੀ ਪੂਰਤੀ ਕਰਨ ਲਈ ਲੱਕੜ ਉੱਤੇ ਨਿਰਭਰ ਹੋਣਾ ਪੈ ਰਿਹਾ ਹੈ, ਜਿਸ ਨਾਲ ਅਫਗਾਨਿਸਤਾਨ ਦੇ ਜੰਗਲਾਂ ਨੂੰ ਕੱਟਣ ਦੀ ਦਰ ਵਿੱਚ ਹੋਰ ਵਾਧਾ ਹੋ ਰਿਹਾ ਹੈ। (60)

ਸੰਨ 2002 ਵਿੱਚ ਯੂਨਾਈਟਿਡ ਨੇਸ਼ਨਜ਼ ਇਨਵਾਇਰਮੈਂਟ ਪ੍ਰੋਗਰਾਮ ਦੀ ਇਕ ਟੀਮ ਅਫਗਾਨਿਸਤਾਨ ਵਿੱਚ ਵਾਤਾਵਰਨ ਨੂੰ ਹੋਏ ਨੁਕਸਾਨ ਦਾ ਜਾਇਜ਼ਾ ਲੈਣ ਲਈ ਗਈ ਤਾਂ ਉਸ ਨੇ ਆਪਣੀ ਰਿਪੋਰਟ *"ਅਫਗਾਨਿਸਤਾਨ ਆਨ ਦੀ ਬਰਿੰਕ ਆਫ ਨੈਚੁਰਲ ਡਇਜ਼ੈਸਟਰ"* ਵਿੱਚ ਲਿਖਿਆ ਕਿ ਬਾਦਘੀਸ ਅਤੇ ਤੱਖਰ ਸੂਬਿਆਂ ਦੇ ਕਈ ਇਲਾਕਿਆਂ ਵਿੱਚ ਇਕ ਵੀ ਦਰੱਖਤ ਨਹੀਂ ਬੱਚਿਆ, ਜਿਹਨਾਂ ਇਲਾਕਿਆਂ ਵਿੱਚ ਤਿੰਨ ਦਹਾਕੇ ਪਹਿਲਾਂ ਘਣੇ ਜੰਗਲ ਹੁੰਦੇ ਸਨ। (61) ਮਾਈਕਲ ਕੈਂਬਰ ਵੀ ਆਪਣੇ ਆਰਟੀਕਲ ਵਿੱਚ ਅਫਗਾਨਿਸਤਾਨ ਦੀ ਵਾਤਾਵਰਨ ਅਤੇ ਜੰਗਲਾਂ ਦੀ ਸਥਿਤੀ ਬਾਰੇ ਕੁੱਝ ਇਸ ਤਰ੍ਹਾਂ ਦੇ ਵਿਚਾਰ ਹੀ ਪੇਸ਼ ਕਰਦਾ ਹੈ। ਉਹ ਲਿਖਦਾ ਹੈ, "ਅਮਰੀਕਾ ਵਲੋਂ ਤਾਲਿਬਾਨ ਅਤੇ ਅਲਕਾਇਦਾ ਵਿਰੁੱਧ ਲੜੀ ਜਾ ਰਹੀ ਲੜਾਈ ਵਿੱਚ ਅਫਗਾਨਿਸਤਾਨ ਦੇ ਵਾਤਾਵਰਨ ਬਾਰੇ ਬਹੁਤ ਘੱਟ ਕਿਹਾ ਗਿਆ ਹੈ। ਇਹ ਇਕ ਬਹੁਤ ਵੱਡੀ ਭੁੱਲ ਹੈ ਕਿਉਂਕਿ ਢਾਈ ਕ੍ਰੋੜ ਵਸੋਂ ਵਾਲਾ, ਚਾਰੇ ਪਾਸਿਉਂ ਧਰਤੀ ਨਾਲ ਘਿਰਿਆ (ਲੈਂਡ ਲਾਕਡ) ਇਹ ਦੇਸ਼ ਵਾਤਾਵਰਨ ਨਾਲ ਸੰਬੰਧਤ ਮਾਰੂ ਤਬਾਹੀ ਦਾ ਸਾਹਮਣਾ ਕਰ ਰਿਹਾ ਹੈ, ਜਿਹੜੇ ਸੰਕਟ ਨੂੰ ਜੰਗ ਨੇ ਹੋਰ ਭਿਆਨਕ ਬਣਾ ਦਿੱਤਾ ਹੈ। ਇਸ ਸਮੇਂ ਖਾਨਾਜੰਗੀ ਦਾ ਇਕ ਹੋਰ ਗੇੜ ਦੇਸ਼ ਦੇ ਜੰਗਲਾਂ ਅਤੇ ਪਹਿਲਾਂ ਹੀ ਸੰਕਟਮਈ ਸਥਿਤੀ ਵਿੱਚ ਘਿਰੇ ਕਈ ਜੀਵ ਜੰਤੂਆਂ ਦਾ ਸਫਾਇਆ ਕਰ ਸਕਦਾ ਹੈ।" (62) ਕੈਂਬਰ ਆਪਣੇ ਆਰਟੀਕਲ ਵਿੱਚ ਅੱਗੇ ਲਿਖਦਾ ਹੈ ਕਿ ਵਾਤਾਵਰਨ ਨਾਲ ਸੰਬੰਧਤ ਸੰਸਥਾਂਵਾਂ ਸਿਫਾਰਿਸ਼ ਕਰ ਰਹੀਆਂ ਹਨ ਕਿ ਧਰਤੀ ਨੂੰ ਹੋ ਰਹੇ ਨੁਕਸਾਨ ਅਤੇ ਹਵਾ ਦੀ ਕੁਆਲਟੀ ਠੀਕ ਰੱਖਣ ਲਈ ਅਫਗਾਨਿਸਤਾਨ ਦੇ

15 ਫੀਸਦੀ ਖੇਤਰਫਲ ਵਿੱਚ ਜੰਗਲ ਹੋਣੇ ਚਾਹੀਦੇ ਹਨ ਜਦੋਂ ਕਿ ਅਸਲੀਅਤ ਇਹ ਹੈ ਕਿ ਹੁਣ ਅਫਗਾਨਿਸਤਾਨ ਦੀ ਧਰਤੀ ਦੇ ਸਿਰਫ 1 ਅਤੇ ਦੋ ਫੀਸਦੀ ਖੇਤਰ ਵਿੱਚ ਜੰਗਲ ਹਨ।

**ਫੌਜ ਵਲੋਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੇ ਹੋਰ ਪੱਖ**

ਹੁਣ ਤੱਕ ਅਸੀਂ ਫੌਜ ਵੱਲੋਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੇ ਕੁੱਝ ਇਕ ਪੱਖਾਂ ਬਾਰੇ ਵਿਸਥਾਰਪੂਰਬਕ ਗੱਲ ਕੀਤੀ ਹੈ। ਇਹਨਾਂ ਤੋਂ ਬਿਨਾਂ ਫੌਜ ਵਲੋਂ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਦੇ ਕਈ ਹੋਰ ਪੱਖ ਵੀ ਹਨ। ਉਦਾਹਰਨ ਲਈ ਫੌਜ ਦੀਆਂ ਸਿਖਲਾਈ ਦੀਆਂ ਮਸ਼ਕਾਂ, ਜੰਗਾਂ ਕਾਰਨ ਪੈਦਾ ਹੋਏ ਸ਼ਰਨਾਰਥੀ ਅਤੇ ਫੌਜੀ ਮਸ਼ੀਨਰੀ ਅਤੇ ਸਾਜ਼ੋ ਸਾਮਾਨ ਬਣਾਉਣ ਲਈ ਵਰਤੀ ਜਾਂਦੀ ਸਮੱਗਰੀ, ਊਰਜਾ, ਅਤੇ ਹੋਰ ਵਸੀਲੇ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਨਿਭਾਉਂਦੇ ਹਨ। ਲੇਖ ਲੰਮਾ ਹੋ ਜਾਣ ਕਾਰਨ ਇੱਥੇ ਇਹਨਾਂ ਸਾਰੇ ਪੱਖਾਂ ਬਾਰੇ ਵਿਸਥਾਰਪੂਰਬਕ ਗੱਲ ਨਹੀਂ ਕੀਤੀ ਜਾ ਸਕਦੀ। ਇਸ ਦੇ ਨਾਲ ਹੀ ਇਹ ਗੱਲ ਵੀ ਨੋਟ ਕਰਨ ਵਾਲੀ ਹੈ ਕਿ ਇਸ ਲੇਖ ਵਿੱਚ ਵਰਤੀਆਂ ਬਹੁਤੀਆਂ ਉਦਾਹਰਨਾਂ ਅਮਰੀਕਾ ਦੀ ਫੌਜ ਨਾਲ ਸੰਬੰਧਤ ਹਨ। ਅਜਿਹਾ ਇਸ ਕਰਕੇ ਵਾਪਰਿਆ ਹੈ ਕਿਉਂਕਿ ਇਸ ਲੇਖ ਬਾਰੇ ਖੋਜ ਕਰਦਿਆਂ ਲੇਖਕ ਨੂੰ ਅਮਰੀਕਾ ਬਾਰੇ ਜ਼ਿਆਦਾ ਜਾਣਕਾਰੀ ਪ੍ਰਾਪਤ ਹੋਈ ਹੈ। ਇਸ ਦੇ ਨਾਲ ਹੀ ਇਹ ਵੀ ਨੋਟ ਕਰਨ ਵਾਲੀ ਗੱਲ ਹੈ ਕਿ ਇਸ ਸਮੇਂ ਦੁਨੀਆ ਭਰ ਵਿੱਚ ਫੌਜਾਂ ਉੱਤੇ ਹੋਣ ਵਾਲੇ ਖਰਚਿਆਂ ਦੇ 43 ਫੀਸਦੀ ਦੇ ਬਰਾਬਰ ਖਰਚੇ ਅਮਰੀਕਾ ਵੱਲੋਂ ਕੀਤੇ ਜਾ ਰਹੇ ਹਨ। ਸਟਾਕਹੋਮ ਇੰਟਰਨੈਸ਼ਨਲ ਪੀਸ ਰੀਸਰਚ ਇੰਸਟੀਚਿਊਟ ਵੱਲੋਂ ਸੰਨ 2009 ਵਿੱਚ ਦੁਨੀਆ ਭਰ ਵਿੱਚ ਹੋਏ ਕੁੱਲ ਫੌਜੀ ਖਰਚਿਆਂ ਦਾ ਅੰਦਾਜ਼ਾਂ 15.31 ਖਰਬ (1.531 ਟ੍ਰਿਲੀਅਨ ਜਾਂ1531 ਬਿਲੀਅਨ) ਡਾਲਰ ਦੇ ਬਰਾਬਰ ਲਾਇਆ ਗਿਆ ਹੈ। ਇਹਨਾਂ ਖਰਚਿਆਂ ਵਿੱਚੋਂ 6.61 ਖਰਬ (661 ਬਿਲੀਅਨ) ਡਾਲਰ ਅਮਰੀਕਾ ਨੇ ਖਰਚੇ ਸਨ। (63) ਫਿਰ ਵੀ ਇਹ ਲੇਖ ਪੜ੍ਹ ਕੇ ਇਹ ਪ੍ਰਭਾਵ ਬਿਲਕੁਲ ਨਹੀਂ ਲੈਣਾ ਚਾਹੀਦਾ ਕਿ ਦੁਨੀਆ ਦੇ ਹੋਰ ਦੇਸ਼ਾਂ ਦੀਆਂ ਫੌਜਾਂ ਦੀ ਵਾਤਾਵਰਨ ਨੂੰ ਨੁਕਸਾਨ ਵਿੱਚ ਭੂਮਿਕਾ ਨਹੀਂ ਹੈ। ਹਰ ਦੇਸ਼ ਦੀਆਂ ਫੌਜਾਂ ਦੀ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਹੈ। ਉਦਾਹਰਨ ਲਈ, 15 ਜੁਲਾਈ 2010 ਨੂੰ ਡੈਮੋਕਰੇਸੀ ਨਾਉ ਨੂੰ ਦਿੱਤੀ ਇਕ ਇੰਟਰਵੀਊ ਦੌਰਾਨ ਸਿੱਕਮ ਦੇ ਗਲੇਸ਼ੀਅਰ ਅਤੇ ਕਲਾਈਮੇਟ ਚੇਂਜ ਕਮਿਸ਼ਨ ਦੇ ਪ੍ਰਧਾਨ ਸਈਦ ਇਕਬਾਲ ਹਸਨੈਨ ਨੇ ਕਿਹਾ ਕਿ ਹਿਮਾਲਿਆ ਖੇਤਰ ਵਿੱਚ ਮੌਜੂਦ ਚੀਨ, ਹਿੰਦੁਸਤਾਨ ਅਤੇ ਪਾਕਿਸਤਾਨ ਦੀਆਂ ਫੌਜਾਂ ਦੀਆਂ ਗੱਡੀਆਂ ਵਲੋਂ ਤੇਲ ਬਾਲਣ ਕਾਰਨ ਵਾਤਾਵਰਨ ਵਿੱਚ ਛੱਡੀਆਂ ਜਾ ਰਹੀਆਂ ਗਰੀਨ ਹਾਊਸ ਗੈਸਾਂ ਇਸ ਖੇਤਰ ਦੇ ਗਲੇਸ਼ੀਅਰਾਂ ਨੂੰ ਪਿਘਲਾਉਣ ਦਾ ਇਕ ਕਾਰਨ ਹੋ ਸਕਦੀਆਂ ਹਨ। (64)

**ਸਿੱਟਾ:**

ਉਪਰਲੀ ਜਾਣਕਾਰੀ ਦੇ ਆਧਾਰ ਉੱਪਰ ਸਭ ਤੋਂ ਪਹਿਲਾ ਸਿੱਟਾ ਤਾਂ ਇਹ ਕੱਢਿਆ ਜਾ ਸਕਦਾ ਹੈ ਕਿ ਫੌਜ ਅਤੇ ਉਸਦੀਆਂ ਕਾਰਵਾਈਆਂ ਦੀ ਵਾਤਾਵਰਨ ਨੂੰ ਨੁਕਸਾਨ ਪਹੁੰਚਾਉਣ ਵਿੱਚ ਵੱਡੀ ਭੂਮਿਕਾ ਹੈ। ਆਮ ਕਰਕੇ ਸਾਡੇ ਹੁਕਮਰਾਨਾਂ ਵੱਲੋਂ ਇਹ ਦਾਅਵਾ ਕੀਤਾ ਜਾਂਦਾ ਹੈ ਕਿ ਫੌਜ ਦੀ ਹੋਂਦ ਦੇਸ਼/ਦੇਸ਼ਾਂ ਦੀ ਸੁਰੱਖਿਆ ਲਈ ਜ਼ਰੂਰੀ ਹੈ। ਪਰ ਅਸਲੀਅਤ ਇਹ ਹੈ ਕਿ ਦੁਨੀਆਂ ਭਰ ਵਿੱਚ ਫੌਜ, ਉਸ ਵੱਲੋਂ ਲੜੀਆਂ ਜਾ ਰਹੀਆਂ ਜੰਗਾਂ ਅਤੇ ਉਸਦੀਆਂ ਹੋਰ ਕਾਰਵਾਈਆਂ ਵਾਤਾਵਰਨ ਨੂੰ ਨੁਕਸਾਨ ਪਹੁੰਚਾ ਕੇ ਧਰਤੀ ਦੀ ਹੋਂਦ ਲਈ ਅਤੇ ਨਤੀਜੇ ਵਜੋਂ ਸਾਡੀ ਸੁਰੱਖਿਆ ਲਈ ਖਤਰਾ ਬਣ ਰਹੀਆਂ ਹਨ। ਫੌਜ ਦੀਆਂ ਜੰਗੀ ਕਾਰਵਾਈਆਂ ਕਾਰਨ ਇਕੱਲੇ ਉਸ ਥਾਂ ਦੇ ਵਾਤਾਵਰਨ ਨੂੰ ਹੀ ਨੁਕਸਾਨ ਨਹੀਂ ਪਹੁੰਚਦਾ ਜਿੱਥੇ ਜੰਗ ਲੜੀ ਜਾ ਰਹੀ ਹੋਵੇ ਸਗੋਂ ਸਮੁੱਚੀ ਧਰਤੀ ਦੇ ਵਾਤਾਵਰਨ ਨੂੰ ਨੁਕਸਾਨ ਪਹੁੰਚਦਾ ਹੈ। ਨਤੀਜੇ ਵਜੋਂ ਜੰਗੀ ਕਾਰਵਾਈਆਂ ਕਾਰਨ ਉਹਨਾਂ ਲੋਕਾਂ ਦੀ ਹੋਂਦ ਵੀ ਖਤਰੇ ਵਿੱਚ ਪੈਂਦੀ ਹੈ ਜੋ ਜੰਗ ਦੇ ਇਲਾਕੇ ਤੋਂ ਦੂਰ ਹੋਣ।

ਇਸ ਲਈ ਜੇ ਅਸੀਂ ਸਹੀ ਅਰਥਾਂ ਵਿੱਚ ਵਾਤਾਵਰਨ ਨੂੰ ਬਚਾਉਣਾ ਹੈ ਤਾਂ ਸਾਡੇ ਵਲੋਂ ਸੰਸਾਰ ਭਰ ਵਿੱਚ ਲੜੀਆਂ ਜਾ ਰਹੀਆਂ ਜੰਗਾਂ ਦਾ ਵਿਰੋਧ ਕਰਨਾ ਜ਼ਰੂਰੀ ਹੈ।

ਪ੍ਰਚੱਲਿਤ ਮੀਡੀਏ ਵਿੱਚ ਆਮ ਤੌਰ ਉੱਤੇ ਵਾਤਾਵਰਨ ਦੀ ਸਮੱਸਿਆ ਦੇ ਕੁੱਝ ਇਸ ਤਰ੍ਹਾਂ ਦੇ ਹੱਲ ਪੇਸ਼ ਕੀਤੇ ਜਾਂਦੇ ਹਨ: ਵਾਤਾਵਰਨ ਨੂੰ ਬਚਾਉਣ ਲਈ ਸਾਨੂੰ ਉਸ ਕਮਰੇ ਦੀ ਬੱਤੀ ਬੰਦ ਕਰ ਦੇਣੀ ਚਾਹੀਦੀ ਹੈ ਜਿਸ ਕਮਰੇ ਵਿੱਚ ਅਸੀਂ ਨਾ ਹੋਈਏ, ਸਾਨੂੰ ਅਜਿਹੇ ਬਲਬ ਵਰਤਣੇ ਚਾਹੀਦੇ ਹਨ ਜਿਹੜੇ ਬਿਜਲੀ ਦੀ ਖਪਤ ਘੱਟ ਕਰਦੇ ਹੋਣ, ਸਾਨੂੰ ਬਿਨਾਂ ਵਜ੍ਹਾ ਦੇ ਕਾਰ ਸਟਾਰਟ ਨਹੀਂ ਰੱਖਣੀ ਚਾਹੀਦੀ, ਸਾਨੂੰ ਵਸਤਾਂ ਰੀਸਾਈਕਲ ਕਰਨੀਆਂ ਚਾਹੀਦੀਆਂ ਹਨ, ਵਗੈਰਾ ਵਗੈਰਾ। ਜੇ ਅਸੀਂ ਇਹਨਾਂ ਹੱਲਾਂ ਨੂੰ ਉਪ੍ਰੋਕਤ ਜਾਣਕਾਰੀ ਦੇ ਮੱਦੇਨਜ਼ਰ ਦੇਖੀਏ ਤਾਂ ਇਹ ਗੱਲ ਸਾਫ ਹੋ ਜਾਂਦੀ ਹੈ ਕਿ ਇਹ ਹੱਲ ਵਾਤਾਵਰਨ ਦੀ ਸਮੱਸਿਆ ਨੂੰ ਸੁਲਝਾਉਣ ਲਈ ਕੋਈ ਅਸਰਦਾਇਕ ਭੂਮਿਕਾ ਨਹੀਂ ਨਿਭਾ ਸਕਦੇ। ਉਦਾਹਰਨ ਲਈ ਜਿੰਨਾ ਤੇਲ 1000 ਕਾਰਾਂ ਸਾਲ ਵਿੱਚ ਖਾਂਦੀਆਂ ਹਨ, ਉਨਾ ਤੇਲ ਐਬਰੈਮ ਟੈਂਕਾਂ ਦੀ ਇਕ ਡਿਵੀਜ਼ਨ ਇਕ ਦਿਨ ਵਿੱਚ ਖਾ ਜਾਂਦੀ ਹੈ ਜਾਂ ਜਿੰਨਾ ਤੇਲ ਇਕ ਪਰਿਵਾਰਕ ਕਾਰ ਤਿੰਨ ਸਾਲਾਂ ਵਿੱਚ ਖਾਂਦੀ ਹੈ, ਉਨਾ ਜਾਂ ਉਸ ਤੋਂ ਵੱਧ ਤੇਲ ਇਕ ਫਾਈਟਰ ਜਹਾਜ਼ ਇਕ ਘੰਟੇ ਵਿੱਚ ਖਾ ਜਾਂਦੇ ਹਨ। ਅਸੀਂ ਆਪਣੀਆਂ ਕਾਰਾਂ ਨੂੰ ਬਿਨ੍ਹਾਂ ਵਜ੍ਹਾ ਦੇ ਸਟਾਰਟ ਰੱਖਣ ਉੱਤੇ ਜਿੰਨੀ ਮਰਜ਼ੀ ਰੋਕ ਲਾ ਲਈਏ, ਅਸੀਂ ਵਾਤਾਵਰਨ ਵਿੱਚ ਫੈਲਣ ਵਾਲੀਆਂ ਗੈਸਾਂ ਦੀ ਮਾਤਰਾ ਉਨਾ ਚਿਰ ਨਹੀਂ ਘਟਾ ਸਕਾਂਗੇ ਜਿੰਨਾ ਚਿਰ ਤੱਕ ਫੌਜਾਂ ਦੇ ਇਕੱਲੇ ਇਕੱਲੇ ਫਾਈਟਰ ਜਹਾਜ਼ ਇਕ ਘੰਟੇ ਵਿੱਚ ਤੇਲ ਦੇ ਸੈਂਕੜੇ ਗੈਲਨਾਂ ਦੀ ਖਪਤ ਕਰਦੇ ਰਹਿਣਗੇ। ਇਸ ਲਈ ਵਾਤਾਵਰਨ ਵਿੱਚ ਗਰੀਨ ਹਾਊਸ ਗੈਸਾਂ ਦੇ ਫੈਲਾਅ ਨੂੰ ਰੋਕਣ ਲਈ ਜੰਗ ਅਤੇ ਫੌਜੀ ਕਾਰਵਾਈਆਂ ਦਾ ਵਿਰੋਧ ਕਰਨਾ ਜ਼ਰੂਰੀ ਹੈ।

ਅਖੀਰ ਵਿੱਚ ਸਾਡੇ ਲਈ ਇਹ ਸਮਝਣਾ ਵੀ ਜ਼ਰੂਰੀ ਹੈ ਕਿ ਦੁਨੀਆਂ ਵਿੱਚ ਲੜੀਆਂ ਜਾ ਰਹੀਆਂ ਇਹ ਜੰਗਾਂ, ਫੌਜਾਂ ਦੀ ਗਿਣਤੀ ਵਿੱਚ ਹੋ ਰਿਹਾ ਇਹ ਵਾਧਾ ਅਤੇ ਹਥਿਆਰਾਂ ਦਾ ਹੋ ਰਿਹਾ ਇਹ ਉਤਪਾਦਨ ਸੰਸਾਰ ਦੇ ਸਿਆਸੀ ਅਤੇ ਆਰਥਿਕ ਪ੍ਰਬੰਧ ਨਾਲ ਬੱਝਾ ਹੋਇਆ ਹੈ। ਇਸ ਸੰਸਾਰ-ਪ੍ਰਬੰਧ ਵਿੱਚ ਤਾਕਤਵਰ ਦੇਸ਼ਾਂ ਵੱਲੋਂ ਆਪਣੀਆਂ ਲੋੜਾਂ ਲਈ ਦੂਜੇ ਦੇਸ਼ਾਂ ਦੇ ਵਸੀਲਿਆਂ ਉੱਤੇ ਸਿੱਧੇ ਜਾਂ ਅਸਿੱਧੇ ਰੂਪ ਵਿੱਚ ਕਾਬਜ਼ ਹੋਣ ਲਈ ਫੌਜ ਦੀ ਵਰਤੋਂ ਨੂੰ ਜਾਇਜ਼ ਮੰਨਿਆ ਜਾਂਦਾ ਹੈ। ਇਸ ਪ੍ਰਬੰਧ ਵਿੱਚ ਫੌਜ ਉੱਤੇ ਕੀਤੇ ਜਾ ਰਹੇ ਖਰਬਾਂ ਡਾਲਰਾਂ ਦੇ ਖਰਚਿਆਂ ਨੂੰ ਆਰਥਿਕਤਾ ਵਿੱਚ ਵਾਧੇ ਦਾ ਸਾਧਨ ਸਮਝਿਆ ਜਾਂਦਾ ਹੈ। ਇਸ ਪ੍ਰਬੰਧ ਵਿੱਚ ਹਰ ਉਸ ਚੀਜ਼ ਨੂੰ ਖਤਮ ਕਰਨਾ ਜਾਇਜ਼ ਸਮਝਿਆ ਜਾਂਦਾ ਹੈ ਜੋ ਇਸ ਦੇ ਰਾਹ ਵਿੱਚ ਰੋੜਾ ਬਣਦੀ ਹੋਵੇ। ਇਸ ਲਈ ਦੁਨੀਆਂ ਭਰ ਵਿੱਚ ਹੋ ਰਹੇ ਵਾਤਾਵਰਨ ਦੇ ਨੁਕਸਾਨ ਲਈ ਇਸ ਸੰਸਾਰ-ਪ੍ਰਬੰਧ ਦੀ ਖਾਸ ਭੂਮਿਕਾ ਹੈ। ਨਤੀਜੇ ਵੱਜੋਂ ਵਾਤਾਵਰਨ ਦੇ ਬਚਾਅ ਲਈ ਇਸ ਸੰਸਾਰ ਪ੍ਰਬੰਧ ਨੂੰ ਚੁਣੌਤੀ ਦੇਣੀ ਜ਼ਰੂਰੀ ਹੈ।●●

**ਹਵਾਲੇ:**


1. EPA (February 2005). Emission Facts: Average Carbon Dioxide Emissions Resulting from Gasoline and Diesel Fuel (EPA420-F-05-001). Downloaded July 9/2010 from: http://www.epa.gov/oms/climate/420f05001.pdf
2. Karbuz, Sohbet (February 2, 2007). US military oil pains Energy bulletin . Downloaded July 9/2010 from: http://energybulletin.net/print/26194
3. Sanders, Barry (2009). The Green Zone:The Environmental Costs of Militarism Oakland: AK Press.
4. Sanders, Barry (2009)
5. Sanders, Barry (2009)
6. Sanders, Barry (2009)
7. Sanders, Barry (2009)
8. Sanders, Barry (2009)
9. Sanders, Barry (2009)
10. Sanders, Barry (2009)
11. NationMaster.com. Energy Statistics. Downloaded July 21, 2010 from http://www.nationmaster.com/red/graph/ene_oil_con-energy-oil-consumption&b_printable=1
12. Judson, Tim (Fall 1999) Depleted Uranium in War. Synthesis/Regeneration. Downloaded July 12, 2010 from: http://www.greens.org/s-r/20/20-12.html
13. Sanders, Barry (2009); Johnson, Larry (November 12, 2002) Iraqi cancers, birth defects blamed on U.S. depleted uranium. Seattle Post-Intelligencer. Downloaded July 12, 2010 from: http://www.seattlepi.com/national/95178_du12.shtml
14. Zudson, Tim (Fall 1999)
15. Jamail, Dahr (March 2010). The New 'Forgotten' War. Extra. Downloaded July 26, 2010 from: http://dahrjamailiraq.com/the-new-%E2%80%98forgotten-war
16. Sanders, Barry (2009)
17. Moret, Leuren (July 2010). Depleted Uranium: The Trojan Horse of Nuclear War. World Affairs - Journal of International Issues. Downloaded July, 2010 from: http://www.mindfully.org/Nucs/2004/DU-Trojan-Horse1jul04.htm
18. Quoted in Westerman, Doug (May 2006). Depleted Uranium - Far Worse Than 9/11. Global Research. Downloaded July 23, 2010 from: http://www.globalresearch.ca/index.php?context=va&aid=2374
19. Ghazi, Jalal (Feb. 2010). Cancer - Deadly legacy of the invasion of Iraq. Aljazeera.com. Downloaded July 27, 2010 from: http://aljazeera.com/news/articles/39/Cancer-Deadly-legacy-of-the-invasion-of-Iraq.html
20. Ghazi, Jalal (Feb. 2010).
21. Westerman, Doug (May 2006).
22. Ghazi, Jalal (Feb. 2010).
23. Campaign Against Depleted Uranium. Depleted Uranium: The facts. Downloaded July 19, 2010 from: http://www.cadu.org.uk/intro.htm
24. Berhe, A. A. (2007). The Contribution Of Landmines To Land Degradation. Land Degradation & Development. Downloaded on July 28, 2010 from: http://eps.berkeley.edu/~aaberhe/Berhe%202007-%20LM%20and%20LD.pdf
25. Berhe, A. A. (2007).
26. Beruden, Dascha van (2007). Landmines in Bosnia and Herzegovina. Friends of The Earth. Downloaded on July 26, 2010 from: http://www.motherearth.org/info/BHMAC_en.pdf
27. Sanders, Barry (2009)
28. Berhe, A. A. (2007).
29. Berhe, A. A. (2007).
30. Majeed, Abeer(2004). The Impact of Militarism On The Environment: An Overview Of Direct And Indirect Effects. Physicians for Global Survival (Canada).
31. International Peace Bureau (2002). The Military's Impact On The Environment: A Neglected Aspect Of The Sustainable Development Debate. Downloaded July 8, 2010 from: http://www.ipb.org/i/pdf-files/The_Militarys_Impact_on_the_Environment.pdf
32. Miller, Judith (1999). Cold war leaves a deadly anthrax legacy. New York Times News Service. Downloaded

on July 15, 2010 from: http://www.phaster.com/unpretentious/uzbekistan_anthrax.html
33. Majeed, Abeer(2004).
34. Majeed, Abeer(2004).
35. Majeed, Abeer(2004).
36. Majeed, Abeer(2004).
37. Ocean Dumping of Chemical Weapons. noblis. Downloaded on August 3, 2010 from: http://www.noblis.org/MissionAreas/nsi/BackgroundonChemicalWarfare/OceanDumpingofChemicalWeapons/Pages/default.aspx
38. Harigel, Gert G. (November 2001). Chemical and Biological Weapons: Use in Warfare, Impact on Society and Environment. Nuclear Age Peace Foundation. Downloaded on August 4, 2010 from: http://www.wagingpeace.org/articles/2001/11/00_harigel_cbw.htm
39. Majeed, Abeer(2004).
40. Newman, Joshua and Dawn Verdugo. Building awareness of sea-dumped chemical weapons. Downloaded on August 3, 2010 from: http://www.unidir.org/pdf/articles/pdf-art2963.pdf
41. Majeed, Abeer(2004).
42. http://en.wikipedia.org/wiki/Chemical_Weapons_Convention#cite_note-sixty-4
43. Majeed, Abeer(2004).
44. New Internationalist( June 2008). Nuclear Weapons: the Facts. New Internationalist. (8-9)
45. Majeed, Abeer(2004).
46. Crowley, Kevin and John F. Ahearne (November - December 2002). Managing the Environmental Legacy of U.S. Nuclear Weapons Production. American Scientist. Downloaded 4 August, 2010 from: http://www.americanscientist.org/issues/page2/managing-the-environmental-legacy-of-us-nuclear-weapons-production
47. http://en.wikipedia.org/wiki/Hanford_Site
48. Crowley, Kevin and John F. Ahearne (November - December 2002).
49. Women's International League for Peace and Freedom. The Environment And the Nuclear Age. Downloaded on August 1, 2010 from http://www.reachingcriticalwill.org/technical/factsheets/environmental.html
50. Women's International League for Peace and Freedom.
51. Majeed, Abeer(2004).
52. Majeed, Abeer(2004).
53. New Internationalist( June 2008).
54. Women's International League for Peace and Freedom.
55. Brauer, Jurgen (2009). War and Nature: The Environmental Consequences of War in a Globalized World. Newyork: Altamira Press.
56. Brauer, Jurgen (2009).
57. Brauer, Jurgen (2009).
58. Brauer, Jurgen (2009).
59. Brauer, Jurgen (2009).
60. Kamber, Michael (March 2002). Afghanistan's Environmental Casualies. Mother Jones. Downloaded on August 10, 2002 from: http://motherjones.com/environment/2002/03/afghanistans-environmental-casualties
61. Caas, Francis, Yoko Haglwara and David Jensen. Afghanistan on the brink of natural disaster. GRID-Arendal. Downloaded on August 12, 2010 from: http://www.grida.no/publications/et/ep3/page/2611.aspx
62. Kamber, Michael (March 2002).
63. Perlo-Freeman, Sam, Olawale Ismail and Carina Solmirano (2010). Chapter 5. Military Expenditure. In SIPRI Yearbook 2010: Armanents, Disarmaments and International Security. Downloaded August 8, 2010 from: http://www.sipri.org/yearbook/2010/05
64. Democracy Now (July 2010). Himalayan Glaciers Melting Faster Than Anywhere Else in World. Downloaded on July 20, 2010 from: http://www.democracynow.org/2010/7/15/himalayan_glaciers_melting_faster_than_anywhere

ਕਹਾਣੀ

# ਪਰਛਾਵੇਂ

## ਹਰਪ੍ਰੀਤ ਸੇਖਾ

ਚੀਜ਼ ਵਧੀਆ ਹੈ ਇਹ 'ਨੈਨਟਿੰਡੋ ਵੀਅ'। ਕਿਸੇ ਹੋਰ ਦੀ ਲੋੜ ਹੀ ਨਹੀਂ, ਆਪੇ ਬੰਦਾ ਖੇਡੀ ਜਾਵੇ। ਮੈਂ ਹੁਣੇ ਸਚਿਨ ਦੀ ਮਾਂ ਨਾਲ ਟੈਨਿਸ ਖੇਡ ਕੇ ਹਟਿਆਂ ਹਾਂ। ਚਿੱਤ ਖੁਸ਼ ਹੋ ਗਿਆ। ਪਹਿਲਾਂ ਉਸਦੀ ਸੜੀ-ਮੱਚੀ ਹੋਈ ਸ਼ਕਲ ਬਣਾਈ। ਉਸੇ ਵਾਂਗ ਪਕੌੜੇ ਵਰਗਾ ਨੱਕ ਲਾਇਆ ਉਸਦੇ। ਚੁੰਨ੍ਹੀਆਂ ਅੱਖਾਂ ਬਣਾ ਕੇ ਲੱਪ-ਲੱਪ ਮਸਕਾਰਾ ਲਾ ਦਿੱਤਾ। ਤਵੇ ਵਰਗਾ ਰੰਗ ਤੇ ਉੱਤੋਂ ਲਾਲ ਸੂਹੀ ਸੁਰਖੀ ਲਾ ਦਿੱਤੀ। ਉਸਦਾ ਨਾਂ ਰੱਖਿਆ 'ਡੈਣ'। ਉਸ ਨੂੰ ਨੈਨਟਿੰਡੋ ਵਿੱਚ ਸੰਭਾਲ ਲਿਆ। ਜਦੋਂ ਵੀ ਕਦੇ ਉਸ 'ਤੇ ਚਿੱਤ ਔਖਾ ਹੋਇਆ ਕਰੇਗਾ, ਉਸ ਨਾਲ ਖੇਡ ਲਿਆ ਕਰਾਂਗਾ। ਹੁਣ ਵੀ ਟੈਨਿਸ ਖੇਡਦਿਆਂ ਬੜਾ ਭਜਾਇਆ ਉਸ ਨੂੰ। ਆਪਣੇ ਆਪ ਹੀ ਪਤਾ ਨੀ ਕਿਵੇਂ ਐਨੀ ਫੁਰਤੀ ਆ ਗਈ ਮੇਰੀਆਂ ਬਾਹਾਂ ਵਿਚ, ਰੀਮੋਟ ਘੁਮਾਉਣ ਲਈ। ਉਸ ਨੂੰ ਹਫ਼ੀ-ਹਾਰੀ ਦੇਖ ਲੱਜ਼ਤ ਆ ਗਈ। ਹੁਣ ਜੀਅ ਨੀਂ ਕਰਦਾ ਕਿ ਇਹ ਨੈਨਟਿੰਡੋ ਆਪਣੇ ਪੁੱਤਰ, ਅਰਜਨ ਨੂੰ ਦੇਣ ਲਈ। ਕਦੇ ਸੋਚਦਾ ਹਾਂ ਕਿ ਉਸ ਨੂੰ ਇਹ ਨੈਨਟਿੰਡੋ ਦੇ ਹੀ ਆਵਾਂ। ਉਸਦਾ ਜਨਮ ਦਿਨ ਹੈ ਅਗਲੇ ਹਫ਼ਤੇ। ਪਰ ਡਰ ਹੈ ਕਿ ਉਸਦੇ ਮਾਮਿਆਂ ਨੇ ਮੈਨੂੰ ਉਸ ਨਾਲ ਮਿਲਣ ਨਹੀਂ ਦੇਣਾ। ਕਈ ਵਾਰੀ ਸੋਚਿਆ ਹੈ ਕਿ ਕਦੇ ਬੱਚਿਆਂ ਨੂੰ ਕੋਈ ਗਿਫ਼ਟ ਵਗੈਰਾ ਹੀ ਦੇ ਆਵਾਂ ਫੇਰ ਵੀ ਪਿਓ ਹਾਂ ਪਰ ਕਦੇ ਕੋਲ ਕੁਝ ਬਚਦਾ ਹੀ ਨਹੀਂ। ਇਹ 'ਨੈਨਟਿੰਡੋ ਵੀਅ' ਦੀ ਖੇਡ ਵੀ ਮੈਂ ਧਾਰ ਕੇ ਉਸ ਲਈ ਨਹੀਂ ਲਿਆਦੀਂ। ਕੰਮ 'ਤੇ ਇਕ ਚੋਰ ਆਇਆ ਸੀ ਵੇਚਣ। ਉਹ ਚਾਰ ਚੁੱਕੀ ਫਿਰਦਾ ਸੀ। ਸੌ ਡਾਲਰ ਮੰਗੇ ਇੱਕ ਦਾ। ਉਂਝ ਕਹਿੰਦੇ ਕਿ ਇਹ ਤਿੰਨ ਸੌ ਨੂੰ ਆਉਂਦੀ ਆ। ਮੇਰੇ ਨਾਲ ਦਿਆਂ ਤਿੰਨਾਂ ਨੇ ਆਪਣੇ ਬੱਚਿਆਂ ਲਈ ਪਝੰਤਰਾਂ-ਪਝੰਤਰਾਂ 'ਚ ਲੈ ਲਈਆਂ। ਮੈਨੂੰ ਵੀ ਆਖਣ ਲੱਗ ਪਏ ਕਿ ਮੈਂ ਵੀ ਖ਼੍ਰੀਦ ਲਵਾਂ। ਚੋਰ ਵੀ ਆਖੇ ਕਿ ਇਕ ਪਿੱਛੇ ਉਹ ਹੋਰ ਕਿਧਰ ਤੁਰਿਆ ਫਿਰੇਗਾ। ਕਹਿੰਦਾ ਕਿ ਪੰਜਾਹਾਂ 'ਚ ਦੇ ਦੂ ਆਖਰੀ ਵੀ। ਮੈਂ ਪਤਾ ਨੀ ਕਿਹੜੇ ਰੌਂ 'ਚ ਸੀ। ਮੈਂ ਵੀ ਲੈ ਲਈ। ਚਿੱਤ 'ਚ ਆਈ ਕਿ ਚੱਲ ਅਰਜਨ ਨੂੰ ਦੇ ਦੇਊਂ। ਉਹੀ ਆ 'ਕੱਲਾ, ਜਿਹੜਾ ਮੇਰੇ ਨਾਲ ਮੋਹ ਜਿਤਾਉਂਦਾ ਹੈ। ਘਰ ਆ ਕੇ ਉਵੇਂ ਹੀ ਰੱਖ ਦਿੱਤੀ। ਦੂਜੇ ਦਿਨ ਕੰਮ 'ਤੇ ਮੇਰੇ ਨਾਲ ਦੇ ਇਸ ਖੇਡ ਦੀਆਂ ਤਾਰੀਫਾਂ ਕਰਨੋਂ ਨਾ ਹਟਣ ਸਾਰਾ ਦਿਨ। ਵਾਪਸ ਆ ਕੇ ਮੈਂ ਵੀ ਡੱਬਾ ਖੋਲ੍ਹ ਕੇ ਟੀ ਵੀ ਨਾਲ ਜੋੜ ਲਈ। ਮੈਨੂੰ ਇਹ ਖੇਡ ਵਧੀਆ ਲੱਗੀ। ਜਵਾਕਾਂ ਨੂੰ ਤਾਂ ਇਹ ਚੰਗੀ ਲੱਗਣੀ ਹੀ ਆ, ਵੱਡਿਆਂ ਦਾ ਵੀ ਜੀਅ ਲਵਾ ਦਿੰਦੀ ਐ। ਖੇਡ ਦੀ ਖੇਡ ਤੇ ਕਸਰਤ ਦੀ ਕਸਰਤ। ਰੀਮੋਟ ਘੁਮਾਉਂਦਾ ਤੇ ਨਾਲ ਨਾਲ ਟੱਪਦਾ ਬੰਦਾ ਮੁੜ੍ਹਕੋ-ਮੁੜ੍ਹਕੀ ਹੋ ਜਾਂਦੈ। ਡਾਕਟਰ ਵੀ ਆਖਦਾ ਸੀ ਕਿ ਕਸਰਤ ਕਰਿਆ ਕਰਾਂ। ਕਹਿੰਦਾ, "ਤੁਹਾਨੂੰ ਅਡੈਕਸ਼ਿਨ ਆ। ਮੈਂ ਫਾਈਲ 'ਚ ਹਾਲੇ ਰੀਕਾਰਡ ਨੀ ਕਰਦਾ ਪਰ ਤੁਹਾਨੂੰ ਆਪਣਾ ਧਿਆਨ ਹੋਰ ਕੰਮਾਂ 'ਚ ਲਾਉਣਾ ਚਾਹੀਦੈ ਨਾਲ ਕਸਰਤ ਕਰਨੀ ਚਾਹੀਦੀ ਆ। ਨਹੀਂ ਤਾਂ ਤੁਹਾਨੂੰ ਸੈਕਸ ਥਰਪੈਸਟ ਦੇ ਜਾਣਾ ਪਵੇਗਾ। ਉਨ੍ਹਾਂ ਦੀ ਫ਼ੀਸ ਬਹੁਤ ਹੁੰਦੀ ਆ।"

"ਐਹੋ-ਜੇਹੀ ਨੀ ਕੋਈ ਗੱਲ," ਮੈਂ ਝੱਟ ਜਵਾਬ ਦਿੱਤਾ।

ਹੁਣ ਕਈ ਵਾਰ ਲੱਗਦਾ ਹੈ ਕਿ ਡਾਕਟਰ ਦੀ ਗੱਲ ਠੀਕ ਹੈ। ਸਗੋਂ ਲੱਗਦਾ ਹੈ ਕਿ ਮੈਨੂੰ ਕੋਈ ਬਿਮਾਰੀ ਚਿੰਬੜੀ ਹੋਈ ਹੈ। ਪਰ ਇਸ ਤੋਂ ਛੁਟਕਾਰਾ ਨੀਂ ਹੁੰਦਾ। ਪਹਿਲਾਂ ਨੀਂ ਸੀ ਏਦਾਂ ਲੱਗਦਾ। ਉਦੋਂ ਤਾਂ ਲੱਗਦਾ ਸੀ ਕਿ ਰੱਬ ਨੇ ਮੈਨੂੰ ਤਾਕਤ ਹੀ ਅੰਨੀ ਦਿੱਤੀ ਹੈ। ਟੈਕਸੀ ਚਲਾਉਂਦਿਆਂ, ਜਦੋਂ ਵੀ ਕਿਸੇ ਉਕਸਾਊ ਕੱਪੜਿਆਂ ਵਾਲੀ ਸਵਾਰੀ ਨੇ ਮਿਲਣਾ, ਮੇਰੇ ਚਿੱਤ ਨੂੰ ਕੁਝ ਹੋਣ ਲੱਗਦਾ। ਤੇ ਜਿਸ ਦਿਨ ਘਰਵਾਲੀ ਨਾਲ ਲੜਾਈ ਹੋਈ ਹੁੰਦੀ, ਉਸ ਦਿਨ ਜੀਅ ਕਰਦਾ ਕਿ ਕੋਈ ਟੱਕਰੇ। ਉਹ ਆਮ ਤੌਰ 'ਤੇ ਗੁੱਸੇ ਹੀ ਰਹਿੰਦੀ। ਤੇ ਜੇ ਮੈਨੂੰ ਕੋਈ ਸਾਥ ਮਿਲ ਜਾਣਾ ਤਾਂ ਮੇਰੇ ਚਿੱਤ 'ਚ ਆਉਣਾ, 'ਜਾ ਤੁਰੀ ਫਿਰ।' ਕਦੇ ਸੋਚਦਾ ਕਿ ਕਿਤੇ ਕਿਸੇ ਕਸੂਤੀ ਹਾਲਤ 'ਚ ਨਾ ਫਸ ਜਾਵਾਂ। ਕਈ ਵਾਰ ਕੋਈ ਸਵਾਰੀ ਗੁੱਸੇ ਹੋ ਜਾਂਦੀ। ਪਰ ਮੈਂ ਝੱਟ ਮਾਫ਼ੀ ਮੰਗ ਕੇ ਉਸ ਨੂੰ ਠੰਡੀ ਕਰ ਦਿੰਦਾ। ਤੇ ਸੋਚਦਾ ਕਿ ਅਗਾਂਹ ਨੂੰ ਨਹੀਂ ਇਸ ਤਰ੍ਹਾਂ ਕਿਸੇ ਨੂੰ ਪੁੱਛਣਾ। ਪਰ ਜਦੋਂ ਕੋਈ ਐਹੋ-ਜਿਹਾ ਮੌਕਾ ਆ ਜਾਂਦਾ ਫਿਰ ਹੋਰ ਸਭ ਕੁਝ ਭੁੱਲ ਜਾਦਾ, ਸਵਾਏ ਤੀਵੀਂ ਦੇ ਸਰੀਰ ਦੇ। ਇੱਕ ਦਿਨ ਸੱਚੀਂ ਫਸ ਗਿਆ। ਇਕ ਸਵਾਰੀ ਨਾਲ ਉਸਦੇ ਘਰ ਚਲਾ ਗਿਆ। ਉੱਤੋਂ ਉਸਦਾ ਬੁਆਏ-ਫਰੈਂਡ ਆ ਗਿਆ। ਸਾਲਾ ਘਸੁੰਨ ਮਾਰ ਗਿਆ। ਘਰ ਵੀ ਟੁੱਟ ਗਿਆ। ਅੱਗੇ ਲੁਕ-ਛਿਪ ਕੇ ਕਰ ਲੈਂਦਾ ਸੀ ਸਾਰਾ ਕੁਝ। ਕੋਸ਼ਿਸ਼ ਵੀ ਕੀਤੀ ਕਿ ਗੱਲ ਘਰ ਤੱਕ ਨਾ ਅੱਪੜੇ ਪਰ ਘਰਵਾਲੀ ਨੂੰ ਪਤਾ ਲੱਗ ਗਿਆ ਤੇ ਉਹ ਕਹਿੰਦੀ ਕਿ ਖੜ੍ਹੇ ਪੈਰ ਘਰੋਂ ਨਿਕਲ ਜਾਵਾਂ । ਸਚਿਨ ਸਾਲ ਕੁ ਦਾ ਸੀ। ਸੋਚਿਆ ਕਿ ਕਿਓਂ ਘਰ ਪੱਟਣਾ ਹੈ। ਮੈਂ ਗਲਤੀ ਵੀ ਮੰਨ ਲਈ। ਆਖਿਆ ਵੀ ਕਿ ਟੈਕਸੀ ਚਲਾਉਣੀ ਛੱਡ ਦਿੰਨੈ। ਪਰ ਉਹ ਨਾ ਮੰਨੀ। ਉਸ ਨੂੰ ਸ਼ੱਕ ਤਾਂ ਪਹਿਲਾਂ ਵੀ ਰਹਿੰਦਾ ਸੀ ਮੇਰੇ 'ਤੇ। ਖਾਸ ਕਰ ਜਦੋਂ ਓਹਦੀ ਛੋਟੀ ਭਰਜਾਈ ਨਾਲ ਗੱਲ ਕਰਦਾ ਤਾਂ ਉਹ ਭੂਸਰ ਜਾਂਦੀ। ਉਹਨੂੰ ਇਹੀ ਸ਼ੱਕ ਰਹਿੰਦਾ ਕਿ ਸਾਡੀ ਕੋਈ ਗੱਲਬਾਤ ਐ। ਵਾਹ ਲੱਗਦੀ ਮੈਨੂੰ ਸਹੁਰਿਆਂ ਦੇ ਘਰ ਨਾ ਜਾਣ ਦਿੰਦੀ। ਜਿਸ ਦਿਨ ਮੇਰੀ ਵੱਡੀ ਸਾਲ਼ੀ ਦੇ ਮੁੰਡੇ ਦੀ ਪਾਰਟੀ ਸੀ, ਓਸ ਦਿਨ ਮੈਂ ਆਪਣੀ ਓਸ ਸਾਲੇਹਾਰ ਨਾਲ ਨੱਚਣ ਲੱਗਾ। ਉਂਝ ਹੀ ਨੱਚਦਿਆਂ ਇਕ ਦੂਜੇ ਦੇ ਨੇੜੇ ਹੋ ਗਏ। ਵਿਚੋਂ ਹੀ ਘਰਵਾਲੀ ਬਾਹੋਂ ਫੜ ਕੇ ਮੈਨੂੰ ਪਾਸੇ ਲੈ ਗਈ, ਕਹਿੰਦੀ, " ਸਾਲੇਹਾਰਾਂ ਭੈਣਾਂ ਵਰਗੀਆਂ ਹੁੰਦੀਆਂ। ਕੀ ਲੋਕਾਂ ਨੂੰ ਤਮਾਸ਼ਾ ਦਿਖਾਉਣੈ।" ਘਰੇ ਜਾ ਕੇ ਫੇਰ ਝੱਜੂ ਪਾ ਲਿਆ ਕਿ ਮੈਂ ਉਸਦੀ ਪਾਰਟੀ ਖਰਾਬ ਕਰ ਦਿੱਤੀ। ਮੈਂ ਬਥੇਰੀਆਂ ਸਫਾਈਆਂ ਦਿੱਤੀਆਂ ਪਰ ਉਹ ਰੋਣੋ ਚੁੱਪ ਹੀ ਨਾ ਕਰੇ। ਸੱਚੀ ਗੱਲ ਐ, ਮੈਨੂੰ ਮੇਰੀ ਉਹ ਸਾਲੇਹਾਰ ਚੰਗੀ ਲਗਦੀ ਸੀ। ਜਦੋਂ ਉਹ ਮੁਸਕਰਾਉਂਦੀ, ਮੈਨੂੰ ਉਹ ਭਰਜਾਈ ਵਰਗੀ ਲੱਗਦੀ।

ਚੱਲ ਘਰ ਤਾਂ ਇਕ ਦਿਨ ਅੱਗੋਂ-ਪਿੱਛੋਂ ਟੁੱਟਣਾ ਹੀ ਸੀ। ਬੰਦਾ ਕਿੰਨਾ ਕੁ ਚਿਰ ਸਹੀ ਜਾਵੇ ਨਘੋਚਾਂ। ਕਨੇਡਾ ਕੀ ਸੱਦ ਲਿਆ, ਬੱਸ ਸਮਝਿਆ ਕਰੇ ਕਿ ਮੁੱਲ ਖ਼ੀਦ ਲਿਆ। ਇਕ ਦਿਨ ਤਾਂ ਜੀਅ ਕਰੇ ਕਿ ਘਰੋਂ ਚਲਿਆ ਹੀ ਜਾਵਾਂ। ਉਸ ਦਿਨ ਮੇਰੇ ਇਕ ਦੋਸਤ ਦਾ ਫੋਨ ਆ ਗਿਆ। ਉਹ ਇੰਡੀਆ ਤੋਂ ਕੁਝ ਦਿਨ ਪਹਿਲਾਂ ਹੀ ਆਇਆ ਸੀ। ਸ਼ਾਮ ਦੇ ਛੇ ਕੁ ਵਜੇ ਦਾ ਸਮਾਂ ਸੀ । ਉਹ ਕਹਿੰਦਾ ਕਿ ਉਹ ਹੁਣੇ ਹੀ ਆਉਂਦਾ ਹੈ ਕਿਸੇ ਨੂੰ ਨਾਲ ਲੈ ਕੇ। ਮੇਰੇ ਫੋਨ ਰੱਖਦਿਆਂ ਹੀ ਘਰਵਾਲੀ ਝੱਟ ਰੋਟੀ ਪਕਾਉਣ ਲਈ ਉੱਠਦੀ ਬੋਲੀ ਕਿ ਉਹਦੇ ਆਉਣ ਤੋਂ ਪਹਿਲਾਂ-ਪਹਿਲਾਂ ਰੋਟੀ ਖਾ ਲਈਏ। ਉਹਦੇ ਆਏ ਤੋਂ ਚਾਹ ਬਣਾ ਦੇਵੇਗੀ। ਉਹ ਗੁਰੂ ਅੱਧੇ ਘੰਟੇ 'ਚ ਹੀ ਪਹੁੰਚ ਗਿਆ। ਓਦਰਿਆਂ ਵਾਂਗ ਮਿਲਿਆ। ਉਹ ਚਾਹ ਪੀਣ ਵਾਲਾ ਕਿੱਥੇ ਸੀ! ਬੈਠਣ ਸਾਰ ਹੀ ਬੋਲਿਆ, "ਐਵੇਂ ਈ ਹਾਲ-ਚਾਲ ਪੁੱਛੀ ਜਾਏਂਗਾ ਕਿ ਕੁਝ ਪਿਆਏਂਗਾ ਵੀ। ਫੇਰ ਈ ਖੁੱਲ੍ਹ ਕੇ ਹਾਲ ਦੱਸੂੰ ਪਿੰਡ ਦਾ।" ਇਹ ਝੱਟ ਰਸੋਈ ਚੋਂ ਬੋਲੀ, "ਬੱਸ ਆ ਗੀ ਚਾਹ ਵੀਰ ਜੀ। ਉਬੱਲਣ ਵਾਲੀ ਐ।" "ਲੈ ਇਹ ਚਾਹ ਦਾ ਟੈਮ ਆ ਭਰਜਾਈ?" ਉਹ ਬੋਲਿਆ। ਮੈਂ ਕੱਚਾ ਜਿਹਾ ਹੁੰਦਾ ਬੋਤਲ ਲੈਣ ਰਸੋਈ 'ਚ ਚਲਿਆ ਗਿਆ। ਮੇਰੇ ਹੱਥੋਂ ਬੋਤਲ ਫੜ ਕੇ ਕਹਿੰਦੀ, "ਕੱਲ੍ਹ ਨੂੰ ਕੰਮ 'ਤੇ ਨੀ ਜਾਣਾ? ਨਾਲੇ ਹੁਣ ਚਾਹ ਕੌਣ ਪੀਊਗਾ?" ਮੈਂ ਉਸ ਤੋਂ ਬੋਤਲ ਲੈ ਕੇ ਲਿਵਿੰਗ ਰੂਮ 'ਚ ਜਾ ਬੈਠਾ। ਉਹ ਵੀ ਮਗਰ ਹੀ ਚਾਹ ਦੀ ਟਰੇਅ ਚੁੱਕੀ ਆ ਗਈ। ਠਾਹ ਦੇ ਕੇ ਟਰੇਅ ਮੇਜ਼ 'ਤੇ ਰੱਖ ਕੇ ਉਹ ਅੰਦਰ ਜਾ ਪਈ। ਉਸ ਦਿਨ ਮੇਰਾ ਜੀਅ ਕਰੇ ਬਈ ਵੱਡੇ ਭਰਾ ਵਾਂਗੂ ਡਾਂਗ ਚੁੱਕ ਲਵਾਂ ਤੇ ਬਿਨਾਂ ਦੇਖਿਆਂ ਵਰ੍ਹਾਵਾਂ ਜਿੱਥੇ ਵਰ੍ਹਦੀ ਐ। ਪਰ ਮੈਂ ਆਪਣੇ ਆਪ ਨੂੰ ਰੋਕ ਲਿਆ। ਬੀਬੀ ਕਦੇ ਕੁਸਕੀ ਨੀ ਸੀ ਬਾਪੂ ਜੀ ਮੂਹਰੇ। ਨਾ ਕਦੇ ਵੱਡੀਆਂ ਭਰਜਾਈਆਂ ਕੁਈਆਂ ਸੀ। ਏਹਨੇ ਦਬਕਾ ਤਾਂ ਕੀ ਝੱਲਣਾ ਸੀ ਸਗੋਂ ਆਪ ਗੱਲ-ਗੱਲ 'ਚ ਨਿਘੋਚਾਂ ਕੱਢਦੀ। ਉਸ ਤੋਂ ਬਾਅਦ ਮੈਂ ਕਿਸੇ ਦੋਸਤ ਨੂੰ ਘਰ ਨਾ ਬੁਲਾਇਆ। ਦੋਸਤ ਤਾਂ ਮੇਰੇ ਹੈ ਵੀ ਨਹੀਂ ਸੀ ਬਹੁਤੇ। ਛੋਟੇ ਹੁੰਦੇ ਤੋਂ ਹੀ ਮੈਂ ਆਪਣੇ-ਆਪ ਵਿਚ ਰਹਿੰਦਾ। ਭਰਜਾਈ ਵੀ ਆਖਦੀ ਕਿ ਮੁੰਡਿਆਂ ਨਾਲ ਬਹੁਤਾ ਨਾ ਰਲਾਂ, ਨਾ ਹੀ ਕਿਸੇ ਨੂੰ ਕੁਝ ਦੱਸਾਂ। ਸਕੂਲੋਂ ਮੁੜਦੇ ਨੂੰ ਹੀ ਉਹ ਮੈਨੂੰ ਇਸ਼ਾਰੇ ਨਾਲ ਆਪਣੇ ਘਰ ਸੱਦ ਲੈਂਦੀ। ਮੈਨੂੰ ਵੀ ਉਹ ਚੰਗੀ-ਚੰਗੀ ਲੱਗਦੀ। ਫਿਰ ਜਦੋਂ ਵੱਡਾ ਹੋਇਆ ਭਰਜਾਈ ਦੀ ਬਹੁਤ ਯਾਦ ਆਇਆ ਕਰੇ। ਸੋਚਦਾ ਸੀ ਕਿ ਵਿਆਹ ਤੋਂ ਬਾਅਦ ਉਸਦੇ ਸੁਪਨੇ ਲੈਣ ਦੀ ਲੋੜ ਨਹੀਂ ਪੈਣੀ। ਪਰ ਘਰਵਾਲੀ ਦਾ ਵਤੀਰਾ ਦੇਖ ਸਗੋਂ ਹੋਰ ਯਾਦ ਆਉਣ ਲੱਗੀ। ਘਰਵਾਲੀ ਨੇ ਤਾਂ ਵਿਆਹ ਦੇ ਪਹਿਲੇ ਦਿਨਾਂ 'ਚ ਹੀ ਇਕ ਕੰਧ ਖੜ੍ਹੀ ਕਰ ਲਈ। ਕਹਿੰਦੀ ਕਿ ਬਿਸਤਰੇ 'ਚ ਜਾਣ ਤੋਂ ਪਹਿਲਾਂ ਬੁਰਸ਼ ਕਰਿਆ ਕਰਾਂ, ਜਿਵੇਂ ਉਹ ਕਰਦੀ ਹੈ। ਮੈਨੂੰ ਲੱਗਦਾ ਕਿ ਉਹ ਨਖਰੇ ਕਰਦੀ ਹੈ। ਮੈਂ ਆਖਿਆ ਵੀ ਇਕ ਦਿਨ, "ਲੋਕਾਂ ਦੀਆਂ ਤੀਵੀਆਂ ਤਾਂ ਘਰ ਵਾਲੇ ਨੂੰ ਹਿੱਕ ਨਾਲ ਘੁੱਟ-ਘੁੱਟ ਰੱਖਦੀਆਂ ਤੇ ਤੂੰ ਦੂਰ ਭੱਜਦੀ ਐਂ।" ਉਹ ਅੱਗੋਂ ਕਹਿੰਦੀ, "ਜਿਹੜਾ ਤੂੰ ਮੇਰੀ ਕੇਅਰ ਕਰਦਾਂ, ਉਹ ਵੀ ਦਿਸੀ ਜਾਂਦੀ ਆ। ਤੈਨੂੰ ਪਤੈ ਸਮੈੱਲ ਨਾਲ ਮੇਰਾ ਮੂਡ ਆਫ਼ ਹੋ ਜਾਂਦੈ। ਅਗਲੇ ਦਾ ਐਨਾ ਕੁ ਤਾਂ ਖਿਆਲ ਰੱਖਣਾ ਚਾਹੀਦੈ।"

ਮੈਂ ਉਦੋਂ ਸੋਚਣਾ ਕਿ ਐਨੇ ਨਖ਼ਰੇ ਕੌਣ ਝੱਲੇ! ਉਹ ਵੀ ਓਹਦੇ, ਜੀਹਦਾ ਮੂੰਹ ਨਾ ਮੱਥਾ। ਕਨੇਡਾ 'ਚ ਨਾ ਹੁੰਦੀ ਤਾਂ ਓਥੇ ਇੰਡੀਆ ਐਹੋ-ਜਿਹੀ ਨੂੰ ਗੋਹਾ-ਕੂੜਾ ਸੁੱਟਣ 'ਤੇ ਨਾ ਰੱਖਦੇ।

ਨੈਨਟਿੰਡੋ 'ਚ ਕਿਤੇ ਟੋਕਰਾ ਹੋਵੇ! ਫੇਰ ਗੋਹੇ-ਕੂੜੇ ਨਾਲ ਭਰ ਕੇ ਇਹਦੇ ਸਿਰ 'ਤੇ ਟਿਕਾ ਕੇ ਵੇਖੀਏ ਬਈ ਕਿਵੇਂ ਲੱਗਦੀ ਐ। ਪਰ ਟੋਕਰਾ ਕਿੱਥੋਂ ਹੋਣਾ! ਗੋਰਿਆਂ ਦੀਆਂ ਖੇਡਾਂ ਈ ਐ ਬਹੁਤੀਆਂ। ਊਂ ਏਸ ਗੱਲੋਂ ਗੋਰਿਆਂ ਦੀ ਰੀਸ ਨੀ ਕਰ ਸਕਦਾ ਕੋਈ। ਹਰੇਕ ਗੱਲ ਨੂੰ ਖੇਡ ਬਣਾ ਲੈਂਦੇ ਆ। ਫੇਰ ਨੀ ਸੰਗਦੇ। ਖੁੱਲ੍ਹ ਕੇ ਖੇਡਦੇ ਆ। ਗੋਰੀਆਂ ਭੋਰਾ ਨਖਰਾ ਨੀ ਕਰਦੀਆਂ। ਵੀਹ ਵਾਰੀ ਪੱਬਾਂ 'ਚੋਂ ਨਾਲ ਲਿਆਂਦੀਐਂ। ਕਦੇ ਕਿਸੇ ਨੂੰ ਮੂੰਹੋਂ ਸਮੈੱਲ ਨੀ ਆਈ। ਜਦੋਂ ਕਿਸੇ ਪੱਬ 'ਚੋਂ ਸਾਥ ਨਾ ਲੱਭਦਾ ਤਾਂ ਮੈਂ ਸੜਕਾਂ 'ਤੇ ਕੰਮ ਕਰਦੀਆਂ 'ਚੋਂ ਭਰਜਾਈ ਭਾਲਦਾ। ਮੇਰਾ ਜੀਅ ਕਰਦਾ ਕਿ ਉਹ ਮੈਨੂੰ ਭਰਜਾਈ ਵਾਂਗ ਚੁੰਮਣ। ਆਪਣੇ ਨਾਲ ਘੁੱਟਣ। ਜਿਵੇਂ ਮੈਂ ਆਖਦਾ ਉਹ ਕਰੀ ਜਾਂਦੀਆਂ। ਪਰ ਇੱਕ ਨੇ ਉਦਾਂ ਨਾ ਕੀਤਾ। ਕਹਿੰਦੀ ਕਿ ਉਹ ਪਰਾਏ ਬੰਦਿਆਂ ਨੂੰ ਨੀਂ ਚੁੰਮਦੀ ।

ਮੈਨੂੰ ਲੱਗੇ ਬਈ ਨਖ਼ਰੇ ਕਰਦੀ ਐ। ਐਨਾ ਖਰਚਾ ਕੀਤਾ। ਅੱਕੇ ਤੋਂ ਮੈਥੋਂ ਥੋੜ੍ਹਾ ਜਿਹਾ ਧੱਕਾ ਹੋ ਗਿਆ।। ਪਰ ਉਹ ਧੱਕਾ ਮਹਿੰਗਾ ਪਿਆ। ਘੰਟੇ 'ਚ ਈ ਦੋ ਬੰਦਿਆਂ ਨੂੰ ਨਾਲ ਲੈ ਕੇ ਆ ਗੀ। ਉਹ ਸਾਲ਼ੇ ਨਾਲੇ ਤਾਂ ਘਸੁੰਨ ਮਾਰ ਗਏ ਨਾਲੇ ਟੀ ਵੀ ਤੇ ਹੋਰ ਥੋੜ੍ਹਾ-ਬਹੁਤਾ ਜਿਹੜਾ ਸਮਾਨ ਪਿਆ ਸੀ ਚੁੱਕ ਕੇ ਲੈ ਗਏ। ਓਦਣ ਤਾਂ ਮੇਰੇ ਕੰਨਾਂ ਨੂੰ ਹੱਥ ਲੱਗ ਗਏ ਬਈ ਹੁਣ ਨੀ ਇਨ੍ਹਾਂ ਚੱਕਰਾਂ 'ਚ ਪੈਣਾਂ। ਮੇਰੇ ਚਿੱਤ 'ਚ ਆਈ ਕਿ ਖੱਜਲ-ਖੁਆਰ ਨਾਲੋਂ ਭਰਜਾਈ ਨੂੰ ਲੱਭਾਂ। ਮੈਂ ਇੰਡੀਆ ਚਲਾ ਗਿਆ। ਪਰ ਭਰਜਾਈ ਦੀ ਕੋਈ ਉੱਗ-ਸੁੱਗ ਨਾ ਮਿਲੀ। ਸਾਡੇ ਪਿੰਡੋਂ ਤਾਂ ਉਸ ਦੇ ਘਰਵਾਲੇ ਦੀ ਮੇਰੇ ਦਸਵੀਂ 'ਚ ਹੁੰਦਿਆਂ ਈ ਕਿਤੇ ਹੋਰ ਬਦਲੀ ਹੋ ਗਈ ਸੀ। ਮੈਂ ਹੋਰ ਵਿਆਹ ਕਰਵਾ ਲਿਆ।

ਤੇ ਮੈਨੂੰ ਲੱਗਾ ਕਿ ਮੇਰੇ ਦਿਨ ਫਿਰ ਗਏ। ਸਾਲ ਭਰ ਭਰਜਾਈ ਦੀ ਜਵਾਂ ਯਾਦ ਨਾ ਆਈ। ਮੇਰੇ ਖਿਆਲਾਂ ਵਿਚ ਮੇਰੀ ਘਰਵਾਲੀ ਦੀ ਸ਼ਕਲ ਘੁੰਮਦੀ ਰਹਿੰਦੀ। ਮੇਰਾ ਜੀਅ ਕਰਦਾ ਕਿ ਕਦੋਂ ਕੰਮ ਮੁੱਕੇ ਤੇ ਮੈਂ ਘਰ ਪਹੁੰਚਾਂ! ਘਰ ਪਹੁੰਚੇ ਤੋਂ ਉਹ ਮੈਨੂੰ ਘੁੱਟ ਕੇ ਜੱਫ਼ੀ ਪਾਉਂਦੀ, ਜਿਵੇਂ ਸਾਰੇ ਦਿਨ ਦੀ ਓਦਰੀ ਹੋਵੇ। ਮੇਰੇ ਆਲੇ-ਦੁਆਲੇ ਘੁੰਮਦੀ। ਮੇਰੀ ਹਰ ਇੱਛਾ ਦਾ ਖਿਆਲ ਰੱਖਦੀ। ਮੈਂ ਖਿੜਿਆ ਰਹਿੰਦਾ। ਕਿਤੇ ਮੁੜ ਆਉਣ ਉਹ ਦਿਨ!

ਪਰ ਮੇਰੀ ਕਿਸਮਤ ਐਨੀ ਚੰਗੀ ਕਿੱਥੇ! ਸਾਲ ਬਾਅਦ ਸਹੁਰੇ ਆ ਗਏ। ਅਨੀਤਾ ਦਾ ਜਨਮ ਹੋ ਗਿਆ। ਕੰਮ ਤੋਂ ਮੁੜੇ ਤੋਂ ਘਰਵਾਲੀ ਜਾਂ ਤਾਂ ਅਨੀਤਾ ਦੀ ਸੰਭਾਲ 'ਚ ਲੱਗੀ ਹੁੰਦੀ ਜਾਂ ਆਪਣੇ ਕਿਸੇ ਭਰਾ ਨੂੰ ਕੰਮ 'ਤੇ ਛੱਡਣ ਗਈ ਹੁੰਦੀ ਜਾਂ ਦੂਜੇ ਨੂੰ ਲੈਣ ਗਈ ਹੁੰਦੀ। ਮੈਨੂੰ ਖਿਝ ਚੜ੍ਹਦੀ। ਮੈਨੂੰ ਲੱਗਦਾ ਕਿ ਉਹ ਮੇਰੇ ਤੋਂ ਪਾਸੇ-ਪਾਸੇ ਰਹਿੰਦੀ ਹੈ। ਮੈਨੂੰ ਸ਼ੱਕ ਹੁੰਦੀ ਕਿ ਭਰਾਵਾਂ ਨੂੰ ਕੰਮ 'ਤੇ ਛੱਡਣ-ਲਿਆਉਣ ਦੇ ਬਹਾਨੇ ਕਿਤੇ ਬਾਹਰ ਹੀ ਨਾ ਕਿਸੇ ਨੂੰ ਮਿਲਣ ਜਾਂਦੀ ਹੋਵੇ। ਮੈਨੂੰ ਭਰਜਾਈ ਫਿਰ ਯਾਦ ਆਉਂਦੀ। ਉਸ ਨੂੰ ਮੈਂ ਨੂੰ ਏਧਰੋਂ-ਓਧਰੋਂ ਲੱਭਦਾ। ਇਹ ਤਲਾਸ਼ ਦਿਨੋਂ-ਦਿਨ

ਵਧਦੀ ਗਈ ਤੇ ਨਾਲ ਹੀ ਘਰ ਵਿਚ ਕਲੇਸ਼। ਇਕ ਦਿਨ ਘਰਵਾਲੀ ਮੇਰੀ ਹਿੱਕ ਨਾਲ ਲੱਗ ਕੇ ਰੋ ਪਈ। ਕਹਿੰਦੀ, "ਕੀ ਹੋ ਗਿਆ ਤੁਹਾਨੂੰ? ਪਹਿਲਾਂ ਵਾਲੇ ਨੀ ਰਹੇ ਤੁਸੀਂ।"

"ਤੂੰ ਕਿਹੜਾ ਪਹਿਲਾਂ ਵਾਲੀ ਰਹੀ ਹੈਂ। ਸਾਰਾ ਦਿਨ ਭਰਾਵਾਂ ਦੇ ਗੋਲੇ-ਧੰਦੇ ਕਰਦੀ ਫਿਰਦੀ ਐਂ। ਮੇਰਾ ਤੈਨੂੰ ਕੋਈ ਫ਼ਿਕਰ ਈ ਨੀ," ਮੈਂ ਝੱਟ ਜਵਾਬ ਦਿੱਤਾ।

"ਥੋਨੂੰ ਐਵੇਂ ਲੱਗਦਾ ਰਹਿੰਦਾ। ਥੋਡੀ ਨਾ ਫਿਕਰ ਕਰੂੰ ਤਾਂ ਕੀਹਦੀ ਕਰੂੰ। ਭਰਾਵਾਂ ਨੂੰ ਹੁਣ ਸੱਦਿਆ ਐ ਤਾਂ ਕਿਸੇ ਸਿਰੇ ਤਾਂ ਲਾਉਣਾ ਈ ਆ।"

"ਆਪੇ ਬੱਸਾਂ 'ਤੇ ਜਾਣ । ਉਹ ਕਿਹੜਾ ਨਿਆਣੇ ਆ। ਏਥੇ ਸੱਦਤੇ ਏਨਾਂ ਥੋੜ੍ਹਾ। ਹੁਣ ਆਵਦਾ ਆਪੇ ਰਹਿਣ।"

"ਅੱਡ ਕਰ ਦਿੰਨੇ ਆਂ ਜੇ ਤੁਸੀਂ ਠੀਕ ਹੋ ਜਾਵੋਂ।"

ਮੈਨੂੰ ਉਹ ਚੰਗੀ-ਚੰਗੀ ਲੱਗੀ। ਮੈਨੂੰ ਲੱਗਾ ਕਿ ਉਹ ਤਾਂ ਮੇਰਾ ਬਹੁਤ ਖਿਆਲ ਰੱਖਦੀ ਹੈ। ਸਹੁਰੇ ਅੱਡ ਹੋ ਗਏ। ਅਰਜੁਨ ਦਾ ਜਨਮ ਹੋ ਗਿਆ। ਮੈਨੂੰ ਫਿਰ ਲੱਗਣ ਲੱਗਾ ਕਿ ਉਹ ਮੇਰੇ ਤੋਂ ਪਾਸੇ-ਪਾਸੇ ਰਹਿੰਦੀ ਹੈ। ਮੈਨੂੰ ਫਿਰ ਉਸ 'ਤੇ ਸ਼ੱਕ ਹੋਣ ਲੱਗੀ। ਮੈਨੂੰ ਆਪਣਾ ਅੰਦਰ ਖਾਲੀ-ਖਾਲੀ ਲੱਗਦਾ ਤੇ ਮੈਂ ਇਸ ਨੂੰ ਭਰਨ ਬਾਹਰ ਸੜਕਾਂ 'ਤੇ ਗੇੜੇ ਕੱਢਦਾ। ਘਰਵਾਲੀ ਰੋਂਦੀ। ਉਹ ਆਖਦੀ ਕਿ ਮੈਂ ਘਰ ਵੱਲ ਧਿਆਨ ਨਹੀਂ ਦਿੰਦਾ। ਉਹ ਪਿਆਰ ਜਿਤਾਉਂਦੀ। ਮੈਂ ਪਿਘਲ ਜਾਂਦਾ। ਮੈਨੂੰ ਆਪਣੇ ਸ਼ੱਕ ਨਿਰਮੂਲ ਲੱਗਦੇ। ਮੈਂ ਆਪਣੇ-ਆਪ ਨੂੰ ਲਾਹਨਤ ਪਾਉਂਦਾ। ਮੈਂ ਆਪਣੀ ਜੇਬ ਵਿਚ ਡਾਲਰ ਰੱਖਣੋਂ ਹਟ ਗਿਆ। ਟੈਕਸੀ ਚਲਾਉਣੀ ਛੱਡ ਕੇ ਟਰੱਕ ਚਲਾਉਣ ਲੱਗ ਪਿਆ। ਸੋਚਿਆ ਕਿ ਜੇ ਜੇਬ ਵਿਚ ਕੁਝ ਹੋਵੇਗਾ ਹੀ ਨਾ ਤਾਂ ਕੰਟਰੋਲ ਕਰਨਾ ਸੌਖਾ ਹੋਵੇਗਾ। ਮੈਂ ਧਾਰ ਲਿਆ ਕਿ ਅੱਗੇ ਤੋਂ ਕਿੰਨਾ ਵੀ ਚਿੱਤ ਡੋਲੇ ਪਰ ਬਾਹਰ-ਅੰਦਰ ਨੀ ਜਾਣਾ। ਪਰ ਆਪਣੇ-ਆਪ 'ਤੇ ਕਾਬੂ ਪਾਉਣਾ ਐਨਾ ਸੌਖਾ ਥੋੜ੍ਹਾ ਹੁੰਦਾ। ਇਕ ਦਿਨ ਸੜਕ 'ਤੇ ਅੰਗੂਠਾ ਚੁੱਕੀ ਖੜ੍ਹੀ ਕੁੜੀ ਨੂੰ ਵੇਖ ਕੇ ਪਤਾ ਹੀ ਨਾ ਲੱਗਾ ਕਿ ਕਦੋਂ ਮੇਰੇ ਕੋਲੋਂ ਟਰੱਕ ਦੇ ਬ੍ਰੇਕ ਵੱਜ ਗਏ। ਉਹ ਟਰੱਕ ਵੱਲ ਆ ਗਈ। ਉਸਦੀ ਮੁਸਕਰਾਹਟ ਨੇ ਮੇਰੇ ਹੋਸ਼ ਭੁਲਾ ਦਿੱਤੇ। ਖਿਆਲ ਵੀ ਨਾ ਰਿਹਾ ਕਿ ਮੇਰੀ ਜੇਬ ਵਿਚ ਤਾਂ ਪੈਸਾ ਵੀ ਹੈਨੀ। ਜਦੋਂ ਇਸਦਾ ਖਿਆਲ ਆਇਆ, ਉਸ ਨੂੰ ਟਰਕਾ ਦਿੱਤਾ ਤੇ ਟਰੱਕ ਤੋਰ ਲਿਆ ਪਰ ਧਿਆਨ ਉਸ ਵਿਚ ਹੀ ਰਿਹਾ । ਜੀਅ ਕੀਤਾ ਕਿ ਬੈਂਕ ਵਿੱਚੋਂ ਕੁਝ ਡਾਲਰ ਕਢਾ ਲਵਾਂ। ਮੈਂ ਟਰੱਕ ਮੋੜ ਲਿਆ ਪਰ ਉਹ ਜਾ ਚੁੱਕੀ ਸੀ। ਮਨ ਬੁਝ ਗਿਆ। ਮੈਂ ਘਰ ਆ ਗਿਆ। ਘਰਵਾਲੀ ਘਰ ਨਹੀਂ ਸੀ। ਅੰਦਰ ਕ੍ਰੋਧ ਨਾਲ ਭਰ ਗਿਆ। ਦਿਮਾਗ ਵਿਚ ਆਈ ਕਿ ਉਹ ਜਰੂਰ ਕਿਸੇ ਨੂੰ ਮਿਲਣ ਗਈ ਹੋਵੇਗੀ। ਮੇਰੇ ਦਿਮਾਗ ਵਿਚ ਘੁੰਮਣ ਲੱਗਾ ਕਿ ਮੈਂ ਤਾਂ ਐਨਾ ਕੰਟਰੋਲ ਕਰਨ ਦੀ ਕੋਸ਼ਿਸ਼ ਕਰ ਰਿਹੈਂ ਤੇ ਉਹ ਪਤਾ ਨੀ ਕਿਸ ਨਾਲ ਤੁਰੀ ਫਿਰਦੀ ਐ। ਮੈਂ ਦੋ-ਤਿੰਨ ਗਲਾਸ ਦਾਰੂ ਦੇ ਅੰਦਰ ਸੁੱਟੇ। ਸੋਚਿਆ ਕਿ ਅੱਜ ਛਿੱਤਰ ਨਾਲ ਸੱਚ ਬਾਹਰ ਕਢਾਊਂ। ਉਹ ਘੰਟੇ ਕੁ ਬਾਅਦ ਆ ਗਈ। ਮੈਂ ਆਉਂਦੀ ਨੂੰ ਹੀ ਕਿਹਾ, "ਕਿਧੱਰੋਂ ਆਈਂ ਐਂ ਜੱਭਦੀ?"

"ਗਰੋਸਰੀ ਲੈਣ ਗਈ ਸੀ।"

"ਗਰੋਸਰੀ ਤਾਂ ਬਹਾਨਾ ਐ। ਗਈ ਹੋਵੇਂਗੀ ਕਿਸੇ ਯਾਰ ਨੂੰ ਮਿਲਣ।"

"ਹਾਂ,ਦੋ ਜਵਾਕਾਂ ਨੂੰ ਕੁਛੱੜ ਚੁੱਕ ਕੇ ਮੈਂ ਇਸ਼ਕ ਲੜਾਉਣ ਗਈ ਸੀ।" ਉਸਦੀ ਇਹ ਗੱਲ ਸੁਣ ਕੇ ਮੈਂ ਕੱਚਾ ਜਿਹਾ ਹੋ ਗਿਆ। ਉਹ ਗਰੋਸਰੀ ਉਵੇਂ ਹੀ ਰੱਖ ਕੇ ਰੋਣ ਲੱਗ ਪਈ। ਬੱਚੇ ਵੀ ਰੋਣ ਲੱਗੇ। ਮੈਨੂੰ ਆਪਣੇ-ਆਪ 'ਤੇ ਘਿਰਣਾ ਹੋਈ। ਮੈਂ ਹੋਰ ਦਾਰੂ ਪੀ ਲਈ। ਫੇਰ ਮੈਂ ਉਸ ਨੂੰ ਵਰਾਉਣ ਲੱਗ ਪਿਆ। ਵਰਾਉਂਦਾ-ਵਰਾਉਂਦਾ ਆਪ ਰੋਣ ਲੱਗ ਪਿਆ। ਉਸ ਤੋਂ ਮੁਆਫੀ ਮੰਗਣ ਲੱਗਾ। ਸਵੇਰੇ ਉੱਠ ਕੇ ਮੈਂ ਫਿਰ ਗੱਲ ਤੋਰ ਲਈ। "ਮੈਨੂੰ ਪਤਾ ਈ ਨੀ ਲੱਗਦਾ ਕਿ ਕੀ ਹੋ ਜਾਂਦੈ," ਆਖ ਕੇ ਮੈਂ ਉਸ ਵੱਲ ਝਾਕਿਆ। ਮੇਰੀ ਪਲੇਟ ਵਿਚ ਆਮਲੇਟ ਰੱਖਦੀ ਉਹ ਮੇਰੇ ਵੱਲ ਵੇਖਣ ਲੱਗੀ। ਮੈਂ ਫਿਰ ਕਿਹਾ, "ਜਦੋਂ ਤੂੰ ਮੇਰਾ ਖਿਆਲ ਨੀ ਰੱਖਦੀ ਤਾਂ ਮੈਨੂੰ ਸ਼ੱਕ ਹੋਣ ਲੱਗਦੈ।"

"ਹੋਰ ਕਿਵੇਂ ਖਿਆਲ ਰੱਖਾਂ?"

"ਜਿਵੇਂ ਪਹਿਲਾਂ ਰੱਖਦੀ ਸੀ। ਮੇਰੇ ਤੋਂ ਝੱਟ ਪਾਸੇ ਨੀ ਸੀ ਹੁੰਦੀ।"

"ਹੁਣ ਪਹਿਲਾਂ ਜਿੱਡੇ ਆਂ ਆਪਾਂ? "

"ਤੇ ਹੋਰ ਕਿਤੇ ਬੁੜ੍ਹੇ ਹੋ ਗਏ!"

"ਉਦੋਂ ਜਵਾਕ ਹੈ ਨੀ ਸੀ। ਹੁਣ ਉਹਨਾਂ ਦਾ ਵੀ ਖਿਆਲ ਰੱਖਣੇ ਹੁੰਦੈ ਕਿ ਨਹੀਂ?"

ਮੈਨੂੰ ਉਸਦੀ ਗੱਲ ਠੀਕ ਲੱਗੀ। ਲੱਗਾ ਕਿ ਮੈਨੂੰ ਐਵੇਂ ਵਹਿਮ ਹੋ ਜਾਂਦੈ, ਐਨਾ ਖਿਆਲ ਤਾਂ ਰੱਖਦੀ ਹੈ। ਪਰ ਇਹ ਵਿਚਾਰ ਹਮੇਸ਼ਾ ਨਾ ਰਹਿੰਦਾ। ਤੇ ਮੈਨੂੰ ਲੱਗਦਾ ਕਿ ਮੇਰਾ ਕੋਈ ਹੈ ਨਹੀਂ। ਮਨ ਸੁੰਨਾ -ਸੁੰਨਾ ਹੋ ਜਾਂਦਾ। ਮੈਂ ਟਰੱਕ ਚਲਾਉਣਾ ਛੱਡ ਕੇ ਫਿਰ ਟੈਕਸੀ ਚਲਾਉਣੀ ਸ਼ੁਰੂ ਕਰ ਦਿੱਤੀ। ਟਰੱਕ ਚਲਾਉਣਾ ਮੈਨੂੰ ਰੁੱਖਾ ਜਿਹਾ ਕੰਮ ਲਗਦਾ। ਟੈਕਸੀ ਚਲਾਉਂਦਿਆਂ ਦਿਹਾੜੀ ਚੰਗੀ ਨਿਕਲ ਜਾਂਦੀ। ਪਰ ਕਈ ਵਾਰੀ ਘਰ ਮੁੜੇ ਤੋਂ

ਘਰ ਜੀਅ ਨਾ ਲੱਗਦਾ। ਮੈਂ ਸੜਕਾਂ 'ਤੇ ਨਿਕਲ ਜਾਂਦਾ। ਦਾਰੂ ਪੀਂਦਾ। ਉਹ ਰੋਂਦੀ। ਪਹਿਲਾਂ-ਪਹਿਲਾਂ ਮੈਨੂੰ ਉਸਦਾ ਰੋਣ ਪਿਘਲਾ ਦਿੰਦਾ ਫਿਰ ਚਿੱਤ 'ਚ ਆਉਣ ਲੱਗੀ ਕਿ ਜੇ ਰੋਂਦੀ ਹੈ ਤਾਂ ਰੋਈ ਜਾਵੇ ਮੈਂ ਕੀ ਕਰਾਂ ਜਦੋਂ ਕੋਈ ਮੇਰਾ ਨੀ ਖਿਆਲ ਰੱਖਦਾ। ਉਹ ਪੁੱਛਦੀ ਕਿ ਦੱਸਾਂ ਕਿਵੇਂ ਉਹ ਖਿਆਲ ਰੱਖੇ। ਪਰ ਮੈਨੂੰ ਪਤਾ ਨਾ ਲੱਗਦਾ ਕਿ ਕੀ ਕਹਾਂ। ਬੱਸ ਮੈਨੂੰ ਲੱਗਦਾ ਕਿ ਉਸ ਅੰਦਰ ਮੇਰੇ ਲਈ ਓਨੀਂ ਖਿੱਚ ਨਹੀਂ, ਜਿੰਨੀ ਭਰਜਾਈ ਵਿਚ ਸੀ। ਦਿਨੋਂ-ਦਿਨ ਇਹ ਗੱਲ ਮੇਰੇ ਅੰਦਰ ਜ਼ੋਰ ਫੜਦੀ ਗਈ ਤੇ ਮੈਂ ਹੋਰ ਥਾਵਾਂ ਤੋਂ ਭਰਜਾਈ ਦੀ ਤਲਾਸ਼ ਕਰਦਾ। ਇੱਕ ਦਿਨ ਇਸੇ ਲਈ ਘਰੋਂ ਨਿਕਲਣ ਲੱਗਾ ਤਾਂ ਘਰਵਾਲੀ ਬੋਲੀ, "ਕੁਛ ਤਾਂ ਸ਼ਰਮ ਕਰੋ। ਮੇਰਾ ਨੀ ਤਾਂ ਕੁੜੀ ਦਾ ਈ ਖਿਆਲ ਕਰੋ। ਉਹ ਵੱਡੀ ਹੋ ਰਹੀ ਹੈ।" ਮੇਰੇ ਪੈਰ ਥਾਂਏ ਰੁਕ ਗਏ। ਫਿਰ ਸੋਚਿਆ ਕਿ ਐਡੀ ਕਿੱਡੀ ਕੁ ਹੋ ਗਈ। ਦਸਾਂ ਸਾਲਾਂ ਦੀ ਤਾਂ ਹੋਈ ਐ। ਮੈਂ ਘਰੋਂ ਨਿਕਲ ਗਿਆ। ਪਰ ਬਹੁਤੀ ਦੂਰ ਨਹੀਂ ਜਾ ਸਕਿਆ। ਵਾਰ-ਵਾਰ ਧੀ ਦੇ ਵੱਡੀ ਹੋਣ ਦਾ ਖਿਆਲ ਆਉਣ ਲੱਗਾ। ਸੋਚ ਕੇ ਮੈਂ ਡਰ ਗਿਆ ਕਿ ਜੇ ਅਨੀਤਾ ਨੂੰ ਪਤਾ ਲੱਗ ਗਿਆ ਤਾਂ ਕਿਵੇਂ ਸਾਹਮਣਾ ਕਰਾਂਗਾ ਉਸਦਾ? ਮੈਂ ਵਾਪਸ ਘਰ ਆ ਗਿਆ। ਵਾਰ-ਵਾਰ ਆਪਣੀ ਧੀ ਵੱਲ ਧਿਆਨ ਜਾਂਦਾ। ਉਹ ਇਕ ਦਮ ਵੱਡੀ-ਵੱਡੀ ਲੱਗਣ ਲੱਗੀ। ਮੈਨੂੰ ਆਪਣੇ ਵੱਲ ਇਕ ਟਕ ਦੇਖਦਾ ਦੇਖ ਉਹ ਮੇਰੇ ਵੱਲ ਝਾਕੀ । ਮੈਨੂੰ ਲੱਗਾ ਜਿਵੇਂ ਉਸ ਨੇ ਮੇਰੇ ਵੱਲ ਨਫ਼ਰਤ ਨਾਲ ਵੇਖਿਆ ਹੋਵੇ। ਮੈਂ ਉਸ ਦੀ ਤੱਕਣੀ ਦੀ ਤਾਬ ਨਾ ਝੱਲ ਸਕਿਆ। ਉੱਠ ਕੇ ਸ਼ਰਾਬ ਪਾ ਲਈ। ਜੀਅ ਕਰੇ ਕਿ ਦਿਮਾਗ ਵਿਚ ਕੋਈ ਖਿਆਲ ਨਾ ਆਵੇ ਤੇ ਮੈਂ ਬੱਸ ਸੌਂ ਜਾਵਾਂ। ਦੂਸਰੇ ਦਿਨ ਮੈਂ ਆਪਣੇ ਆਪ ਨਾਲ ਵਾਅਦਾ ਕਰ ਲਿਆ ਕਿ ਜਵਾਕਾਂ ਦੇ ਵੱਡੇ ਹੋਣ ਤੋਂ ਪਹਿਲਾਂ-ਪਹਿਲਾਂ ਮੈਂ ਇਹ ਸਾਰਾ ਕੁਝ ਛੱਡ ਦੇਣਾ ਹੈ। ਕੁਝ ਦਿਨਾਂ ਦੇ ਟਿਕਾਅ ਤੋਂ ਬਾਅਦ ਫਿਰ ਇਕ ਦਿਨ ਮਨ ਬੇਕਾਬੂ ਹੋ ਗਿਆ ਤੇ ਮੈਂ ਹੋਰ ਸਭ ਕੁਝ ਭੁੱਲ ਕੇ ਬਾਹਰ ਵੱਲ ਹੋ ਤੁਰਿਆ। ਮੈਨੂੰ ਲੱਗਾ ਜਿਵੇਂ ਬਾਹਰ ਕੋਈ ਮੈਨੂੰ ਆਪਣੀਆਂ ਬਾਹਾਂ ਵਿਚ ਭਰਨ ਲਈ ਉਡੀਕ ਰਹੀ ਹੈ। ਵਾਪਸ ਆਏ ਨੂੰ ਲੱਗਾ ਜਿਵੇਂ ਮੇਰੀ ਧੀ ਮੇਰੇ ਵੱਲ ਨਫ਼ਰਤ ਨਾਲ ਵੇਖਦੀ ਹੋਵੇ। ਮੈਨੂੰ ਆਪਣੇ-ਆਪ ਤੋਂ ਕਚਿਆਣ ਆਈ। ਮੈਂ ਫਿਰ ਦਾਰੂ ਦਾ ਢੱਕਣ ਖੋਲ੍ਹ ਲਿਆ। ਦੂਸਰੇ ਦਿਨ ਮੈਂ ਉਸ ਨੂੰ ਕੰਪਿਊਟਰ ਲਿਆ ਦਿੱਤਾ। ਉਹ ਖੁਸ਼ ਹੋ ਗਈ। ਪਰ ਮੇਰੇ ਨੇੜੇ ਫਿਰ ਵੀ ਨਾ ਆਈ। ਮੇਰੇ ਚਿੱਤ 'ਚ ਆਉਂਦੀ ਕਿ ਮੇਰੇ ਤਾਂ ਜਵਾਕ ਵੀ ਮੈਨੂੰ ਪਿਆਰ ਨੀਂ ਕਰਦੇ। ਤੇ ਮੈਂ ਹੋਰ ਦਾਰੂ ਪੀਣ ਲੱਗਾ। ਇੱਕ ਦਿਨ ਮੇਰੇ ਦੋਹੇਂ ਸਾਲੇ ਮੈਨੂੰ ਸ਼ਰਾਬੀ ਹੋਏ ਨੂੰ ਕੁੱਟ ਗਏ। ਕਹਿੰਦੇ ਕਿ ਮੈਂ ਉਨ੍ਹਾਂ ਦੀ ਭੈਣ ਨੂੰ ਦੁਖੀ ਕਰਦਾਂ। ਮੈਨੂੰ ਘਰੋਂ ਕੱਢ ਦਿੱਤਾ।

ਜਦੋਂ ਮੈਨੂੰ ਉਹ ਸੀਨ ਯਾਦ ਆ ਜਾਂਦਾ ਹੈ ਤਾਂ ਮੇਰੇ ਅੰਦਰ ਭਾਂਬੜ ਬਲਣ ਲੱਗਦੇ ਆ। ਹੁਣ ਇਸ ਨੈਨਟਿੰਡੋ ਵਿਚ ਓਨ੍ਹਾਂ ਦੀ ਸ਼ਕਲ ਬਣਾ ਕੇ ਉਨ੍ਹਾਂ ਨਾਲ ਬੌਕਸਿੰਗ ਖੇਡਾਂਗਾ। ਮੁੱਕੀਆਂ ਨਾਲ ਫੇਰ ਜਬਾੜੇ ਭੰਨੂ ਸਾਲਿਆਂ ਦੇ। ਉਵੇਂ ਹੀ ਜਿਵੇਂ ਬੀਚ ਵਾਲੀਬਾਲ ਖੇਡਦਿਆਂ ਗੋਰੀਆਂ ਨੂੰ ਭੰਨਿਆਂ ਸੀ। ਹਾਲੇ ਦੋ-ਤਿੰਨ ਦਿਨਾਂ ਦੀ ਈ ਗੱਲ ਆ ਨੈਨਟਿੰਡੋਂ 'ਤੇ ਬੀਚ ਵਾਲੀਬਾਲ ਖੇਡਣ ਲੱਗਾ ਸੀ। ਇਕ ਪਾਸੇ ਮੈਂ ਇਕੱਲਾ ਤੇ ਦੂਜੇ ਪਾਸੇ ਦੋ ਗੋਰੀਆਂ। ਝੱਟ ਵਿਨੀਪੈੱਗ ਯਾਦ ਆ ਗਿਆ। ਲੱਗਾ ਜਿਵੇਂ ਕੁਝ ਗੁਆਚ ਗਿਆ ਹੋਵੇ। ਰੀਮੋਟ ਕੰਟਰੋਲ ਪਾਸੇ ਰੱਖ ਦਿੱਤਾ। ਟੀ ਵੀ ਸਕਰੀਨ 'ਤੇ ਗੋਰੀਆਂ ਵਾਰਮਅਪ ਹੋਣ ਲੱਗੀਆਂ। ਮੈਨੂੰ ਲੱਗਾ ਜਿਵੇਂ ਥਾਪੀਆਂ ਮਾਰ ਕੇ ਮੈਨੂੰ ਚੈਲਿੰਜ ਕਰ ਰਹੀਆਂ ਹੋਣ ਕਿ ਆ ਹੁਣ। ਮੈਂ ਫਿਰ ਰੀਮੋਟ ਚੁੱਕ ਕੇ ਖੜ੍ਹਾ ਹੋ ਗਿਆ। ਫਿਰ ਬੁੜ੍ਹਕ ਬੁੜ੍ਹਕ ਕੇ ਐਨੀਆਂ ਬਾਲੀਆਂ ਲਾਈਆਂ ਕਿ ਮੁੜ੍ਹਕੋ-ਮੁੜ੍ਹਕੀ ਹੋ ਗਿਆ। ਜਦੋਂ ਉਨ੍ਹਾਂ ਦੇ ਮੂੰਹ-ਸਿਰ 'ਤੇ ਕਿਤੇ ਬਾਲ ਵੱਜਦੀ ਤਾਂ ਉਹ ਮੱਥਾ ਫੜ੍ਹ ਕੇ ਬੈਠ ਜਾਂਦੀਆਂ। ਮੈਨੂੰ ਬਹੁਤ ਸਕੂਨ ਮਿਲਦਾ। ਲੱਗਦਾ ਜਿਵੇਂ ਮੈਂ ਵਿਨੀਪੈੱਗ ਵਾਲੀ ਘਟਨਾ ਦਾ ਬਦਲਾ ਲੈ ਲਿਆ ਹੋਵੇ।

ਵਿਨੀਪੈੱਗ ਵਾਲੀਆਂ ਨੇ ਕੀਤੀ ਵੀ ਮੇਰੇ ਨਾਲ ਮਾੜੀ ਸੀ। ਐਨੀ ਦੂਰ ਸੱਦ ਕੇ ਉੱਲੂ ਬਣਾਇਆ ਮੇਰਾ। ਉਨ੍ਹਾਂ 'ਚੋਂ ਇੱਕ ਮੈਨੂੰ ਇੰਟਰਨੈੱਟ 'ਤੇ ਮਿਲੀ ਸੀ। । ਬਹੁਤ ਤੱਤੀਆਂ ਗੱਲਾਂ ਕਰਿਆ ਕਰੇ ਉਹ। ਫੋਟੋ ਵੀ ਦਿਖਾ ਦਿੱਤੀ। ਫੋਨ ਨੰਬਰ ਵੀ ਦੇ ਦਿੱਤਾ। ਪਰ ਉਹ ਵੈੱਬਕੈਮ ਨਹੀਂ ਸੀ ਚਲਾਉਂਦੀ। ਆਖ ਦਿਆ ਕਰੇ ਕਿ ਉਸ ਕੋਲ ਹੈ ਨਹੀਂ। ਪਰ ਉਹਦੀ ਫੋਟੋ ਤੇ ਗੱਲਾਂ ਨੇ ਐਨੀ ਤੜਫਣ ਲਾਈ ਕਿ ਮੈਂ ਔਖੇ-ਸੌਖੇ ਨੇ ਕੁਝ ਡਾਲਰ ਜੋੜ ਕੇ ਵਿਨੀਪੈੱਗ ਨੂੰ ਚੜ੍ਹਾਈ ਕਰ ਦਿੱਤੀ। ਹੋਟਲ ਬੁੱਕ ਕਰਾ ਲਿਆ। ਚਿੱਤ 'ਚ ਡਰ ਵੀ ਕਿ ਜੇ ਨਾ ਮਿਲੀ! ਜੇ ਧੋਖਾ ਹੋ ਗਿਆ! ਪਰ ਉਹ ਆ ਗਈ। ਫੋਟੋ ਨਾਲੋਂ ਵੱਖਰੀ ਲੱਗੀ ਪਰ ਮੈਂ ਧਿਆਨ ਨਾ ਦਿੱਤਾ। ਪੂਰੀ ਸਜੀ-ਧਜੀ। ਸੰਗਾਊ ਜਿਹੀ। ਮਿਲਣ ਸਾਰ ਹੀ ਜੀਅ ਕਰੇ ਬਈ ਮੈਂ ਉਹਨੂੰ ਆਪਣੀ ਛਾਤੀ ਨਾਲ ਐਨਾ ਘੁੱਟਾਂ ਕਿ ਕੜਾਕੇ ਨਿਕਲ ਜਾਣ। ਸੋਚਿਆ ਕਿ ਖਰਚਾ ਕੀਤਾ ਰਾਸ ਆ ਗਿਆ। ਮੈਂ ਉਚੇਚ ਨਾਲ ਬੁਰਸ਼ ਕੀਤਾ। ਪਿੱਛੋਂ ਗੰਮ ਵੀ ਚੱਬਦਾ ਰਿਹਾ। ਪੱਬ 'ਚ ਚਲੇ ਗਏ। ਉੱਥੇ ਪੀਂਦੇ ਰਹੇ। ਮੈਨੂੰ ਤਾਂ ਪੀਣ ਤੋਂ ਬਿਨਾਂ ਹੀ ਸਰੂਰ ਸੀ। ਕੁੜੀ ਦਾ ਸਾਥ! ਜੀਅ ਕਰੇ ਬੱਸ ਐਂ ਹੀ ਬੈਠੇ ਰਹੀਏ। ਮੈਂ ਤਾਂ ਸੋਚਦਾ ਸੀ ਕਿ ਉਹ ਵਾਈਨ ਲਵੇਗੀ ਪਰ ਉਹ ਤਾਂ ਮੇਰੇ ਨਾਲੋਂ ਵੀ ਅਗਾਂਹ ਸੀ ਪੀਣ 'ਚ। ਦੋ ਕੁੜੀਆਂ ਉਹਨੂੰ ਹੋਰ ਮਿਲ ਗਈਆਂ ਉਸ ਦੀਆਂ ਸਿਆਣੂੰ। ਸਾਰੀਆਂ ਈ ਪੂਰੀਆਂ ਪਿਆਕੜਾਂ। ਮੈਂ ਉਨ੍ਹਾਂ ਸਾਹਮਣੇ ਥੋੜੀ ਪੀ ਕੇ ਕਮਜ਼ੋਰ ਨਹੀਂ ਸੀ ਪੈਣਾ ਚਾਹੁੰਦਾ। ਚਿੱਤ ਪੂਰਾ ਬਾਗੋਬਾਗ। ਲੱਗੇ ਬਈ ਮੇਰੇ ਵਰਗਾ ਕੌਣ ਐ। ਗੋਪੀਆਂ 'ਚ ਕਾਨ੍ਹ । ਉਹ ਵੀ ਵਾਰ-ਵਾਰ ਆਖਣ, "ਵੀ ਵੈਲ ਹੈਵ ਫੰਨ ਟੂਨਾਈਟ।" ਮੈਂ ਚਿੱਤ 'ਚ ਸਕੀਮਾਂ ਬਨਾਉਣ ਲੱਗ ਪਿਆ ਬਈ ਤਿੰਨਾਂ ਨੂੰ ਕਿਵੇਂ ਸੰਭਾਲਣੈ। ਫਿਲਮਾਂ ਵਾਲੇ ਸੀਨ ਦਿਮਾਗ 'ਚ ਚੱਲਣ ਲੱਗ ਪਏ। ਏਸੇ ਸਰੂਰ 'ਚ ਓਹਨਾਂ ਦੇ ਬਰਾਬਰ ਪੀ ਗਿਆ। ਫੇਰ ਸੁਰਤ ਹੀ ਨਹੀਂ ਕਿ ਕਿਵੇਂ ਹੋਟਲ ਪਹੁੰਚਿਆ ਤੇ ਓਹ ਕਿੱਧਰ ਚਲੀਆਂ ਗਈਆਂ। ਦੂਜੇ ਦਿਨ ਫੋਨ ਹੀ ਨਾ ਚੁੱਕੇ। ਬਹੁਤ ਪਛਤਾਇਆ। ਸੋਚਿਆ ਕਿ ਹੁਣ ਨਹੀਂ ਕਿਸੇ ਪੰਗੇ 'ਚ ਪੈਣਾ। ਪਰ ਕੰਟਰੋਲ ਹੀ ਨੀ ਰਹਿੰਦਾ। ਧਿਆਨ ਹੋਰ ਪਾਸੇ ਜਾਂਦਾ ਹੀ ਨਹੀਂ। ਹੁਣ ਤਾਂ ਸੁਪਨੇ ਵੀ ਅਵੱਲੇ ਹੀ ਆਉਣ ਲੱਗ ਪਏ ਆ। ਸੁਪਨੇ ਵਿਚ ਮੈਨੂੰ ਕਰਮਾਂ ਬੱਕਰੀਆਂ ਵਾਲਾ ਦਿਸਿਆ। ਪਿੰਡ ਵਾਲੇ ਆਖਦੇ ਕਿ ਕਰਮੇ ਦੀਆਂ ਮਾਵਾਂ ਵੀ ਬੱਕਰੀਆਂ ਹੀ ਐ ਤੇ ਘਰਵਾਲੀਆਂ ਵੀ। ਐਨੇ ਸਾਲ ਹੋ ਗਏ ਮੈਨੂੰ ਪਿੰਡ ਛੱਡੇ ਨੂੰ। ਪਤਾ ਨਹੀਂ ਉਹ ਕਿਧਰੋਂ ਆ ਗਿਆ ਸੁਪਨੇ ਵਿਚ। ਮੈਨੂੰ ਕਹਿੰਦਾ , "ਸ਼ੇਰਾ, ਤੂੰ ਤਾਂ ਜਵਾਂ ਈ ਮੇਰੇ ਆਂਗੂੰ 'ਕੱਲਾ ਹੋ ਗਿਆ। ਲੈ, ਇੱਕ ਪੱਠ ਤੂੰ ਵੀ ਲੈ ਜਾ।" ਜਦੋਂ ਜਾਗ ਆਈ ਤਾਂ ਜੀਅ ਕਰੇ ਕਿ ਕੋਈ ਸਾਥ ਹੋਵੇ। ਮੈਂ ਚਾਹ ਪੀਣ ਤੋਂ ਵੀ ਪਹਿਲਾਂ ਇੰਟਰਨੈੱਟ ਖੋਲ੍ਹ ਲਿਆ। ਪਹਿਲਾਂ ਯਾਹੂ ਮਸੈਂਜਰ ਖੋਲ੍ਹਿਆ ਫੇਰ ਐੱਮ ਐੱਸ ਐੱਨ। ਐਨੀ ਸਦੇਹਾਂ ਕਿਹੜੀ ਸੇਲ੍ਹੀ ਨੇ ਹੋਣਾ ਸੀ ਔਨ-ਲਾਈਨ। ਫੇਰ ਮੈਂ ਪਲੈਂਟੀ ਆਫ਼ ਫਿੱਸ਼ ਵੈੱਬਸਾਈਟ ਖੋਲ੍ਹ ਲਈ। ਓਥੇ ਵੀ ਕੋਈ ਨੇੜੇ-ਤੇੜੇ ਦੀ ਨਾ ਮਿਲੀ। ਫੇਰ ਮੈਂ ਕਰੈਗਸਲਿਸਟ ਵੈੱਬਸਾਈਟ 'ਤੇ ਚਲਾ ਗਿਆ। ਲੱਗਾ ਬਈ ਤੱਤੇ-ਤੱਤੇ ਇਸ਼ਤਿਹਾਰ ਮੈਨੂੰ ਸੱਦਾ ਦੇ ਰਹੇ ਹੋਣ। ਮਨ

ਕਰੇ ਕਿ ਹੁਣੇ ਹੀ ਕੋਈ ਮੈਨੂੰ ਆਪਣੀਆਂ ਬਾਹਾਂ ਵਿਚ ਲੈ ਕੇ ਘੁੱਟ ਲਵੇ। ਪਰ ਪੱਲ੍ਹੇ ਕੁਝ ਹੈ ਨੀ ਸੀ। ਮੈਂ ਆਪਣਾ ਆਈ-ਪੌਡ ਵੇਚ ਆਇਆ। ਉਸ ਵਿਚ ਮੈਂ ਕੀਰਤਨ ਭਰਵਾਇਆ ਹੋਇਆ ਸੀ। ਸੋਚਦਾ ਸੀ ਕਿ ਕੀਰਤਨ ਸੁਨਣ ਨਾਲ ਸ਼ਾਇਦ ਮਨ ਨੂੰ ਕੁਝ ਟਿਕਾਅ ਆ ਜਾਵੇ। ਸ਼ਾਇਦ ਗੁਰਬਾਣੀ ਸੁਣ ਕੇ ਇੰਟਰਨੈੱਟ 'ਤੇ ਜਾਣੋ ਮਨ ਮੁੜ ਜਾਵੇ। ਜਦੋਂ ਦਾ ਇੰਟਰਨੈੱਟ ਦਾ ਭੁੱਸ ਪਿਆ, ਮਨ 'ਚ ਹੋਰ ਭਟਕਣ ਹੋ ਗਈ। ਲੋਕ ਪਤਾ ਨੀ ਇੰਟਰਨੈੱਟ 'ਤੇ ਕੀ ਦੇਖਦੇ-ਪੜ੍ਹਦੇ ਆ, ਮੈਨੂੰ ਤਾਂ ਚੈਟ ਕਰਨ ਜਾਂ ਫੋਟੋ ਦੇਖਣ ਦੀ ਚਾਟ ਲੱਗੀ ਆ। ਮੇਰੀਆਂ ਕਈ ਸਹੇਲੀਆਂ ਬਣ ਗਈਆਂ। ਜਦ ਉਨ੍ਹਾਂ ਨਾਲ ਮੈਸੰਜਰ 'ਤੇ ਗੱਲਾਂ ਕਰਦਾ ਤਾਂ ਮਨ ਰੁੱਝਿਆ ਰਹਿੰਦਾ। ਵੈੱਬਕੈਮ 'ਤੇ ਮੈਂ ਕਈਆਂ 'ਚੋਂ ਭਰਜਾਈ ਨੂੰ ਲੱਭਣ ਦੀ ਕੋਸ਼ਿਸ਼ ਕੀਤੀ ਹੈ। ਉਨ੍ਹਾਂ ਦਾ ਪਿੰਡਾ ਦੇਖਣ ਲਈ ਮਨ ਉਤਾਵਲਾ ਹੋ ਜਾਂਦਾ। ਇਵੇਂ ਹੀ ਮੈਂ ਸਕੂਲੋਂ ਆਉਣ ਸਾਰ ਭਰਜਾਈ ਵੱਲ ਜਾਣ ਲਈ ਉਤਾਵਲਾ ਹੁੰਦਾ ਸੀ। ਪਰ ਵਾਪਸ ਮੁੜਦਾ ਤਾਂ ਲੱਗਦਾ ਜਿਵੇਂ ਕੋਈ ਪਾਪ ਕੀਤਾ ਹੋਵੇ। ਸਾਰਾ ਦਿਨ ਡਰਿਆ ਰਹਿੰਦਾ ਕਿ ਜੇ ਕਿਸੇ ਨੂੰ ਪਤਾ ਲੱਗ ਗਿਆ? ਪਰ ਸ਼ਾਮ ਨੂੰ ਫਿਰ ਭਰਜਾਈ ਦੇ ਇਸ਼ਾਰੇ ਦੀ ਉਡੀਕ ਰਹਿੰਦੀ। ਚੱਲ, ਉਦੋਂ ਤਾਂ ਮੈਂ ਜਵਾਕ ਸੀ। ਅੱਠਵੀਂ 'ਚ ਪੜ੍ਹਦਾ ਸੀ ਹਾਲੇ। ਪਰ ਉਤਾਵਲਾਪਨ ਹਾਲੇ ਵੀ ਉਵੇਂ ਹੀ ਹੈ। ਕਈ ਭਰਜਾਈ ਵਾਂਗ ਪਿੰਡਾ ਦਿਖਾ ਦਿੰਦੀਆਂ। ਪਰ ਉਹ ਗੱਲ ਨਾ ਬਣਦੀ। ਜਦੋਂ ਵੈੱਬਕੈਮ ਬੰਦ ਹੋ ਜਾਂਦਾ, ਮਨ ਉਚਾਟ ਹੋ ਜਾਂਦਾ। ਅੰਦਰ ਇਕੱਲ ਪੱਸਰ ਜਾਂਦੀ। ਜੀਅ ਕਰਦਾ ਕਿ ਕੋਈ ਆਪਣੀ ਹਿੱਕ ਨਾਲ ਘੁੱਟੇ। ਪਰ ਹਿੱਕ ਨਾਲ ਕਿਸਨੇ ਘੁੱਟਣਾ ਸੀ। ਐਨੀ ਚੰਗੀ ਕਿਸਮਤ ਕਿੱਥੇ! ਕੋਈ ਵੀ ਨੀ ਆਵਦਾ। 'ਕੱਲਾ ਐਂ। ਕਈ ਵਾਰੀ ਤਾਂ ਲੱਗਦਾ ਹੈ ਕਿ 'ਕੱਲੇ ਬੰਦੇ ਦਾ ਵੀ ਕੀ ਜਿਉਣ! ਇਹੀ ਗੱਲ ਮੈਨੂੰ ਪਿੱਛੇ ਜਿਹੇ ਕਿਸੇ ਨੇ ਲਾ ਕੇ ਕਹੀ ਸੀ। ਵਿਆਹ ਦੀ ਪਾਰਟੀ ਸੀ। ਮੈਂ ਸੋਚਿਆ ਹੋਇਆ ਸੀ ਕਿ ਸ਼ਰਾਬ ਨਹੀਂ ਪੀਣੀ। ਹਫ਼ਤੇ ਭਰ ਤੋਂ ਨਹੀਂ ਸੀ ਪੀਤੀ। ਗੁਰਦੁਆਰੇ ਜਾਣ ਲੱਗਾ ਸੀ। ਕੀਰਤਨ ਸੁਣਨ ਦੀ ਕੋਸ਼ਿਸ਼ ਕਰਦਾ। ਪਾਰਟੀ 'ਚ ਵੀ ਮੈਂ ਪਾਸੇ ਜਿਹੇ ਅੰਮ੍ਰਿਤਧਾਰੀਆਂ ਦੇ ਕੋਲ ਜਾ ਬੈਠਿਆ ਸੀ। ਸੋਚਿਆ ਸੀ ਕਿ ਜੇ ਸ਼ਰਾਬੀਆਂ ਨੇੜੇ ਬੈਠਾ ਤਾਂ ਜੀਅ ਨਾ ਕਰਨ ਲੱਗ ਪਵੇ। ਅਮ੍ਰਿਤਧਾਰੀਆਂ 'ਚੋਂ ਇਕ ਗੱਲਾਂ-ਗੱਲਾਂ 'ਚ ਕਹਿੰਦਾ ਕਿ ਐਹੋ-ਜਿਹੇ ਬੰਦੇ ਦਾ ਵੀ ਕੀ ਜਿਉਣ, ਜਿਹੜਾ ਆਵਦੇ ਪ੍ਰੀਵਾਰ ਦਾ ਵੀ ਨੀ ਸਕਾ। ਐਹੋ-ਜਿਹੇ ਅਯਾਸ਼ ਤੇ ਖੁਸਦਰਜ਼ ਬੰਦੇ ਤਾਂ ਬੋਝ ਆ ਧਰਤੀ 'ਤੇ। ਮੈਨੂੰ ਲੱਗਾ ਕਿ ਉਹ ਮੈਨੂੰ ਹੀ ਸੁਣਾ ਰਿਹਾ ਸੀ। ਮੈਥੋਂ ਉਨ੍ਹਾਂ ਨੂੰ ਤਾਂ ਕੁਝ ਆਖ ਨਹੀਂ ਹੋਇਆ ਪਰ ਮੇਰਾ ਅੰਦਰ ਰਿੱਝਣ ਲੱਗਾ। ਮੈਂ ਉੱਠ ਕੇ ਬਾਰ ਵੱਲ ਤੁਰ ਪਿਆ। ਦਾਰੂ ਪੀਂਦਿਆਂ ਲੋਕ ਗੱਲਾਂ ਕਰ ਰਹੇ ਸਨ। ਹੱਸ ਰਹੇ ਸਨ। ਮੈਂ ਇਕੱਲਾ ਖੜ੍ਹਾ ਦਾਰੂ ਪੀਵੀ ਗਿਆ। ਮੇਰੇ ਕੋਲ ਆ ਕੇ ਕੋਈ ਵੀ ਨਾ ਖੜ੍ਹਦਾ। ਮੈਨੂੰ ਆਪਣਾ-ਆਪ ਇਕੱਲਾ-ਇਕੱਲਾ ਲੱਗਾ। ਮੈਨੂੰ ਲੱਗਣ ਲੱਗਾ ਜਿਵੇਂ ਲੋਕ ਮੇਰੇ 'ਤੇ ਹੱਸ ਰਹੇ ਹੋਣ। ਮੇਰਾ ਜੀਅ ਕਰੇ ਕਿ ਮੇਰਾ ਦਿਮਾਗ ਸੁੰਨ ਹੋ ਜਾਵੇ। ਕੋਈ ਖਿਆਲ ਨਾ ਆਵੇ। ਨਸ਼ੇ 'ਚ ਟੁੰਨ ਹੋ ਕੇ ਪਤਾ ਨੀ ਕਦ ਘਰ ਪਹੁੰਚਿਆ। ਸਵੇਰੇ ਜਾਗਿਆ ਤਾਂ ਮੈਨੂੰ ਆਸਾ-ਪਾਸਾ ਉੱਜੜਿਆ-ਉੱਜੜਿਆ, ਸੁੰਨਾ-ਸੁੰਨਾ, ਉਦਾਸ-ਉਦਾਸ ਲੱਗਾ। ਮੈਂ ਕਾਫ਼ੀ ਦੇਰ ਉਵੇਂ ਹੀ ਪਿਆ ਰਿਹਾ। ਉਦਾਸੀ ਦੂਰ ਕਰਨ ਲਈ ਮੈਂ ਮਸਾਜ-ਪਾਰਲਰ ਚਲਾ ਗਿਆ। ਉਨ੍ਹਾਂ ਵੱਲੋਂ ਪਿਆਰ ਜਿਤਾਉਣਾ, ਮਿੱਠਾ ਬੋਲਣਾ ਤੇ 'ਹਨੀ' ਆਖ ਕੇ ਬੁਲਾਉਣਾ ਮੈਨੂੰ ਖਿੱਚ ਪਾਉਂਦਾ ਹੈ। ਉੱਥੇ ਬਿਤਾਏ ਘੰਟੇ ਦੌਰਾਨ ਮੈਂ ਹੋਰ ਸਭ ਕੁਝ ਭੁੱਲ ਗਿਆ। ਪਰ ਘੰਟਾ ਤਾਂ ਖੰਭ ਲਾ ਕੇ ਉੱਡ ਗਿਆ। ਮੇਰਾ ਅੰਦਰ ਫਿਰ ਪਹਿਲਾਂ ਵਾਂਗ ਖਾਲੀ-ਖਾਲੀ ਹੋ ਗਿਆ। ਮੁੜਦਾ ਹੋਇਆ ਮੈਂ ਠੇਕੇ ਤੋਂ ਬੋਤਲ ਲੈ ਆਇਆ। ਪੀ ਕੇ ਫਿਰ ਸੌਂ ਗਿਆ। ਅਗਲੇ ਦਿਨ ਉੱਠਿਆ ਤਾਂ ਲੱਗਾ ਕਿ ਮਸਾਜ਼-ਪਾਰਲਰ ਵਾਲੀਆਂ ਸੱਦ ਰਹੀਆਂ ਹਨ। ਵਾਪਸ ਮੁੜਦਾ ਹੋਇਆ ਫਿਰ ਬੋਤਲ ਲੈ ਆਇਆ। ਇਸ ਤਰ੍ਹਾਂ ਤਿੰਨ ਦਿਨ ਚਲਦਾ ਰਿਹਾ। ਚੌਥੇ ਦਿਨ ਸ਼ਾਮ ਨੂੰ ਜਦੋਂ ਜਾਗ ਖੁੱਲ੍ਹੀ ਤਾਂ ਮੇਰਾ ਫਿਰ ਮਸਾਜ-ਪਾਰਲਰ ਦੇ ਜਾਣ ਨੂੰ ਜੀਅ ਕਰੇ। ਸਵੇਰੇ ਵੀ ਜਾ ਆਇਆ ਸੀ। ਦਾਰੂ ਪੀ ਕੇ ਮੈਂ ਫਿਰ ਚਲਾ ਗਿਆ। ਪਰ ਰਾਹ ਵਿਚ ਪੁਲਸ ਵਾਲੇ ਨੇ ਰੋਕ ਲਿਆ। ਸ਼ਰਾਬ ਪੀ ਕੇ ਕਾਰ ਚਲਾਉਣ ਕਰਕੇ ਉਸਨੇ ਮੈਨੂੰ ਚਾਰਜ ਕਰ ਲਿਆ। ਰਾਤ ਥਾਣੇ ਕੱਟਣੀ ਪਈ। ਮੇਰਾ ਡਰਾਈਵਿੰਗ ਲਾਈਸੰਸ ਸਾਲ ਭਰ ਲਈ ਰੱਦ ਹੋ ਗਿਆ। ਮੈਂ ਜਿਵੇਂ ਸੁੱਤਾ ਪਿਆ ਜਾਗਿਆ ਹੋਵਾਂ। ਬੇਸਮੈਂਟ 'ਚੋਂ ਮੈਨੂੰ ਮੁਸ਼ਕ ਆਵੇ। ਸਿੰਕ ਲਿਬੜੇ ਭਾਂਡਿਆਂ ਨਾਲ ਭਰਿਆ ਪਿਆ ਸੀ। ਥਾਂ-ਥਾਂ ਕੱਪੜੇ ਤੇ ਗੰਦ-ਮੰਦ ਖਿਲਰਿਆ ਪਿਆ ਸੀ। ਪਿਛਲੇ ਤਿੰਨਾਂ ਦਿਨਾਂ ਤੋਂ ਮੈਂ ਇਹ ਖਿਲਾਰਾ ਪਾਉਂਦਾ ਰਿਹਾ ਸੀ। ਮੈਨੂੰ ਆਪਣੇ-ਆਪ 'ਤੋਂ ਕਚਿਆਣ ਆਈ। ਚਿੱਤ ਵਿਚ ਆਉਣ ਲੱਗਾ ਕਿ ਜਿੰਦਗੀ ਐਵੇਂ ਹੀ ਗੁਆ ਲਈ। ਮੇਰੇ ਨਾਲ ਦੇ ਕੀ ਤੋਂ ਕੀ ਬਣ ਗਏ ਤੇ ਮੈਂ ਮੁਸ਼ਕ ਮਾਰਦੀ ਬੇਸਮੈਂਟ ਵਿਚ ਰੁਲਦਾਂ। ਖਿਲਰੀਆਂ ਪਈਆਂ ਬੋਤਲਾਂ ਵੱਲ ਵੇਖ ਮੈਨੂੰ ਉਨ੍ਹਾਂ 'ਤੇ ਗੁੱਸਾ ਆਇਆ। ਮੈਂ ਉੱਠ ਕੇ ਉਨ੍ਹਾਂ ਨੂੰ ਚੁੱਕਿਆ ਅਤੇ ਬਾਹਰ ਗਾਰਬੇਜ਼ ਵਿਚ ਸੁੱਟ ਦਿੱਤਾ ਸਣੇ ਇਕ ਅੱਧ-ਭਰੀ ਬੋਤਲ ਦੇ। ਸੋਚਿਆ ਕਿ ਹੁਣ ਨੀਂ ਇਸ ਨੂੰ ਹੱਥ ਲਾਉਂਦਾ। ਇਸੇ ਕਰਕੇ ਸਾਰੇ ਮੈਥੋਂ ਦੂਰ ਹੋਏ ਆ। ਤਿੰਨਾਂ ਬੱਚਿਆਂ ਦੇ ਚੇਹਰੇ ਅੱਖਾਂ ਮੂਹਰੇ ਘੁੰਮਣ ਲੱਗੇ। ਵੱਡੇ ਸਚਿਨ ਨੂੰ ਤਾਂ ਮੁੜ ਕਦੇ ਵੇਖਿਆ ਹੀ ਨਹੀਂ ਸੀ। ਕਿਹੋ-ਜਿਹਾ ਲੱਗਦਾ ਹੋਵੇਗਾ? ਫਿਰ ਖਿਆਲ ਆਇਆ ਕਿ ਜੇ ਬੱਚਿਆਂ 'ਚੋਂ ਕੋਈ ਇੱਥੇ ਆ ਕੇ ਦੇਖੇ? ਮੈਂ ਉੱਠ ਕੇ ਹੌਲੀ-ਹੌਲੀ ਸਾਰਾ ਖਿਲਾਰਾ ਚੁੱਕਿਆ। ਨਵਾਂ ਕੋਈ ਹੋਰ ਕੰਮ ਵੀ ਲੱਭਣਾ ਪੈਣਾ ਸੀ। ਟੈਕਸੀ ਚਲਾ ਨਹੀਂ ਸਕਦਾ। ਇਹ ਨਵਾਂ ਫ਼ਿਕਰ ਲੱਗ ਗਿਆ। ਫਿਰ ਨਹਾ ਧੋ ਕੇ ਗੁਰਦੁਆਰੇ ਚਲਾ ਗਿਆ। ਰੱਬ ਅੱਗੇ ਅਰਦਾਸ ਕੀਤੀ ਕਿ ਰੱਬਾ! ਮੈਨੂੰ ਸੁਮੱਤ ਬਖਸ਼। ਮੇਰੀ ਭਟਕਣ ਦੂਰ ਕਰ। ਆਈ-ਪੌਡ 'ਚ ਕੀਰਤਨ ਭਰਵਾ ਲਿਆ। ਉਸਨੂੰ ਸੁਣਦਾ। ਨਿੱਤ ਗੁਰਦੁਆਰੇ ਜਾਂਦਾ ਤੇ ਅਰਦਾਸ ਕਰਦਾ। ਜਦ ਅੱਖਾਂ ਮੀਚ ਕੇ ਬੈਠਦਾ ਤਾਂ ਮਸਾਜ਼-ਪਾਰਲਰ ਵਾਲੀਆਂ ਦਿਸਦੀਆਂ। ਕਦੇ ਭਰਜਾਈ ਦਿਸਦੀ। ਕਦੇ ਖਿੱਝ ਕੇ ਉਸ ਨੂੰ ਆਖਦਾ ਹਾਂ ਕਿ ਛੱਡਦੇ ਮੇਰਾ ਖਹਿੜਾ। ਮੈਨੂੰ ਕਿਸੇ ਪਾਸੇ ਜੋਗਾ ਨੀ ਛੱਡਿਆ ਤੂੰ। ਤੇ ਕਦੇ ਮਸਾਜ਼-ਪਾਰਲਰ ਵੱਲ ਮੂੰਹ ਹੋ ਜਾਂਦਾ ਹੈ। ਵਾਪਸ ਮੁੜਦਾ ਆਪਣੇ-ਆਪ ਨੂੰ ਲਾਹਨਤ ਪਾਉਂਦਾ ਹਾਂ ਕਿ ਉਹ ਕਿਹੜਾ ਢਿੱਡੋਂ ਪਿਆਰ ਕਰਦੀਐਂ। ਡਾਲਰ ਲੈ ਕੇ ਪਿਆਰ ਦੀ ਐਕਟਿੰਗ ਕਰਦੀਆਂ। ਪਰ ਜਾਣੋਂ ਫਿਰ ਵੀ ਰਹਿ ਨੀਂ ਹੁੰਦਾ। ਫਿਰ ਸੋਚਦਾ ਹਾਂ ਕਿ ਕਿਓਂ ਐਵੇਂ ਭਟਕਦਾ ਫਿਰਦਾਂ! ਕਿਓਂ ਨਾ ਵਾਪਸ ਬੱਚਿਆਂ ਕੋਲ ਚਲਾ ਜਾਵਾਂ। ਅਰਜਨ ਦੀ ਮਾਂ ਨੂੰ ਕਹਾਂ ਕਿ ਹੁਣ ਨੀਂ ਕਦੇ ਬਾਹਰ ਜਾਂਦਾ। ਫੇਰ ਲਗਦਾ ਕਿ ਓਹਦੇ ਨਾਲ ਰਹਿੰਦਿਆਂ ਕਿਹੜਾ ਖੁਸ਼ ਸੀ। ਉਦੋਂ ਵੀ ਲੱਗਦਾ ਸੀ ਕਿ ਕੋਈ ਹੋਰ ਹੋਵੇ। ਹੁਣ ਤਾਂ ਜੀਅ ਕਰਦਾ ਹੈ ਕਿ 'ਨੈਨਟਿੰਡੋ-ਵੀਅ' ਦੀ ਹੀ ਕੋਈ ਐਹੋ ਜਿਹੀ ਖੇਡ ਹੋਵੇ ਕਿ ਬੰਦਾ ਆਪਣੀ ਮਰਜ਼ੀ ਦਾ ਸਾਥ ਬਣਾ ਲਵੇ ਕਿਸੇ ਹੋਰ ਦੀ ਲੋੜ ਹੀ ਨਾ ਪਵੇ। ਜੇ ਕਿਤੋਂ ਐਹੋ ਜੇਹੀ ਖੇਡ ਦੀ ਡਿਸਕ ਲੱਭ ਗਈ ਫੇਰ ਨੀ ਮੈਂ ਦਿੰਦਾ ਇਹ ਨੈਨਟਿੰਡੋ ਅਰਜਨ ਨੂੰ। ਮੈਂ ਇਕ ਮੂਰਤ ਵਰਗੀ ਤੀਵੀਂ ਤਿਆਰ ਕਰਾਂ ਤੇ ਉਸਦਾ ਨਾਂ ਭਰਜਾਈ ਰੱਖਾਂ। ਤੇ ਫਿਰ ਉਹ ਮੈਨੂੰ ਆਪਣੀ ਛਾਤੀ ਨਾਲ ਘੁੱਟ ਕੇ ਮੇਰੇ ਅੰਦਰਲੀ ਸਾਰੀ ਭੁੱਖ ਮਿਟਾ ਦੇਵੇ।●●

**ਹਿੰਦੀ ਨਾਵਲ ਦਾ ਅਨੁਵਾਦ – ਕਿਸ਼ਤ 13**

# ਧਰਤੀ ਧਨ ਨਾ ਆਪਣਾ

## ਜਗਦੀਸ਼ ਚੰਦਰ

(ਧਰਤੀ ਧਨ ਨਾ ਆਪਣਾ' ਪੰਜਾਬ ਦੇ ਇੱਕ ਪਿੰਡ ਬਾਰੇ ਹਿੰਦੀ ਵਿੱਚ ਲਿਖਿਆ ਗਿਆ ਨਾਵਲ ਹੈ। ਇਹ ਨਾਵਲ ਪੰਜਾਬ ਦੇ ਪਿੰਡਾਂ ਬਾਰੇ ਲਿਖੇ ਬਹੁਤੇ ਨਾਵਲਾਂ ਤੋਂ ਇਸ ਲਈ ਵੱਖਰਾ ਹੈ ਕਿ ਇਸ ਵਿੱਚ ਪੰਜਾਬ ਦੇ ਪੇਂਡੂ ਦਲਿਤਾਂ ਦੀ ਜਿਸ ਦਸ਼ਾ ਦਾ ਵਰਣਨ ਹੈ, ਉਹ ਹੁਣ ਤੱਕ ਬਹੁਤ ਘੱਟ ਪੰਜਾਬੀ ਨਾਵਲਾਂ ਵਿੱਚ ਪ੍ਰਗਟ ਹੋਈ ਹੈ। ਬੇਸ਼ੱਕ ਇਹ ਨਾਵਲ 1970ਵਿਆਂ ਵਿੱਚ ਛਪਿਆ ਸੀ, ਪਰ ਪੰਜਾਬ ਦੇ ਸਾਹਿਤਕ ਜਗਤ ਵਿੱਚ ਇਸ ਦੀ ਕੋਈ ਬਹੁਤੀ ਚਰਚਾ ਨਹੀਂ ਹੋਈ। ਅਸੀਂ ਇਸ ਨਾਵਲ ਨੂੰ ਵਤਨ ਵਿੱਚ ਲੜੀਵਾਰ ਛਾਪਣ ਦਾ ਫੈਸਲਾ ਕੀਤਾ ਹੈ। ਪੇਸ਼ ਹੈ ਇਸ ਦੀ **ਤੇਰਵੀਂ ਕਿਸ਼ਤ**। ਪਹਿਲੀਆਂ ਕਿਸ਼ਤਾਂ ਪੜ੍ਹਨ ਲਈ ਪਿਛਲੇ ਅੰਕ ਦੇਖੋ। ਜੇ ਤੁਹਾਡੇ ਕੋਲ ਪਿਛਲੇ ਅੰਕ ਸਾਂਭੇ ਹੋਏ ਨਹੀਂ ਹਨ ਤਾਂ ਸਾਨੂੰ ਈ-ਮੇਲ ਭੇਜੋ। ਤੁਹਾਨੂੰ ਉਹ ਅੰਕ ਭੇਜ ਕੇ ਸਾਨੂੰ ਖੁਸ਼ੀ ਹੋਵੇਗੀ -ਸੰਪਾਦਕ)

**37**

ਸਵੇਰ ਤੱਕ ਹੜ੍ਹ ਦਾ ਜ਼ੋਰ ਮੁੱਕ ਗਿਆ ਪਰ ਖੇਤਾਂ ਵਿੱਚ ਚਾਰੇ ਪਾਸੇ ਪਾਣੀ ਖੜ੍ਹਾ ਸੀ। ਮੱਕੀ ਦੀ ਫਸਲ ਮਿੱਟੀ ਨਰਮ ਹੋਣ ਕਾਰਨ ਜ਼ਮੀਨ ਉੱਤੇ ਵਿਛ ਗਈ ਸੀ। ਖੇਤਾਂ ਵਿੱਚ ਵਿੰਗ-ਤੜਿੰਗੀਆਂ ਡੰਡੀਆਂ ਅਤੇ ਰਾਹ ਪਾਣੀ ਵਿੱਚ ਡੁੱਬੇ ਹੋਏ ਸਨ ਅਤੇ ਜਿੱਥੇ ਤੱਕ ਨਿਗ੍ਹਾ ਜਾਂਦੀ ਸੀ ਉੱਥੋਂ ਤੱਕ ਹਰਿਆਲੀ ਦੇ ਹੇਠਾਂ ਵਿਛੀ ਹੋਈ ਪਾਣੀ ਦੀ ਚਾਦਰ ਕਿਤਿਉਂ ਮੈਲੀ ਅਤੇ ਕਿਤਿਉਂ ਚਮਕੀਲੀ ਦਿਸ ਰਹੀ ਸੀ। ਇਸ ਤਰ੍ਹਾਂ ਲੱਗਦਾ ਸੀ ਜਿਵੇਂ ਪਾਣੀ ਨੇ ਪਿੰਡ ਦੇ ਦੁਆਲੇ ਘੇਰਾ ਪਾ ਰੱਖਿਆ ਹੋਵੇ।

ਜਿਨ੍ਹਾਂ ਥਾਂਵਾਂ ਤੋਂ ਹੜ੍ਹ ਦਾ ਪਾਣੀ ਉੱਤਰ ਗਿਆ ਸੀ ਉੱਥੇ ਪਤਲੇ ਚਿੱਕੜ ਦੀ ਮੋਟੀ ਤਹਿ ਜੰਮ ਗਈ ਸੀ ਅਤੇ ਉਸ ਉੱਤੇ ਰੀਂਗ ਰਹੇ ਕੀੜੇ-ਮਕੌੜੇ ਅਤੇ ਗੰਡ-ਗੰਡੋਏ ਪਤਲੇ ਪਤਲੇ ਰਾਹ ਬਣਾ ਰਹੇ ਸਨ।

ਚੋਅ ਵਿੱਚ ਪਾਣੀ ਦੀ ਪਤਲੀ-ਜਿਹੀ ਲੀਕ ਰਹਿ ਗਈ ਸੀ। ਉਹਦਾ ਮਟਮੈਲਾਪਣ ਖਤਮ ਹੋ ਚੁੱਕਿਆ ਸੀ ਅਤੇ ਉਹਦਾ ਪਾਟ ਕਿਤਿਉਂ ਪਹਿਲਾਂ ਨਾਲੋਂ ਜ਼ਿਆਦਾ ਚੌੜਾ ਅਤੇ ਕਿਤਿਉਂ ਪਹਿਲਾਂ ਨਾਲੋਂ ਘੱਟ ਹੋ ਗਿਆ ਸੀ। ਕਿਤੇ ਰੇਤ ਭਰ ਗਈ ਸੀ ਅਤੇ ਕਿਤੇ ਟੋਏ ਪੈ ਗਏ ਸਨ।

ਤਿੰਨ ਦਿਨ ਮੀਂਹ ਪੈਣ ਬਾਅਦ ਧੁੱਪ ਨਿਕਲੀ ਤਾਂ ਸਾਰਾ ਵਾਤਾਵਰਨ ਇਕ ਅਜੀਬ ਜਿਹੀ ਸਿੱਲੀ ਬਦਬੋਅ ਨਾਲ ਭਰ ਗਿਆ। ਲੋਕਾਂ ਨੂੰ ਹਰ ਚੀਜ਼ ਤੋਂ, ਕੱਪੜਿਆਂ ਤੋਂ, ਰੋਟੀ ਤੋਂ, ਅਨਾਜ਼ ਤੋਂ ਏਥੋਂ ਤੱਕ ਕਿ ਆਪਣੇ ਸਰੀਰਾਂ ਤੋਂ ਬਦਬੋਅ ਆਉਣ ਦਾ ਅਹਿਸਾਸ ਹੋ ਰਿਹਾ ਸੀ। ਕੰਧਾਂ, ਫਰਸ਼ਾਂ, ਦਰਵਾਜ਼ੇ ਅਤੇ ਸਰਦਲਾਂ ਸਾਰੀਆਂ ਸਿੱਲੀਆਂ ਹੋਈਆਂ ਪਈਆਂ ਸਨ। ਤਿੰਨ ਦਿਨ ਮੱਖੀਆਂ ਖੂੰਜਿਆਂ ਅਤੇ ਖੁੰਦਰਾਂ ਵਿੱਚ ਲੁਕੀਆਂ ਰਹੀਆਂ ਸਨ। ਧੁੱਪ ਨਿਕਲਦਿਆਂ ਹੀ ਉਹਨਾਂ ਨੇ ਹੱਲਾ ਬੋਲ ਦਿੱਤਾ ਅਤੇ ਆਲੇ ਦੁਆਲੇ ਇਸ ਤਰ੍ਹਾਂ ਭਿਨਭਿਨਾਉਂਦੀਆਂ ਉੱਡ ਰਹੀਆਂ ਸਨ ਜਿਵੇਂ ਚਾਰੇ ਪਾਸੇ ਉਹਨਾਂ ਦੀ ਹੀ ਜਾਗੀਰ ਹੋਵੇ।

ਚਮ੍ਹਾਰਲੀ ਦੇ ਨਿਆਣੇ ਸਵੇਰੇ ਹੀ ਚੋਅ 'ਤੇ ਚਲੇ ਗਏ ਸਨ ਅਤੇ ਗਿੱਟਿਆਂ ਤੱਕ ਡੂੰਘੇ ਪਾਣੀ ਵਿੱਚ ਖੇਡ ਰਹੇ ਸਨ। ਕਦੇ ਉਹ ਗਿੱਲੀ ਰੇਤ ਵਿੱਚ ਘਰ ਬਣਾਉਂਦੇ ਅਤੇ ਕਦੇ ਉਹ ਡਿੱਗੇ ਹੋਏ ਦਰੱਖਤਾਂ ਦੇ ਤਣਿਆਂ ਉੱਪਰ ਬੈਠ ਘੋੜਿਆਂ ਦੀ ਸਵਾਰੀ ਕਰਦੇ। ਕੁਝ ਬੱਚੇ ਤਕੀਏ ਵਿੱਚ ਚਿੱਕੜ ਨੂੰ ਮਿੱਧਦੇ ਹੋਏ ਸਿੱਪੀਆਂ ਅਤੇ ਹੜ੍ਹ ਵਿੱਚ ਰੁੜ ਕੇ ਆਈਆਂ ਹੋਰ ਚੀਜ਼ਾਂ ਅਤੇ ਮਿੱਠੀਆਂ ਪਹਾੜੀ ਜੜ੍ਹਾਂ ਦੀ ਭਾਲ ਵਿੱਚ ਘੁੰਮ ਰਹੇ ਸਨ।

ਚਮ੍ਹਾਰਲੀ ਦੀਆਂ ਤੀਵੀਂਆਂ ਘਰਾਂ ਵਿੱਚ ਪਸਰੇ ਹੋਏ ਚਿੱਕੜ ਨੂੰ ਕੱਢ ਆਪਣੇ ਕੋਠਿਆਂ ਦੀ ਮੁਰੰਮਤ ਵਿੱਚ ਲਗ ਗਈਆਂ। ਮੁਹੱਲੇ ਵਿੱਚ ਇਕ ਵੀ ਕੋਠਾ ਏਦਾਂ ਦਾ ਨਹੀਂ ਸੀ ਜਿਹਦੀਆਂ ਕੰਧਾਂ ਤੋਂ ਲੇਪ ਦੇ ਖਲੇਪੜ ਨਾ ਲੱਥੇ ਹੋਣ ਅਤੇ ਛੱਤ ਵਿੱਚ ਮਘੋਰੇ ਨਾ ਪਏ ਹੋਣ। ਉਹ ਛੱਤਾਂ ਦੇ ਮਘੋਰਿਆਂ ਵਿੱਚ ਮਿੱਟੀ ਭਰਦੀਆਂ ਇਕ ਦੂਸਰੀ ਨਾਲ ਆਪਣੇ ਹੋਏ ਨੁਕਸਾਨ ਦੇ ਬਾਰੇ ਵਧ – ਚੜ੍ਹ ਕੇ ਗੱਲਾਂ ਕਰ ਰਹੀਆਂ ਸਨ। ਤੇਜ਼ ਧੁੱਪ ਵਿੱਚ ਗਿੱਲੇ ਕੋਠਿਆਂ ਤੋਂ ਉੱਠ ਰਹੀ ਭਾਫ ਨੂੰ ਦੇਖ ਕੇ ਉਹ ਫਿਕਰਮੰਦ ਹੋ ਗਈਆਂ ਕਿ ਕਿਤੇ ਕੰਧਾਂ ਵਿੱਚ ਦਰਾੜਾਂ ਨਾ ਪੈ ਜਾਣ।

ਮੁਹੱਲੇ ਦੇ ਸਾਰੇ ਮਰਦ ਖੂਹ ਵਿੱਚੋਂ ਚੋਅ ਦਾ ਗੰਦਾ ਪਾਣੀ ਕੱਢਣ ਵਿੱਚ ਰੁੱਝੇ ਹੋਏ ਸਨ। ਛੇ ਆਦਮੀ ਇਕੋ ਵਾਰੀ ਸ਼ਰਤ ਲਾ ਕੇ ਬਾਲਟੀਆਂ ਖਿੱਚ ਰਹੇ ਸਨ। ਜਦੋਂ ਉਹ ਥੱਕ ਜਾਂਦੇ ਤਾਂ ਉਹਨਾਂ ਦੀ ਥਾਂ ਤਰੋਤਾਜ਼ਾ ਨੌਜਵਾਨ ਲੈ ਲੈਂਦੇ। ਪਾਣੀ ਦਾ ਮਟਮੈਲਾਪਣ ਹੌਲੀ ਹੌਲੀ ਖਤਮ ਹੋ ਰਿਹਾ ਸੀ। ਤੇਜ਼ ਅਤੇ ਤਿੱਖੀ ਧੁੱਪ ਨੰਗੇ ਸਰੀਰਾਂ ਵਿੱਚ ਸੂਈਆਂ ਵਾਂਗ ਚੁੱਭ ਰਹੀ ਸੀ। ਅਤੇ ਪਸੀਨੇ ਦੀਆਂ ਨਦੀਆਂ ਵਗ ਰਹੀਆਂ ਸਨ। ਪਰ ਉਹ ਇਸ ਤਰ੍ਹਾਂ ਕੰਮ ਵਿੱਚ ਲੱਗੇ ਹੋਏ ਸਨ ਜਿਵੇਂ ਖੂਹ ਦਾ ਪੇਂਦਾ ਨੰਗਾ ਕਰਕੇ ਹੀ ਸਾਹ ਲੈਣਗੇ।

ਚੌਧਰੀ ਲੋਕ ਸਵੇਰ ਤੋਂ ਹੀ ਆਪਣੇ ਖੇਤਾਂ ਵਲ ਨਿਕਲ ਗਏ ਸਨ। ਤੇਜ਼ ਮੀਂਹ ਅਤੇ ਚੋਅ ਦਾ ਪਾਣੀ ਖੇਤਾਂ ਵਿੱਚ ਫੈਲ ਜਾਣ ਨਾਲ ਜ਼ਮੀਨ ਨਰਮ ਪੈ ਗਈ ਸੀ ਅਤੇ ਉਹਦੇ ਵਿੱਚ ਗਿੱਟਿਆਂ ਤੱਕ ਪੈਰ ਖੁੱਭ ਰਹੇ ਸਨ। ਖੇਤਾਂ ਵਿੱਚ ਘੁੰਮ ਕੇ ਉਹ ਉਸ ਥਾਂ ਇਕੱਠੇ ਹੋ ਗਏ ਜਿੱਥੋਂ ਬੰਨ ਨੂੰ ਵੱਢਿਆ ਗਿਆ ਸੀ।

ਚੌਧਰੀ ਹਰਨਾਮ ਸਿੰਘ ਆਪਣੇ ਖੇਤ ਵਿੱਚ ਪਏ ਡੂੰਘੇ ਡੰਮ ਨੂੰ ਦੇਖ ਰਿਹਾ ਸੀ। ਡੰਮ ਤੋਂ ਅੱਗੇ ਮਿੱਟੀ ਦਾ ਛੋਟਾ ਜਿਹਾ ਢੇਰ ਬਣ ਗਿਆ ਸੀ ਅਤੇ ਉਹਦੇ ਬਾਅਦ ਫਿਰ ਪਾਣੀ ਸੀ। ਚੌਧਰੀ ਮੁਨਸ਼ੀ ਆਪਣੇ ਸੱਜੇ ਪੈਰ ਨਾਲ ਖੱਬੇ ਪੈਰ ਉੱਤੇ ਖਾਜ ਕਰਦਾ ਹੋਇਆ ਚੌਧਰੀ ਹਰਨਾਮ ਸਿੰਘ ਨਾਲ ਉਦਾਸ ਅਵਾਜ਼ ਵਿੱਚ ਬੋਲਿਆ, "ਚੌਧਰੀ, ਏਦਾਂ ਲੱਗਦਾ ਜਿਵੇਂ ਖੇਤਾਂ 'ਚ ਰੇਤਾ ਪਸਰ ਗਈ ਹੋਵੇ।" ਚੌਧਰੀ ਹਰਨਾਮ ਸਿੰਘ ਨੇ ਸਾਹਮਣੇ ਦੂਰ ਤੱਕ ਜ਼ਮੀਨ ਉੱਤੇ ਵਿਛੀ ਮੱਕੀ ਦੀ ਫਸਲ ਨੂੰ ਦੇਖਦਿਆਂ ਹੋਇਆਂ ਖਸਿਆਣੇ ਜਿਹੇ ਹਾਸੇ ਨਾਲ ਕਿਹਾ:

"ਸਾਡੇ ਖੇਤਾਂ 'ਚ ਰੇਤ ਹੀ ਵਿਛੂ। ਚੀਕਣਾ (ਉਪਜਾਊ) ਗਾਰਾ ਗੱਪੀਆਂ ਦੇ ਖੇਤਾਂ ਵਿੱਚ ਪਿਆ ਹੋਊ। ਤੂੰ ਆਪਣੇ ਖੇਤਾਂ 'ਚ ਮੂੰਗਫਲੀ ਅਤੇ ਹਦਵਾਣੇ ਬੀਜੀਂ ਅਤੇ ਗੱਪੀ ਕਪਾਹ ਬੀਜਣਗੇ।"

ਉਹ ਡੂੰਮ ਵਿੱਚੋਂ ਵਗਦੇ ਪਾਣੀ ਨੂੰ ਦੇਖਣ ਲੱਗਾ। ਚੌਧਰੀ ਨੇ ਮਿੱਟੀ ਦਾ ਢੇਲਾ ਚੁੱਕ ਕੇ ਪਾਣੀ ਵਿੱਚ ਸੁੱਟ ਦਿੱਤਾ ਅਤੇ ਧੜਾਮ ਦੀ ਅਵਾਜ਼ ਨੂੰ ਧਿਆਨ ਨਾਲ ਸੁਣਦਾ ਹੋਇਆ ਬੋਲਿਆ:

"ਮੇਰੇ ਖਿਆਲ ਵਿੱਚ ਪਾਣੀ ਹਾਥੀ ਜਿੰਨਾ ਡੂੰਘਾ ਤਾਂ ਹੋਊਗਾ।"

ਚੋਧਰੀ ਹਰਨਾਮ ਸਿੰਘ ਚੁੱਪ ਰਿਹਾ। ਉਹਨੂੰ ਦੁੱਖ ਸੀ ਕਿ ਕੱਲ੍ਹ ਭਾਵੁਕਤਾ ਵਿੱਚ ਆ ਕੇ ਉਹਨੇ ਆਪਣੇ ਖੇਤਾਂ ਦੇ ਸਾਹਮਣਿਉਂ ਬੰਨ ਵੱਢਣ ਲਈ ਜ਼ੋਰ ਦਿੱਤਾ ਸੀ। ਉਹ ਤੇਜ਼ ਧੁੱਪ ਨੂੰ ਮਹਿਸੂਸ ਕਰਦਾ ਹੋਇਆ ਬੋਲਿਆ:

"ਜੇ ਇਸ ਤਰ੍ਹਾਂ ਧੁੱਪ ਪੈਂਦੀ ਰਹੇ ਅਤੇ ਖੇਤਾਂ ਦੇ ਪਾਣੀ ਦਾ ਨਿਕਾਸ ਹੋ ਜਾਵੇ ਤਾਂ ਥੋੜ੍ਹੀ ਬਹੁਤ ਫਸਲ ਬਚ ਸਕਦੀ ਹੈ।"

"ਚੌਧਰੀ ਆਪਣੇ ਕੋਠਿਆਂ ਨੂੰ ਦੇਖਣ, ਡੰਗਰਾਂ ਦੀ ਖਬਰ ਲੈਣ ਜਾਂ ਖੇਤਾਂ 'ਚੋਂ ਪਾਣੀ ਕੱਢਣ?" ਬੇਲਾ ਸਿੰਘ ਨੇ ਕਿਹਾ।

"ਇਸ ਸਾਲ ਕੋਈ ਬਰਸਾਤ ਲੱਗੀ ਹੈ, ਕਹਿਰ ਪਿਆ। ਪਤਾ ਨਹੀਂ ਖਵਾਜ਼ੇ ਪੀਰ ਨੇ ਕਿਸ ਗੱਲ ਦਾ ਬਦਲਾ ਲਿਆ ਹੈ। ਏਦਾਂ ਲੱਗਦਾ ਹੈ ਜਿਵੇਂ ਪਹਾੜ ਪਾਟ ਗਏ ਹੋਣ। ਖੇਤਾਂ, ਖਲਿਆਨਾਂ ਨੂੰ ਛੱਡੋ, ਸਰੀਰਾਂ 'ਚ ਪਾਣੀ ਭਰ ਗਿਆ ਹੈ। ਮੱਕੀ ਦੀਆਂ ਫਸਲਾਂ ਤਾਂ ਤਬਾਹ ਹੋਣੀਆਂ ਹੀ ਸਨ, ਕੋਠੀਆਂ 'ਚ ਪਈ ਕਣਕ ਦੇ ਸੜ ਜਾਣ ਦਾ ਡਰ ਹੈ। ਗੁੜ ਅਤੇ ਸ਼ੱਕਰ ਦਾ ਸੀਰਾ ਬਣ ਜਾਣ ਦਾ ਖਤਰਾ ਹੈ।" ਚੌਧਰੀ ਮੁਨਸ਼ੀ ਨੇ ਦੁੱਖ ਭਰੀ ਅਵਾਜ਼ ਵਿੱਚ ਕਿਹਾ।

"ਬੰਨ ਨਾ ਵੱਢਦੇ ਤਾਂ – ਮੇਰੇ ਇਸ ਖੇਤ 'ਚੋਂ ਘੱਟੋ-ਘੱਟ ਵੀਹ ਮਨ ਮੱਕੀ ਨਿਕਲਦੀ ਪਰ ਹੁਣ ਸ਼ਾਇਦ ਇਕ ਮਨ ਵੀ ਨਾ ਨਿਕਲੇ।" ਚੌਧਰੀ ਹਰਨਾਮ ਸਿੰਘ ਨੇ ਕਿਹਾ।

"ਜੇ ਖੇਤ 'ਚੋਂ ਪਾਣੀ ਨਾ ਕੱਢਿਆ ਤੇ ਫਸਲ ਡੁੱਬੀ ਰਹੀ ਤਾਂ ਇਕ ਮਨ ਵੀ ਨਹੀਂ ਨਿਕਲਣੀ। ਮੱਕੀ ਦੀ ਫਸਲ ਸਤਮਾਹੇ ਬੱਚੇ ਦੀ ਆਂਗ ਹੁੰਦੀ ਹੈ। ਮੀਂਹ ਜ਼ਿਆਦਾ ਪਵੇ ਤਾਂ ਇਸ ਲਈ ਖਰਾਬ। ਧੁੱਪ ਜ਼ਿਆਦਾ ਪੈ ਜਾਏ ਤਾਂ ਇਸ ਦੀ ਬਰਬਾਦੀ।" ਬੇਲਾ ਸਿੰਘ ਨੇ ਜੁਆਬ ਦਿੱਤਾ।

"ਮੇਰੀ ਗੱਲ ਮੰਨੋ ਤਾਂ ਚਮਾਰਾਂ ਨੂੰ ਸੱਦ ਕੇ ਰੇਤ ਦੇ ਢੇਰ ਵਿੱਚੀਂ ਰਾਹ ਕੱਢਵਾ ਦਿਉ। ਪਿਛਲੇ ਖੇਤਾਂ 'ਚੋਂ ਪਾਣੀ ਨਿਕਲ ਜਾਊਗਾ।" ਚੌਧਰੀ ਮੁਨਸ਼ੀ ਨੇ ਸੁਝਾਅ ਦਿੱਤਾ।

ਚੌਧਰੀ ਹਰਨਾਮ ਸਿੰਘ ਸੋਚ ਵਿੱਚ ਪੈ ਗਿਆ ਤਾਂ ਬੇਲਾ ਸਿੰਘ ਬੋਲਿਆ:

"ਜ਼ਿਆਦਾ ਤੋਂ ਜ਼ਿਆਦਾ ਅੱਧੀ ਘੜੀ ਦਾ ਕੰਮ ਹੈ। ਪਾਣੀ ਖੇਤਾਂ 'ਚ ਹੀ ਸੜਨਾ ਸ਼ੁਰੂ ਹੋ ਗਿਆ ਤਾਂ ਰਹੀ-ਸਹੀ ਫਸਲ ਵੀ ਖਰਾਬ ਹੋ ਜਾਊਗੀ।"

ਚੌਧਰੀ ਹਰਨਾਮ ਸਿੰਘ ਚੁੱਪਚਾਪ ਪਿੰਡ ਵਲ ਤੁਰ ਪਿਆ। ਚੌਧਰੀ ਮੁਨਸ਼ੀ ਅਤੇ ਬੇਲਾ ਸਿੰਘ ਵੀ ਉਹਦੇ ਪਿੱਛੇ ਪਿੱਛੇ ਤੁਰ ਪਏ।

ਜਦੋਂ ਉਹ ਚਮ੍ਹਾਰਲੀ ਦੇ ਖੂਹ ਦੇ ਨੇੜੇ ਪਹੁੰਚੇ ਤਾਂ ਮੁਹੱਲੇ ਦੇ ਬਹੁਤ ਸਾਰੇ ਮਰਦ ਅਤੇ ਬੱਚੇ ਮੰਡੇਰ ਦੇ ਆਲੇ ਦੁਆਲੇ ਖੜ੍ਹੇ ਸਨ। ਖੂਹ ਦੇ ਆਲੇ-ਦੁਆਲੇ ਪਾਣੀ ਹੀ ਪਾਣੀ ਸੀ ਅਤੇ ਸਾਹਮਣੇ ਗਲੀ ਚਿੱਕੜ ਨਾਲ ਭਰੀ ਹੋਈ ਸੀ। ਉਹਨਾਂ ਨੂੰ ਦੇਖ ਕੇ ਬਾਲਟੀਆਂ ਰੁਕ ਗਈਆਂ ਅਤੇ ਸਾਰੇ ਹੱਥ ਚੌਧਰੀਆਂ ਦੀ ਬੰਦਗੀ ਕਰਨ ਲਈ ਉੱਠ ਪਏ। ਉਹਨਾਂ ਦੇ ਪੁੱਛਣ 'ਤੇ ਕਈ ਲੋਕਾਂ ਨੇ ਇਕਦਮ ਬੋਲਣਾ ਸ਼ੁਰੂ ਕਰ ਦਿੱਤਾ ਕਿ ਖੂਹ ਚੋਅ ਦੇ ਪਾਣੀ ਨਾਲ ਭਰ ਗਿਆ ਸੀ, ਇਸ ਲਈ ਖਾਲੀ ਕਰ ਰਹੇ ਹਾਂ।

'ਸਾਰੇ ਲੋਕ ਤਾਂ ਖੂਹ ਖਾਲੀ ਨਹੀਂ ਕਰ ਰਹੇ। ਦੋ-ਚਾਰ ਆਦਮੀ ਕਹੀਆਂ ਲੈ ਕੇ ਆਵੋ। ਜਿੱਥੇ ਬੰਨ ਵੱਢਿਆ ਸੀ, ਉਹਦੇ ਸਾਹਮਣੇ ਮਿੱਟੀ ਦਾ ਢੇਰ ਲੱਗ ਗਿਆ ਹੈ। ਉਹਦੇ ਵਿੱਚੀਂ ਰਾਹ ਬਣਾਉਣਾ ਤਾਂਕਿ ਖੜ੍ਹਾ ਪਾਣੀ ਨਿਕਲ ਜਾਵੇ।"

ਚੌਧਰੀ ਦੀ ਗੱਲ ਸੁਣ ਕੇ ਖੂਹ ਉੱਤੇ ਖੜ੍ਹੇ ਸਾਰੇ ਲੋਕ ਇਕ-ਦੂਜੇ ਵੱਲ ਦੇਖਣ ਲੱਗੇ ਕਿਉਂਕਿ ਉਹਨਾਂ ਦੇ ਸਾਹਮਣੇ ਸਭ ਤੋਂ ਵੱਡਾ ਸੁਆਲ ਖੂਹ ਸਾਫ ਕਰਨ ਦਾ ਸੀ। ਪਰ ਜਦੋਂ ਚੌਧਰੀ ਨੇ ਸੰਤੂ, ਬੰਤੂ, ਜੀਤੂ ਅਤੇ ਬੱਗੇ ਦੇ ਨਾਂ ਲੈ ਕੇ ਆਉਣ ਲਈ ਕਿਹਾ ਤਾਂ ਉਹਨਾਂ ਨੇ ਬਾਲਟੀਆਂ ਰੱਖ ਦਿੱਤੀਆਂ ਅਤੇ ਆਪਣੇ ਘਰਾਂ ਤੋਂ ਕਹੀਆਂ ਲੈ ਕੇ ਚੌਧਰੀਆਂ ਦੇ ਪਿੱਛੇ ਚੋਅ ਵਲ ਚਲੇ ਗਏ।

ਬੱਚਿਆਂ ਦੀ ਇਕ ਪਲਟਨ ਉਹਨਾਂ ਦੇ ਪਿੱਛੇ ਲੱਗ ਤੁਰੀ। ਜਦੋਂ ਉਹ ਉਹਨਾਂ ਦੇ ਬਹੁਤ ਨੇੜੇ ਪਹੁੰਚ ਜਾਂਦੇ ਤਾਂ ਬੇਲਾ ਸਿੰਘ ਪਿੱਛੇ ਮੁੜ ਕੇ ਉੱਚੀ ਅਵਾਜ਼ ਵਿੱਚ ਉਹਨਾਂ ਨੂੰ ਝਿੜਕਦਾ ਤਾਂ ਉਹ ਦੌੜ ਜਾਂਦੇ ਪਰ ਕੁਝ ਪਲਾਂ ਦੇ ਬਾਅਦ ਫਿਰ ਉਹਨਾਂ ਦਾ ਪਿੱਛਾ ਕਰਨਾ ਸ਼ੁਰੂ ਕਰ ਦਿੰਦੇ।

ਬੰਨ 'ਤੇ ਜਾ ਕੇ ਚੌਧਰੀ ਲੋਕ ਉੱਥੇ ਰੁਕ ਗਏ ਅਤੇ ਚਮਾਰ ਬੰਨ ਦੇ ਪਾੜ ਦੇ ਸਾਹਮਣੇ ਰੇਤ ਦੇ ਢੇਰ 'ਤੇ ਜਾਣ ਲਈ ਖੇਤਾਂ ਵਿੱਚ ਵੜ ਗਏ ਅਤੇ ਪਾਣੀ ਵਿੱਚ ਛਪ-ਛਪ ਕਰਦੇ ਹੋਏ ਅੱਗੇ ਵਧਦੇ ਗਏ। ਧੁੱਪ ਨਾਲ ਪਾਣੀ ਥੋੜ੍ਹਾ ਜਿਹਾ ਗਰਮ ਹੋ ਗਿਆ ਸੀ ਅਤੇ ਮੱਕੀ ਦੇ ਪੱਤੇ ਤਲਵਾਰ ਦੀ ਧਾਰ ਦੇ ਵਾਂਗ ਤੇਜ਼ ਸਨ। ਬੰਨ 'ਤੇ ਖੜ੍ਹੇ ਚੌਧਰੀ ਮੱਕੀ ਦੇ ਹਿਲਦੇ ਪੱਤਿਆਂ ਨੂੰ ਦੇਖ ਕੇ ਉਹਨਾਂ ਦੇ ਅੱਗੇ ਵਧਣ ਦਾ ਅੰਦਾਜ਼ਾ ਲਾ ਰਹੇ ਸਨ। ਜਦੋਂ ਪੱਤਿਆਂ ਦੀ ਖੜਖੜਾਹਟ ਬੰਦ ਹੋ ਜਾਂਦੀ ਤਾਂ ਉਹ ਸਮਝ ਜਾਂਦੇ ਕਿ ਚਮਾਰ ਕਿਤੇ ਖੜ੍ਹ ਗਏ ਹਨ ਅਤੇ ਉਹ ਕੁਝ ਪਲ ਉਡੀਕ ਕਰਨ ਬਾਅਦ ਉਹਨਾਂ ਨੂੰ ਅਵਾਜ਼ਾਂ ਮਾਰਦੇ।

ਉਹਨਾਂ ਦੀਆਂ ਅਵਾਜ਼ਾਂ ਸੁਣ ਕੇ ਸੰਤੂ ਨੂੰ ਗੁੱਸਾ ਆ ਗਿਆ ਅਤੇ ਉਹ ਬਦਲੇ ਦੀ ਭਾਵਨਾ ਨਾਲ ਮੱਕੀ ਦੇ ਬੂਟਿਆਂ ਨੂੰ ਮਿੱਧਦਾ ਹੋਇਆ ਤੁਰਨ ਲੱਗਾ।

"ਇਹ ਚੌਧਰੀ ਮੁਨਸ਼ੀ ਦਾ ਖੇਤ ਹੈ।" ਜੀਤੂ ਨੇ ਸੰਤੂ ਨੂੰ ਇਹ ਗੱਲ ਇਸ ਮਨਸ਼ਾ ਨਾਲ ਕਹੀ ਕਿ ਉਹ ਉਹਦੇ ਚੌਧਰੀ ਦੀ ਫਸਲ ਨਾ ਉਜਾੜੇ।

"ਕਿਸੇ ਸਾਲੇ ਦਾ ਹੋਵੇ। ਮੈਨੂੰ ਸਿਰਫ ਏਨਾ ਪਤਾ ਕਿ ਇਸ ਖੇਤ ਦੀ ਫਸਲ ਮੇਰੇ ਘਰ ਨਹੀਂ ਜਾਣੀ।" ਜੀਤੂ ਨੇ ਖਿਝੀ ਹੋਈ ਅਵਾਜ਼ ਵਿੱਚ ਕਿਹਾ।

ਲੰਮਾ ਚੱਕਰ ਕੱਢ ਕੇ ਉਹ ਰੇਤ ਦੇ ਢੇਰ 'ਤੇ ਪਹੁੰਚ ਗਏ। ਉਹਨਾਂ ਨੂੰ ਦੇਖ ਕੇ ਚੌਧਰੀ ਖੁਸ਼ ਹੋ ਗਏ ਅਤੇ ਹੱਥਾਂ ਦੇ ਇਸ਼ਾਰਿਆਂ ਦੇ ਨਾਲ ਹੁਕਮ ਦੇਣ ਲੱਗੇ। ਥੋੜ੍ਹੇ ਚਿਰ ਵਿੱਚ ਉਹਨਾਂ ਰੇਤ ਦੇ ਢੇਰ ਵਿੱਚ ਦੀ ਨਾਲੀ ਪੁੱਟ ਦਿੱਤੀ ਅਤੇ ਉਹਦੇ ਰਾਹੀਂ ਪਾਣੀ ਟੋਏ ਵਿੱਚ ਪੈਣ ਲੱਗਾ। ਜੀਤੂ ਅਤੇ ਸੰਤੂ ਕੁਝ ਚਿਰ ਤੱਕ ਉੱਥੇ ਖੜ੍ਹੇ ਵਗਦੇ ਪਾਣੀ ਵਲ ਦੇਖਦੇ ਰਹੇ ਅਤੇ ਫਿਰ ਪਿੰਡ ਵਲ ਆ ਗਏ।

ਚੋਅ ਵਿੱਚ ਪਾਣੀ ਦੀ ਪਤਲੀ ਲੀਕ ਚੌੜੀ ਹੋ ਗਈ ਅਤੇ ਬੱਚੇ ਉਹਦੇ ਵਿੱਚ ਦੌੜਦੇ ਹੋਏ ਕਿਲਕਾਰੀਆਂ ਮਾਰਨ ਲੱਗੇ। ਚੌਧਰੀ ਬੰਨ ਤੋਂ ਹੇਠਾਂ ਉਤਰੇ ਅਤੇ ਪਿੰਡ ਵਲ ਜਾਂਦਿਆਂ ਉਹਨਾਂ ਫੈਸਲਾ ਕੀਤਾ ਕਿ ਬੰਨ ਦੇ ਪਾੜ ਨੂੰ ਛੇਤੀਂ ਹੀ ਭਰ ਦੇਣਾ ਚਾਹੀਦਾ ਹੈ ਕਿਉਂਕਿ ਪਾਣੀ ਸੁੱਕਣ 'ਤੇ ਫਸਲ ਦੀ ਗੋਡੀ ਸ਼ੁਰੂ ਹੋ ਗਈ ਤਾਂ ਇਹ ਕੰਮ ਵਿੱਚ ਹੀ ਰਹਿ ਜਾਊਗਾ। ਨਾ ਤਾਂ ਚੌਧਰੀਆਂ ਕੋਲ ਵਿਹਲ ਹੋਣਾ ਅਤੇ ਨਾ ਚਮਾਰ ਹੀ ਇਹ ਕੰਮ ਕਰਨਗੇ। ਚਮ੍ਹਾਰਲੀ ਦੇ ਖੂਹ ਦੇ ਕੋਲੋਂ ਲੰਘਦਿਆਂ ਉਹਨਾਂ ਉੱਥੇ ਹਾਜ਼ਰ ਸਾਰੇ ਲੋਕਾਂ ਨੂੰ ਕਿਹਾ ਕਿ ਕੱਲ੍ਹ ਸ਼ਾਹਵੇਲੇ ਤੋਂ ਬਾਅਦ ਉਹ ਕਹੀਆਂ ਅਤੇ ਟੋਕਰੀਆਂ ਲੈ ਕੇ ਉੱਥੇ ਪਹੁੰਚ ਜਾਣ।

ਚੌਧਰੀਆਂ ਦੇ ਇਸ ਹੁਕਮ ਨਾਲ ਚਮਾਰਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਉਹਨਾਂ ਨੂੰ ਖੁਸ਼ੀ ਸੀ ਕਿ ਹੜ੍ਹ ਅਤੇ ਮੀਂਹ ਦੇ ਬਾਵਜੂਦ ਹੁਣ ਉਹਨਾਂ ਨੂੰ ਵਿਹਲੇ ਨਹੀਂ ਬੈਠਣਾ ਪਊਗਾ। ਪਰ ਨਾਲ ਹੀ ਉਹ ਹੈਰਾਨ ਸਨ ਕਿ ਉਹਨਾਂ ਨੂੰ ਸ਼ਾਹਵੇਲੇ ਤੋਂ ਬਾਅਦ ਕਿਉਂ ਸੱਦਿਆ ਗਿਆ ਹੈ। ਅੰਦਾਜ਼ਿਆਂ ਦੇ ਘੋੜੇ ਦੌੜਾਉਣ 'ਤੇ ਉਹਨਾਂ ਦੇ ਮਨ ਵਿੱਚ ਕਈ ਤਰ੍ਹਾਂ ਦੀਆਂ ਸ਼ੰਕਾਵਾਂ ਵੀ ਸਿਰ ਚੁੱਕਣ ਲੱਗੀਆਂ। ਪਰ ਜਦੋਂ ਤਾਏ ਬਸੰਤੇ ਨੇ ਉਹਨਾਂ ਨੂੰ ਇਹ ਤੱਥ ਕੱਢ ਕੇ ਦੱਸਿਆ ਕਿ ਉਹਨਾਂ ਨੂੰ ਦਿਹਾੜੀਆਂ ਦੇ ਨਗਦ ਪੈਸੇ ਮਿਲਣਗੇ ਤਾਂ ਉਹਨਾਂ ਦੇ ਮਨ ਖੁਸ਼ ਹੋ ਗਏ ਅਤੇ ਉਹ ਪਹਿਲਾਂ ਨਾਲੋਂ ਵੀ ਵੱਧ ਜੋਸ਼ ਨਾਲ ਖੂਹ ਵਿੱਚੋਂ ਬਾਲਟੀਆਂ ਖਿੱਚ ਕੇ ਖੂਹ ਵਿੱਚੋਂ ਗੰਦਾ ਪਾਣੀ ਕੱਢਣ ਵਿੱਚ ਜੁਟ ਗਏ।

**38**

ਚਮ੍ਹਾਰਲੀ ਦੇ ਲੋਕ ਆਪਣੀਆਂ ਟੋਕਰੀਆਂ ਅਤੇ ਕਹੀਆਂ ਲੈ ਕੇ ਸ਼ਾਹਵੇਲੇ ਤੋਂ ਪਹਿਲਾਂ ਹੀ ਬੰਨ 'ਤੇ ਪਹੁੰਚ ਗਏ। ਨੌਜਵਾਨ ਇਕ ਦੂਸਰੇ 'ਤੇ ਮਿੱਟੀ ਸੁੱਟਦੇ ਹੋਏ ਆਪਸ ਵਿੱਚ ਖੇਡਾਂ ਖੇਡਣ ਲੱਗੇ। ਅਧੇੜ ਅਤੇ ਪੱਕੀ ਉਮਰ ਦੇ ਮਰਦ ਬੰਨ 'ਤੇ ਖੜ੍ਹ ਕੇ ਪਾੜ ਦਾ ਸਰਵੇਖਣ ਕਰਦੇ ਹੋਏ ਉਸ ਵਿੱਚ ਭਰੇ ਪਾਣੀ ਦੀ ਡੂੰਘਾਈ ਦਾ ਅਨੁਮਾਨ ਲਾਉਣ ਵਿੱਚ ਰੁਝ ਗਏ। ਤੇਜ਼ ਧੁੱਪ ਦੇ ਬਾਵਜੂਦ ਉਹਨਾਂ ਨੂੰ ਗਰਮੀ ਨਹੀਂ ਲਗ ਰਹੀ ਸੀ ਅਤੇ ਉਹ ਉਡੀਕਵਾਨ ਨਜ਼ਰਾਂ ਨਾਲ ਵਾਰ ਵਾਰ ਪਿੰਡ ਵਲ ਦੇਖ ਰਹੇ ਸਨ।

ਜਦੋਂ ਉਹਨਾਂ ਨੇ ਚੌਧਰੀ ਹਰਨਾਮ ਸਿੰਘ, ਲਾਲੂ ਭਲਵਾਨ, ਬੇਲਾ ਸਿੰਘ, ਚੌਧਰੀ ਮੁਨਸ਼ੀ ਅਤੇ ਮਹਾਸ਼ੇ ਤੀਰਥ ਰਾਮ ਨੂੰ ਆਪਣੀ ਵੱਲ ਆਉਂਦਿਆਂ ਦੇਖਿਆ ਤਾਂ ਉਹਨਾਂ ਵਿੱਚ ਖੁਸ਼ੀ ਦੀ ਲਹਿਰ ਦੌੜ ਗਈ। ਖੇਡ ਅਤੇ ਗੱਪਸ਼ੱਪ ਬੰਦ ਹੋ ਗਈ ਅਤੇ ਉਹ ਅੱਖਾਂ 'ਤੇ ਹੱਥਾਂ ਦੀਆਂ ਛਤਰੀਆਂ ਬਣਾ ਕੇ ਉਹਨਾਂ ਵੱਲ ਇੰਝ ਦੇਖਣ ਲੱਗੇ ਜਿਵੇਂ ਉਹਨਾਂ ਦੇ ਕਦਮ ਮਿਣ ਰਹੇ ਹੋਣ।

ਚੌਧਰੀ ਜਦ ਚੋਅ ਵਿੱਚ ਉਤਰ ਆਏ ਤਾਂ ਕੁਝ ਲੋਕ ਉਹਨਾਂ ਵੱਲ ਚਲੇ ਗਏ ਜਿਵੇਂ ਮਿਲਣੀ ਕਰਨੀ ਚਾਹੁੰਦੇ ਹੋਣ। ਉਹ ਬੰਨ 'ਤੇ ਆ ਕੇ ਆਪਸ ਵਿੱਚ ਸਲਾਹ ਕਰਨ ਲੱਗੇ ਕਿ ਪਾੜ ਨੂੰ ਭਰਨ ਲਈ ਮਿੱਟੀ ਕਿੱਥੋਂ ਪੁੱਟੀ ਜਾਵੇ। ਚੌਧਰੀ ਹਰਨਾਮ ਸਿੰਘ ਨੇ ਸੁਝਾਅ ਦਿੱਤਾ ਕਿ ਮਿੱਟੀ ਪਰਲੇ ਕੰਢੇ ਵਲੋਂ ਪੁੱਟੀ ਜਾਵੇ ਕਿਉਂਕਿ ਇਸ ਨਾਲ ਚੋਅ ਦਾ ਰੁਖ ਪਰਲੀ ਵੱਲ ਹੋ ਜਾਏਗਾ ਅਤੇ ਬੰਨ ਦਾ ਇਹ ਹਿੱਸਾ ਭਵਿੱਖ ਵਿੱਚ ਹੜ ਦੀ ਮਾਰ ਤੋਂ ਬੱਚਿਆ ਰਹੇਗਾ। ਪਰ ਬੇਲਾ ਸਿੰਘ ਨੂੰ ਇਹ ਸੁਝਾਅ ਮਨਜ਼ੂਰ ਨਹੀਂ ਸੀ। ਬਹੁਤ ਚਿਰ ਬਹਿਸ-ਮੁਬਾਹਸੇ ਤੋਂ ਬਾਅਦ ਉਹ ਇਸ ਸਿੱਟੇ 'ਤੇ ਪਹੁੰਚੇ ਕਿ ਮਿੱਟੀ ਚੋਅ ਦੇ ਵਿੱਚੋਂ ਪੁੱਟੀ ਜਾਵੇ।

ਫੈਸਲਾ ਹੁੰਦਿਆਂ ਹੀ ਕਾਮੇ ਤਨਦੇਹੀ ਨਾਲ ਕਹੀਆਂ ਚਲਾਉਣ ਲੱਗੇ ਅਤੇ ਮਿੱਟੀ ਨਾਲ ਟੋਕਰੀਆਂ ਭਰ ਕੇ ਪਾੜ ਵਿੱਚ ਸੁੱਟਣ ਲੱਗੇ। ਚੌਧਰੀ ਹਰਨਾਮ ਸਿੰਘ ਨੇ ਉਹਨਾਂ 'ਤੇ ਨਜ਼ਰ ਸੁੱਟੀ ਅਤੇ ਬੇਲਾ ਸਿੰਘ ਨੂੰ ਕਹਿਣ ਲੱਗਾ:

"ਏਦਾਂ ਲੱਗਦਾ ਕਿ ਸਾਰੇ ਚਮਾਰ ਨਹੀਂ ਆਏ। ਇਨ੍ਹਾਂ ਲੋਕਾਂ ਨੂੰ ਤਾਂ ਪਾੜ ਭਰਨ ਵਿੱਚ ਛੇ-ਸੱਤ ਦਿਨ ਲੱਗਣਗੇ। ਤਿੰਨ-ਚਾਰ ਦਿਨਾਂ ਬਾਅਦ ਫਸਲ ਦੀ ਗੋਡੀ ਵੀ ਜ਼ਰੂਰੀ ਹੈ।" ਬੇਲਾ ਸਿੰਘ ਨੇ ਉਹਨਾਂ ਦੀ ਗਿਣਤੀ ਕਰਨ ਦੀ ਕੋਸ਼ਿਸ਼ ਕਰਦਿਆਂ ਕਿਹਾ:

"ਹਾਂ, ਸਾਰਾ ਮੁਹੱਲਾ ਨਹੀਂ ਪਹੁੰਚਿਆ।"

ਚੌਧਰੀ ਹਰਨਾਮ ਸਿੰਘ ਨੇ ਤਾਏ ਬਸੰਤੇ ਨੂੰ ਆਪਣੇ ਕੋਲ ਸੱਦ ਕੇ ਪੁੱਛਿਆ:

"ਬਸੰਤਿਆ, ਬਾਕੀ ਲੋਕ ਕਿੱਥੇ ਹਨ?"

"ਮੇਰੇ ਖਿਆਲ 'ਚ ਤਾਂ ਸਾਰੇ ਆ ਗਏ ਹਨ।" ਬਸੰਤੇ ਨੇ ਸਰਸਰੀ ਨਿਗ੍ਹਾ ਮਾਰਦਿਆਂ ਕਿਹਾ।

"ਨਹੀਂ ਸਾਰੇ ਨਹੀਂ ਆਏ... ਕਾਲੀ ਹੈ ਨਹੀਂ... ਜੀਤੂ ਹੈ ਨਹੀਂ... ਬੱਗਾ ਹੈ ਨਹੀਂ...।"

ਚੌਧਰੀ ਹਰਨਾਮ ਸਿੰਘ ਨੂੰ ਨਾਂ ਲੈਂਦਿਆਂ ਸੁਣ ਕੇ ਕੁਝ ਚਮਾਰ ਉਹਦੇ ਕੋਲ ਆ ਗਏ ਅਤੇ ਗਿਣਤੀ ਪੂਰੀ ਕਰਨ ਲੱਗੇ।

"ਬੱਗਾ ਹੈ ਨਹੀਂ, ਭਜਨਾ ਹੈ ਨਹੀਂ... ਫੀਰੀ ਹੈ ਨਹੀਂ... ਨਿੱਕੂ ਹੈ ਨਹੀਂ...ਮੰਗੂ ਹੈ ਨਹੀਂ...।"

"ਮੰਗੂ ਨੂੰ ਛੱਡੋ, ਉਹ ਮੇਰੀ ਹਵੇਲੀ 'ਚ ਕੰਮ ਕਰ ਰਿਹਾ... ਤੂੰ ਜਾ ਕੇ ਸਾਰਿਆਂ ਨੂੰ ਸੱਦ ਲਿਆ... ਉਹਨਾਂ ਨੂੰ ਕਹੀਂ ਕਿ ਟੋਕਰੀਆਂ ਲੈ ਕੇ ਜਲਦੀ ਹੀ ਪਹੁੰਚ ਜਾਣ।"

"ਚਮਾਰੀਆਂ ਘਰੇ ਬੈਠੀਆਂ ਆਪਣੇ ਸਿਰਾਂ 'ਚੋਂ ਜੂੰਆਂ ਕੱਢ ਰਹੀਆਂ ਹੋਣਗੀਆਂ, ਉਹਨਾਂ ਨੂੰ ਵੀ ਸੱਦ ਲਿਆਈਂ। ਉਹ ਟੋਕਰੀਆਂ 'ਚ ਮਿੱਟੀ ਭਰ ਕੇ ਸੁੱਟਦੀਆਂ ਰਹਿਣਗੀਆਂ।" ਬੇਲਾ ਸਿੰਘ ਨੇ ਹੱਸਦਿਆਂ ਸੁਝਾਅ ਦਿੱਤਾ। ਚੌਧਰੀ ਹਰਨਾਮ ਸਿੰਘ ਨੇ ਪਿੰਡ ਵੱਲ ਦੌੜੇ ਜਾਂਦੇ ਅਮਰੂ ਨੂੰ ਰੋਕ ਕੇ ਅਵਾਜ਼ ਦਿੱਤੀ ਕਿ ਚਮ੍ਹਾਰਲੀ ਵਿੱਚੋਂ ਔਰਤਾਂ ਨੂੰ ਕਹਿ ਦੇਵੇ ਕਿ ਉਹ ਵੀ ਟੋਕਰੀਆਂ ਲੈ ਕੇ ਇੱਥੇ ਪਹੁੰਚ ਜਾਣ।

"ਅਮਰੂ ਮੇਰੀ ਮਾਂ ਨੂੰ ਕਹਿ ਦਈਂ... ਆਪਣੀ ਭਾਬੀ ਨੂੰ ਕਹਿ ਦਈਂ... ਆਪਣੀ ਚਾਚੀ ਨੂੰ ਕਹਿ ਦਈਂ...।" ਇਕ ਵਾਰੀ ਹੀ ਕਈ ਅਵਾਜ਼ਾਂ ਆਈਆਂ ਅਤੇ ਉਹ ਆਪਣੇ ਮਨ ਵਿੱਚ ਸੋਚਣ ਲੱਗੇ ਕਿ ਜੇ ਹੜ੍ਹ ਆਉਣ ਨਾਲ ਇਸ ਤਰ੍ਹਾਂ ਕੰਮ ਮਿਲ ਸਕਦਾ ਹੈ ਤਾਂ ਹਰ ਰੋਜ਼ ਹੜ੍ਹ ਆਉਣਾ ਚਾਹੀਦਾ ਹੈ।

ਥੋੜ੍ਹੀ ਦੇਰ ਬਾਅਦ ਕਾਲੀ, ਜੀਤੂ, ਬੱਗਾ ਅਤੇ ਮੁਹੱਲੇ ਦੇ ਹੋਰ ਲੋਕ ਆਉਂਦੇ ਦਿਸ ਪਏ। ਉਹਨਾਂ ਦੇ ਪਿੱਛੇ ਕੁਝ ਔਰਤਾਂ ਵੀ ਸਿਰਾਂ 'ਤੇ ਟੋਕਰੀਆਂ ਚੁੱਕੀ ਆ ਰਹੀਆਂ ਸਨ। ਉਹਨਾਂ ਨੂੰ ਦੇਖ ਕੇ ਬੰਨ ਉੱਤੇ ਕੰਮ ਕਰ ਰਹੇ ਲੋਕਾਂ ਵਿੱਚ ਹਲਚਲ ਮਚ ਗਈ ਅਤੇ ਕੁਝ ਪਲਾਂ ਲਈ ਕਹੀਆਂ ਰੁਕ ਗਈਆਂ। ਉਹਨਾਂ ਦੇ ਆਉਣ ਤੋਂ ਬਾਅਦ ਉਹ ਫਿਰ ਪਾੜ ਵਿੱਚ ਮਿੱਟੀ ਸੁੱਟਣ ਵਿੱਚ ਰੁੱਝ ਗਏ।

ਚੌਧਰੀ ਬੰਨ 'ਤੇ ਖੜ੍ਹੇ ਉਹਨਾਂ ਨੂੰ ਹੁਕਮ ਦੇ ਰਹੇ ਸਨ ਅਤੇ ਜੇ ਚਮਾਰਾਂ ਦੇ ਹੱਥ ਅਤੇ ਕਦਮ ਸੁਸਤ ਪੈ ਜਾਂਦੇ ਤਾਂ ਉਹ ਗਾਲ੍ਹਾਂ 'ਤੇ ਉਤਾਰੂ ਹੋ ਜਾਂਦੇ। ਉਹਨਾਂ ਵਿੱਚੋਂ ਕੋਈ ਫਸਲ ਦੇ ਨੁਕਸਾਨ ਦਾ ਜ਼ਿਕਰ ਕਰਦਾ ਤਾਂ ਬਾਕੀ ਲੋਕ ਉਹਦੇ ਨਾਲ ਸਹਿਮਤ ਹੁੰਦੇ ਹੋਏ ਇਹ ਕਹਿ ਕੇ ਗੱਲ ਖਤਮ ਕਰ ਦਿੰਦੇ ਕਿ ਪਰਮਾਤਮਾ ਦਾ ਸ਼ੁਕਰ ਹੈ ਕਿ ਚਮ੍ਹਾਰਲੀ ਬਚ ਗਈ। ਇਹਨਾਂ ਦੇ ਕੋਠੇ ਪਾਣੀ ਵਿੱਚ ਰੁੜ ਜਾਂਦੇ ਤਾਂ ਸਿਰ ਲੁਕਾਉਣ ਲਈ ਜਗ੍ਹਾ ਵੀ ਨਾ ਬਚਦੀ।

ਸੂਰਜ ਸਿਰ 'ਤੇ ਆ ਗਿਆ ਤਾਂ ਚੌਧਰੀ ਚਮਾਰਾਂ ਨੂੰ ਕੰਮ ਜਾਰੀ ਰੱਖਣ ਦਾ ਹੁਕਮ ਦੇ ਕੇ ਪਿੰਡ ਵੱਲ ਤੁਰ ਪਏ। ਉਹਨਾਂ ਵੱਲੋਂ ਪਿੱਠ ਮੋੜਦਿਆਂ ਹੀ ਚਮਾਰਾਂ ਨੇ ਕਹੀਆਂ ਅਤੇ ਟੋਕਰੀਆਂ ਸੁੱਟ ਦਿੱਤੀਆਂ ਅਤੇ ਹਫਦੇ ਹੋਏ ਰੇਤ ਉੱਤੇ ਬੈਠ ਗਏ। ਗਿੱਲੀ ਰੇਤ ਤੋਂ ਉੱਠ ਰਹੀ ਭਾਫ ਅਤੇ ਹੁੰਮਸ ਉਹਨਾਂ ਦੇ ਸਰੀਰਾਂ ਵਿੱਚ ਅਜੀਬ ਜਿਹੀ ਬੇਚੈਨੀ ਫੈਲਾ ਰਹੀ ਸੀ। 'ਕੁਝ ਮਿਲੂ-ਮਿਲਾਊ ਵੀ ਕਿ ਬਗਾਰ 'ਚ ਕੰਮ ਕਰਾ ਰਹੇ ਹਨ?" ਜੀਤੂ ਨੇ ਪੁੱਛਿਆ।

"ਚੌਧਰੀਆਂ ਨੇ ਕੁਛ ਕਿਹਾ ਤਾਂ ਨਹੀਂ, ਪਰ ਮੇਰੇ ਖਿਆਲ 'ਚ ਉਹ ਨਗਦ ਦਿਹਾੜੀ ਦੇਣਗੇ।" ਸੰਤੂ ਨੇ ਖੁਸ਼ੀ ਵਿੱਚ ਕਿਹਾ।

"ਸ਼ਾਹਵੇਲਾ ਤਾਂ ਦਿੱਤਾ ਨਹੀਂ... ਇਸ ਲਈ ਪੂਰੀ ਦਿਹਾੜੀ ਦੇ ਪੈਸੇ ਹੀ ਦੇਣਗੇ।" ਬੰਤੂ ਨੇ ਵੀ ਉਹਦੀ ਹਾਮੀ ਭਰੀ।

"ਕੁਛ ਕਿਹਾ ਤਾਂ ਹੋਣਾ?" ਕਾਲੀ ਨੇ ਪੁੱਛਿਆ।

"ਇਕ ਆਦਮੀ ਦਾ ਮਾਮਲਾ ਹੁੰਦਾ ਤਾਂ ਕਹਿ ਵੀ ਦਿੰਦੇ। ਸਾਰੇ ਪਿੰਡ ਦਾ ਮਾਮਲਾ, ਇਸ ਲਈ ਪੈਸੇ ਜਮ੍ਹਾਂ ਕਰਕੇ ਹੀ ਵੰਡਣਗੇ।" ਤਾਏ ਬਸੰਤੇ ਨੇ ਸਾਰਿਆਂ ਦੀਆਂ ਸ਼ੱਕਾਂ ਨੂੰ ਦੂਰ ਕਰਦਿਆਂ ਕਿਹਾ।

ਕਾਲੀ ਕਹੀ ਲੈ ਕੇ ਉੱਠਿਆ ਤਾਂ ਜੀਤੂ ਨੇ ਉਹਦਾ ਹੱਥ ਫੜ ਲਿਆ।

"ਅਸੀਂ ਦਿਹਾੜੀਦਾਰ ਆਂ, ਕੰਮ ਦੀ ਕੀ ਕਾਹਲੀ ਆ। ਸੌ ਟੋਕਰੀਆਂ ਸੁੱਟੋਗੇ ਤਾਂ ਵੀਂ ਉਨੇ ਹੀ ਪੈਸੇ ਮਿਲਣਗੇ, ਪੰਜਾਹ ਸੁੱਟੋਗੇ ਤਾਂ ਵੀ ਉਨੇ ਹੀ।"

ਕਾਲੀ ਝਿਜਕ ਗਿਆ ਅਤੇ ਸਾਰੇ ਲੋਕ ਹੌਲੀ-ਹੌਲੀ ਰੋਟੀ ਖਾਣ ਅਤੇ ਤ੍ਰੇਹ ਬੁਝਾਉਣ ਲਈ ਚਮ੍ਹਾਰਲੀ ਵੱਲ ਆ ਗਏ।

ਦਿਨ ਢਲਣ ਤੋਂ ਬਾਅਦ ਪਾੜ ਨੂੰ ਭਰਨ ਦਾ ਕੰਮ ਇਕ ਵਾਰ ਫਿਰ ਜ਼ੋਰ-ਸ਼ੋਰ ਨਾਲ ਸ਼ੁਰੂ ਹੋ ਗਿਆ। ਸ਼ਾਮ ਦੇ ਵਕਤ ਬੰਨ ਉੱਤੇ ਲੋਕਾਂ ਦੀ ਚੰਗੀ ਭੀੜ ਹੋ ਗਈ। ਚੌਧਰੀਆਂ ਦੇ ਛੋਕਰੇ ਡੰਗਰ-ਪਸ਼ੂ ਸੰਭਾਲਣ ਤੋਂ ਬਾਅਦ ਫਿਰ ਉੱਥੇ ਜਮ੍ਹਾਂ ਹੋ ਗਏ। ਉਹਨਾਂ ਨੇ ਮਿੱਟੀ ਪੁੱਟਣ ਦਾ ਕੰਮ ਖੁਦ ਸੰਭਾਲ ਲਿਆ ਅਤੇ ਚਮਾਰ ਸਿਰਫ ਮਿੱਟੀ ਢੋਣ ਦੇ ਕੰਮ ਵਿੱਚ ਲੱਗ ਪਏ। ਉਹ ਆਪਸ ਵਿੱਚ ਸ਼ਰਤਾਂ ਲਾ ਲਾ ਮਿੱਟੀ ਪੁੱਟਣ ਲੱਗੇ ਅਤੇ ਚਮਾਰ ਦੌੜ-ਦੌੜ ਕੇ ਟੋਕਰੀਆਂ ਸੁੱਟਣ ਲੱਗੇ। ਬੰਨ ਉੱਤੇ ਖੜੇ ਚੌਧਰੀ ਚੀਕਾਂ ਮਾਰਦੇ ਹੋਏ ਰੌਲਾ ਪਾਉਣ ਲੱਗੇ। ਪਾੜ ਦਾ ਪਾਣੀ ਚੋਅ ਵੱਲ ਫੈਲ ਰਿਹਾ ਸੀ ਪਰ ਰੇਤ ਉਹਨੂੰ ਸਦੀਆਂ ਦੇ ਪਿਆਸੇ ਵਾਂਗੂ ਪੀ ਰਹੀ ਸੀ।

ਸੂਰਜ ਛਿਪਣ ਤੱਕ ਪਾੜ ਲਗਭਗ ਇਕ ਚੌਥਾਈ ਭਰ ਗਿਆ। ਚੌਧਰੀਆਂ ਦੇ ਮਨ ਖੁਸ਼ ਹੋ ਗਏ ਅਤੇ ਉਹ ਚਮਾਰਾਂ ਨੂੰ ਸਵੇਰੇ ਛੇਤੀਂ ਆਉਣ ਦੀ ਤਕੀਦ ਕਰਕੇ ਪਿੰਡ ਵੱਲ ਤੁਰ ਪਏ। ਚਮਾਰ ਉੱਥੇ ਖੜੇ ਹੈਰਾਨੀ ਨਾਲ ਇਕ-ਦੂਜੇ ਦਾ ਮੂੰਹ ਦੇਖਣ ਲੱਗੇ ਕਿ ਦਿਹਾੜੀ ਦੇ ਪੈਸੇ ਕਦੋਂ ਮਿਲਣਗੇ। ਚੌਧਰੀ ਚੋਅ ਦੇ ਪਾਰ ਚਲੇ ਗਏ ਤਾਂ ਚਮਾਰਾਂ ਵਿੱਚ ਖੁਸਰ ਫੁਸਰ ਸ਼ੁਰੂ ਹੋ ਗਈ ਅਤੇ ਜਿਉਂ-ਜਿਉਂ ਚੌਧਰੀਆਂ ਅਤੇ ਉਹਨਾਂ ਵਿਚਕਾਰ ਫਾਸਲਾ ਵਧਦਾ ਗਿਆ, ਉਹਨਾਂ ਦੀ ਖੁਸਰ-ਫੁਸਰ ਰੌਲੇ ਵਿੱਚ ਬਦਲਦੀ ਗਈ ਅਤੇ ਪੈਸੇ ਨਾ ਮਿਲਣ 'ਤੇ ਨਿਰਾਸ਼ਾ ਗੁੱਸੇ ਵਿੱਚ ਬਦਲਣ ਲੱਗੀ। ਉਹ ਮਾਯੂਸੀ ਵਿੱਚ ਰੇਤ 'ਤੇ ਬੈਠ ਕੇ ਚੌਧਰੀਆਂ ਨੂੰ ਗਾਲ੍ਹਾਂ ਕੱਢਣ ਲੱਗੇ।

ਹੌਲੀ ਹੌਲੀ ਲੋਕ ਬੁੜਬੁੜਾਉਂਦੇ ਹੋਏ ਚਮ੍ਹਾਰਲੀ ਵੱਲ ਤੁਰ ਪਏ। ਸਾਰਿਆਂ ਦੇ ਸਾਹਮਣੇ ਇਹ ਹੀ ਸਵਾਲ ਸੀ ਕਿ ਉਹਨਾਂ ਨੂੰ ਅੱਜ ਦੀ ਦਿਹਾੜੀ ਦੇ ਪੈਸੇ ਮਿਲਣਗੇ ਵੀ ਜਾਂ ਨਹੀਂ – ਜੇ ਮਿਲਣਗੇ ਤਾਂ ਕਦੋਂ? ਤਾਇਆ ਬਸੰਤਾ ਹੁਣ ਚੁੱਪ ਸੀ। ਜਦੋਂ ਕਈ ਲੋਕਾਂ ਨੇ ਉਹਦੇ ਕੋਲੋਂ ਇਕ ਤਰ੍ਹਾਂ ਦੀ ਪੁੱਛ-ਗਿੱਛ ਸ਼ੁਰੂ ਕੀਤੀ – ਜਿਵੇਂ ਉਹਦੀ ਜਵਾਬਤਲਬੀ ਕਰ ਰਹੇ ਹੋਣ – ਤਾਂ ਉਹ ਭੜਕ ਪਿਆ:

"ਉਂਝ ਤਾਂ ਹਰ ਗਰੀਬ ਆਦਮੀ ਜਨਮ ਤੋਂ ਹੀ ਹੋਛਾ ਹੁੰਦਾ, ਪਰ ਤੁਸੀਂ ਕੁਝ ਜ਼ਿਆਦਾ ਹੀ ਹੋ। ਅੰਬ ਦੀ ਗਿਟਕ ਜ਼ਮੀਨ 'ਚ ਦਬਦਿਆਂ ਹੀ ਚਾਹੁੰਦੇ ਹੋ ਕਿ ਉਸ ਉੱਤੇ ਫਲ ਪੈਣਾ ਸ਼ੁਰੂ ਹੋ ਜਾਵੇ ਅਤੇ ਤੁਸੀਂ ਉਹਨੂੰ ਤੋੜ ਕੇ ਖਾ ਲਵੋਂ। ਤੁਸੀਂ ਅੱਜ ਕੰਮ ਕੀਤਾ ਆ, ਕੱਲ੍ਹ ਨੂੰ ਪੈਸੇ ਮਿਲ ਜਾਣਗੇ। ਕੱਲ੍ਹ ਨਹੀਂ ਮਿਲਣਗੇ ਤਾਂ ਪਰਸੋਂ ਮਿਲ ਜਾਣਗੇ।"

"ਤਾਇਆ, ਉਹਨਾਂ ਨੂੰ ਦੱਸਣਾ ਤਾਂ ਚਾਹੀਦਾ ਸੀ। ਘੱਟੋ-ਘੱਟ ਇਹ ਤਾਂ ਦਸ ਦਿੰਦੇ ਕਿ ਦੋ-ਚਾਰ ਜਾਂ ਦਸ ਦਿਨਾਂ ਬਾਅਦ ਪੈਸੇ ਦੇਣਗੇ।" ਸੰਤੂ ਨੇ ਕਿਹਾ।

"ਤੂੰ ਉਹਨਾਂ ਤੋਂ ਮੰਗੇ ਸੀ?"

"ਨਹੀਂ।"

"ਤਾਂ ਫਿਰ ਰੌਲਾ ਕਿਉਂ ਪਾਉਂਦਾ... ਤੁਹਾਨੂੰ ਕੰਮ ਨਹੀਂ ਮਿਲਦਾ ਤਾਂ ਰੋਂਦੇ ਹੋ, ਜੇ ਮਿਲਦਾ ਤਾਂ ਰੋਂਦੇ ਹੋ।"

ਤਾਏ ਬਸੰਤੇ ਦੀਆਂ ਗੱਲਾਂ ਸੁਣ ਕੇ ਉਹ ਚੁੱਪ ਤਾਂ ਹੋ ਗਏ ਪਰ ਉਹਨਾਂ ਦੀ ਤਸੱਲੀ ਨਾ ਹੋਈ। ਕਾਲੀ ਉਹਨਾਂ ਦੇ ਉਦਾਸ ਮੂੰਹ ਦੇਖ ਕੇ ਬੋਲਿਆ:

"ਸ਼ਹਿਰ ਵਿੱਚ ਪੰਦਰਾਂ ਦਿਨਾਂ ਬਾਅਦ ਮਜ਼ਦੂਰੀ ਮਿਲਦੀ ਹੈ ਪਰ ਆਰਜ਼ੀ ਕੰਮ ਕਰਨ ਵਾਲਿਆਂ ਨੂੰ ਰੋਜ਼ ਦੇ ਰੋਜ਼ ਪੈਸੇ ਮਿਲ ਜਾਂਦੇ ਹਨ।" ਕਾਲੀ ਦੀ ਸ਼ਹਿ ਨਾਲ ਤਾਇਆ ਬਸੰਤਾ ਸ਼ੇਰ ਹੋ ਗਿਆ ਅਤੇ ਸਾਰਿਆਂ ਨੂੰ ਬੇਤੁਕੀਆਂ ਸੁਣਾਉਣ ਲੱਗਾ। ਲੋਕਾਂ ਦੇ ਤੇਵਰ ਇਕ ਵਾਰ ਫਿਰ ਬਦਲਣ ਲੱਗੇ ਤਾਂ ਕਾਲੀ ਬੋਲਿਆ:

"ਕੋਈ ਹਨ੍ਹੇਰ ਨਗਰੀ ਤਾਂ ਨਹੀਂ। ਚੌਧਰੀ ਬਗਾਰ ਆਪਣੇ ਖ਼੍ਰੀਦੇ ਹੋਏ ਕਮੀਨ ਜਾਂ ਚਮਾਰ ਤੋਂ ਲੈ ਸਕਦਾ, ਸਾਰੇ ਪਿੰਡ ਤੋਂ ਨਹੀਂ ਲੈ ਸਕਦਾ। ਕੱਲ੍ਹ ਤਕਾਲਾਂ ਨੂੰ ਜੇ ਉਹ ਪੈਸੇ ਨਹੀਂ ਦੇਣਗੇ ਤਾਂ ਆਪਾਂ ਆਪ ਮੰਗ ਲਵਾਂਗੇ।"

ਤਾਇਆ ਬਸੰਤਾ ਆਪਣੀ ਬਰਾਦਰੀ ਦੇ ਹੋਛੇਪਨ ਬਾਰੇ ਰੋਂਦਾ ਹੋਇਆ ਅੱਗੇ ਨਿਕਲ ਗਿਆ ਅਤੇ ਬਾਕੀ ਲੋਕ ਕੁਝ ਆਪਣੇ-ਆਪ ਨਾਲ ਸ਼ਰਮਿੰਦੇ ਅਤੇ ਕੁਝ ਫਿਕਰਮੰਦ ਉਹਦੇ ਪਿੱਛੇ ਪਿੱਛੇ ਚਮ੍ਹਾਰਲੀ ਵੱਲ ਨੂੰ ਕਦਮ ਪੁੱਟਣ ਲੱਗੇ।

## 39

ਤਿੰਨ ਦਿਨ ਤੱਕ ਚਮ੍ਹਾਰਲੀ ਦੇ ਸਾਰੇ ਮਰਦ ਪਾੜ ਭਰਨ ਲੱਗੇ ਰਹੇ। ਉਹ ਚੌਧਰੀਆਂ ਦੇ ਜਾਣ ਬਾਅਦ ਆਪਸ ਵਿੱਚ ਲੜਦੇ-ਝਗੜਦੇ ਪਰ ਉਹਨਾਂ ਵਿੱਚੋਂ ਕਿਸੇ ਵਿੱਚ ਵੀ ਏਨਾ ਹੌਂਸਲਾ ਨਾ ਹੁੰਦਾ ਕਿ ਉਹ ਚੌਧਰੀਆਂ ਨਾਲ ਦਿਹਾੜੀ ਬਾਰੇ ਗੱਲ ਕਰ ਸਕੇ। ਰਹਿ ਰਹਿ ਕੇ ਉਹ ਤਾਏ ਬਸੰਤੇ ਨੂੰ ਕੋਸਦੇ ਜੋ ਆਪ ਤਾਂ ਜਾਂ ਇਕ ਪਾਸੇ ਬੈਠਾ ਹੁੱਕਾ ਗੁੜਗੁੜਾਉਂਦਾ ਰਹਿੰਦਾ ਜਾਂ ਫਿਰ ਉਹਨਾਂ ਨੂੰ ਹੁਕਮ ਦਿੰਦਾ ਰਹਿੰਦਾ।

ਚੌਥੇ ਦਿਨ ਲੋਕ ਹਰ ਰੋਜ਼ ਵਾਂਗ ਸ਼ਾਹਵੇਲੇ ਤੋਂ ਬਾਅਦ ਬੰਨ ਉੱਤੇ ਪਹੁੰਚ ਗਏ ਪਰ ਉਹ ਆਪਣੀਆਂ ਕਹੀਆਂ ਅਤੇ ਟੋਕਰੀਆਂ ਆਪਣੇ ਹੇਠਾਂ ਦੱਬ ਕੇ ਬੈਠੇ ਸਨ। ਬੰਨ ਦਾ ਪਾੜ ਅੱਧੇ ਨਾਲੋਂ ਜ਼ਿਆਦਾ ਭਰ ਗਿਆ ਸੀ। ਸਾਰਿਆਂ ਦੀਆਂ ਨਜ਼ਰਾਂ ਪਿੰਡ ਵਲ ਲੱਗੀਆਂ ਹੋਈਆਂ ਸਨ। ਤਾਇਆ ਬਸੰਤਾ ਚੁੱਪ ਸੀ ਅਤੇ ਉਹਨਾਂ ਦੀਆਂ ਏਧਰ ਉਧਰ ਦੀਆਂ ਗੱਲਾਂ ਨੂੰ ਬਿਨਾਂ ਕਿਸੇ ਪ੍ਰਤੀਕਰਮ ਦੇ ਸੁਣ ਰਿਹਾ ਸੀ।

ਜਦੋਂ ਪਿੰਡ ਦੇ ਬਾਹਰ ਉਹਨਾਂ ਨੂੰ ਤਿੰਨ ਚੌਧਰੀ ਬੰਨ ਵੱਲ ਆਉਂਦੇ ਦਿਸੇ ਤਾਂ ਉਹਨਾਂ ਵਿੱਚ ਅਜੀਬ ਜਿਹੀ ਬੇਚੈਨੀ ਫੈਲ ਗਈ। ਡਰ ਨਾਲ ਉਹਨਾਂ ਦਾ ਇਰਾਦਾ ਡਾਵਾਂਡੋਲ ਹੋਣ ਲੱਗਾ ਅਤੇ ਉਹ ਤਾਏ ਬਸੰਤੇ ਦੇ ਦੁਆਲੇ ਇਕੱਠੇ ਹੋ ਗਏ।

"ਤਾਇਆ, ਪਿਛਲੀਆਂ ਤਿੰਨ ਦਿਹਾੜੀਆਂ ਦੇ ਪੈਸੇ ਮਿਲਣਗੇ ਤਾਂ ਅਸੀਂ ਕੰਮ ਕਰਾਂਗੇ।" ਸੰਤੂ ਨੇ ਕਿਹਾ। ਇਸ ਤੋਂ ਬਾਅਦ ਹਰ ਜਣੇ ਨੇ ਤਾਏ ਬਸੰਤੇ ਨੂੰ ਇਹ ਹੀ ਗੱਲ ਕਹੀ। ਉਹ ਫਿਰ ਵੀ ਚੁੱਪ ਰਿਹਾ ਤਾਂ ਬੰਤੂ ਭੜਕ ਪਿਆ:

"ਤਾਇਆ, ਕੀ ਤੂੰ ਅੰਤਰਧਿਆਨ ਹੋ ਗਿਆਂ? ਏਨੀ ਵਾਰ ਕਿਸੇ ਮੁਰਦੇ ਨੂੰ ਬੁਲਾਉਂਦੇ ਤਾਂ ਉਹ ਵੀ ਹੂੰ-ਹਾਂ ਕਰਨ ਲੱਗਦਾ।" ਤਾਏ ਬਸੰਤੇ ਨੇ ਉਹਦੀ ਟਕੋਰ ਦਾ ਵੀ ਕੋਈ ਜੁਆਬ ਨਾ ਦਿੱਤਾ।

ਜਿਉਂ-ਜਿਉਂ ਚੌਧਰੀ ਨੇੜੇ ਆ ਰਹੇ ਸਨ, ਚਮਾਰਾਂ ਵਿੱਚ ਡਰ ਅਤੇ ਬੇਚੈਨੀ ਵੱਧ ਰਹੀ ਸੀ। ਉਹਨਾਂ ਵਿੱਚੋਂ ਕਈਆਂ ਨੇ ਆਪਣੀਆਂ ਕਹੀਆਂ ਇਸ ਤਰ੍ਹਾਂ ਸੰਭਾਲ ਲਈਆਂ ਜਿਵੇਂ ਮਿੱਟੀ ਪੁੱਟਣ ਲਈ ਤਿਆਰ ਹੋਣ।

"ਕਾਲੀ, ਹੁਣ ਕੀ ਕਰਨਾ। ਤਿੰਨ ਦਿਨ ਇਸ ਉਮੀਦ ਵਿੱਚ ਕੰਮ ਕਰਦੇ ਰਹੇ ਕਿ ਦਿਹਾੜੀਆਂ ਦੇ ਪੈਸੇ ਮਿਲ ਜਾਣ ਬਾਅਦ ਉਧਾਰ ਲਾਹ ਦੇਵਾਂਗੇ।" ਜੀਤੂ ਨੇ ਚਿੰਤਾ ਭਰੀ ਅਵਾਜ਼ ਵਿੱਚ ਕਿਹਾ। ਜਦੋਂ ਤੋਂ ਕਾਲੀ ਨੇ ਚੌਧਰੀਆਂ ਦਾ ਕੰਮ ਕਰਨਾ ਸ਼ੁਰੂ ਕੀਤਾ ਸੀ, ਜੀਤੂ ਨੇ ਉਹਨੂੰ ਬਾਬੂ ਜੀ ਕਹਿਣਾ ਬੰਦ ਕਰ ਦਿੱਤਾ ਸੀ। ਕਾਲੀ ਹੱਥ ਪਿੱਛੇ ਸੁੱਟ ਅਤੇ ਲੱਤਾਂ ਪਸਾਰੀ ਬੈਠਾ ਰਿਹਾ। ਜੀਤੂ ਨੇ ਆਪਣੀ ਗੱਲ ਫਿਰ ਦੁਹਰਾਈ ਤਾਂ ਉਹ ਖਿਝ ਭਰੀ ਅਵਾਜ਼ ਵਿੱਚ ਬੋਲਿਆ:

"ਤਾਏ ਬਸੰਤੇ ਨੂੰ ਪੁੱਛ।"

ਚੌਧਰੀ ਬਹੁਤ ਨੇੜੇ ਆ ਗਏ ਤਾਂ ਚਮਾਰਾਂ ਵਿੱਚ ਡਰ ਦੀ ਭਾਵਨਾ ਤ੍ਰਾਸਦੀ ਬਣ ਗਈ ਅਤੇ ਉਹ ਇਕ-ਦੂਜੇ ਵੱਲ ਦੇਖਦੇ ਉੱਠ ਖੜੇ ਹੋਏ। ਤਾਇਆ ਬਸੰਤਾ ਆਪਣੇ ਵਿਚਾਰਾਂ ਵਿੱਚ ਮਗਨ ਬੈਠਾ ਰਿਹਾ। ਉਹਦੇ ਮੱਥੇ ਦੀਆਂ ਸਾਰੀਆਂ ਨਸਾਂ ਤਣ ਗਈਆਂ ਸਨ। ਚੌਧਰੀ ਮੁਨਸ਼ੀ ਨੇ ਚਮਾਰਾਂ ਨੂੰ ਵਿਹਲੇ ਅਤੇ ਬੇਕਰਾਰ ਦੇਖ ਕੇ ਕਿਹਾ, "ਵਿਹਲੇ ਕਿਉਂ ਬੈਠੇ ਹੋ। ਕੀ ਸਲਾਮੀ ਲੈਣ ਬਾਅਦ ਕੰਮ ਸ਼ੁਰੂ ਕਰੋਗੇ?"

ਚਮਾਰਾਂ ਵਿੱਚ ਮਾਮੂਲੀ ਜਿਹੀ ਹਰਕਤ ਹੋਈ ਪਰ ਉਹਨਾਂ ਦੀਆਂ ਕਹੀਆਂ ਅਤੇ ਟੋਕਰੀਆਂ ਰੇਤ ਵਿੱਚ ਹੀ ਪਈਆਂ ਰਹੀਆਂ। ਚੌਧਰੀ ਹਰਨਾਮ ਸਿੰਘ ਨੇ ਉਹਨਾਂ ਦੇ ਬਦਲੇ ਹੋਏ ਤੌਰ ਦੇਖ ਕੇ ਕਿਹਾ:

"ਇਹ ਬੜੀ ਨਾਮੁਰਾਦ ਕੌਮ ਹੈ। ਇਹਨਾਂ ਦੀਆਂ ਸਾਰੀਆਂ ਆਦਤਾਂ ਮੈਹਰੂਆਂ ਨਾਲ ਮਿਲਦੀਆਂ। ਸਿਰ 'ਤੇ ਖੜੇ ਰਹੋ ਤਾਂ ਇਹ ਹੱਥ ਹਿਲਾਉਂਦੇ ਰਹਿਣਗੇ। ਨਿਗ੍ਹਾ ਦੂਜੇ ਪਾਸੇ ਕਰ ਲਉ ਤਾਂ ਇਹ ਬੈਠ ਜਾਂਦੇ ਹਨ।"

ਚੌਧਰੀ ਉਹਨਾਂ ਦੇ ਵਿਚਕਾਰ ਆ ਖੜੇ ਹੋਏ ਤਾਂ ਤਾਇਆ ਬਸੰਤਾ ਵੀ ਅਲਸਾਇਆ ਜਿਹਾ ਉੱਠ ਖੜਾ ਹੋਇਆ। ਚੌਧਰੀ ਮੁਨਸ਼ੀ ਕੁੱਝ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਬਸੰਤਿਆ, ਇਥੇ ਕੋਈ ਅਸਤ ਚੁਗਣ ਆਏ ਹੋ ਜੋ ਇਸ ਤਰ੍ਹਾਂ ਬੈਠੇ ਹੋਏ ਹੋ। ਉੱਠੋ, ਕੰਮ ਕਰੋ। ਸੂਰਜ ਪਹਿਲਾਂ ਹੀ ਸਿਰ 'ਤੇ ਆ ਗਿਆ।"

ਸਾਰੇ ਚਮਾਰਾਂ ਦੀਆਂ ਨਜ਼ਰਾਂ ਤਾਏ ਬਸੰਤੇ ਉੱਤੇ ਲੱਗੀਆਂ ਹੋਈਆਂ ਸਨ। ਉਹ ਮਨ ਹੀ ਮਨ ਵਿੱਚ ਕੰਬਦੇ ਹੋਏ ਅੱਧ-ਖੁਲ੍ਹੇ ਹੋਠਾਂ ਨਾਲ ਉਹਦੀ ਵੱਲ ਦੇਖ ਰਹੇ ਸਨ।

ਚੌਧਰੀ ਹਰਨਾਮ ਸਿੰਘ ਨੇ ਸਾਰਿਆਂ ਨੂੰ ਮਾਂ ਦੀ ਗਾਲ੍ਹ ਕੱਢਦਿਆਂ ਕਿਹਾ:

"ਇਹ ਤਾਂ ਜੁੱਤੀ ਦੇ ਯਾਰ ਆ।" ਅਤੇ ਫਿਰ ਉਹ ਚਮਾਰਾਂ ਵੱਲ ਦੇਖਦਾ ਗੁੱਸੇ ਭਰੀ ਅਵਾਜ਼ ਵਿੱਚ ਬੋਲਿਆ:

"ਤੁਹਾਡੀ ਕੀ ਨੀਤ ਆ?"

ਕਾਲੀ ਅਜੇ ਵੀ ਹੱਥ ਪਿੱਛੇ ਸੁੱਟ ਅਤੇ ਲੱਤਾਂ ਪਸਾਰ ਕੇ ਬੈਠਾ ਸੀ। ਤਾਇਆ ਬਸੰਤਾ ਅੱਗੇ ਵੱਧਦਾ ਹੋਇਆ ਬੋਲਿਆ:

"ਚੌਧਰੀ, ਗੱਲ ਇਹ ਹੈ ਕਿ ਤਿੰਨ ਦਿਨਾਂ ਤੋਂ ਸਾਰੀ ਚਮ੍ਹਾਰਲੀ ਇੱਥੇ ਕੰਮ ਕਰ ਰਹੀ ਹੈ ਪਰ ਕਿਸੇ ਨੂੰ ਵੀ ਅਜੇ ਇਕ ਦਿਹਾੜੀ ਦੇ ਪੈਸੇ ਨਹੀਂ ਮਿਲੇ। ਜੋ ਆਦਮੀ ਰੋਜ਼ ਦਾ ਰੋਜ਼ ਕਮਾ ਕੇ ਖਾਂਦਾ, ਉਹਨੂੰ ਤਿੰਨ ਦਿਨ ਮਜ਼ਦੂਰੀ ਨਾ ਮਿਲੇ ਤਾਂ ਉਹ ਕਿੱਥੋਂ ਖਾਊਗਾ?"

"ਤੁਹਾਨੂੰ ਕਿਹਨੇ ਕਿਹਾ ਸੀ ਕਿ ਇਸ ਕੰਮ ਦੇ ਪੈਸੇ ਮਿਲਣਗੇ?" ਚੌਧਰੀ ਹਰਨਾਮ ਸਿੰਘ ਨੇ ਤਲਖ ਅਵਾਜ਼ ਵਿੱਚ ਕਿਹਾ ਅਤੇ ਫਿਰ ਚੌਧਰੀ ਮੁਨਸ਼ੀ ਨੂੰ ਸੰਬੋਧਤ ਹੁੰਦਾ ਬੋਲਿਆ:

"ਇਹਨਾਂ ਦੇ ਦਿਮਾਗ 'ਚ ਜ਼ਰੂਰ ਕੋਈ ਨਾ ਕੋਈ ਕੀੜਾ ਹੈ ਜੋ ਕਦੇ ਕਦੇ ਇਸ ਤਰ੍ਹਾਂ ਦੀਆਂ ਗੱਲਾਂ ਕਰਨ ਲੱਗਦੇ ਹਨ।"

ਚੌਧਰੀ ਮੁਨਸ਼ੀ ਵੀ ਭੜਕ ਪਿਆ ਅਤੇ ਮੋਟੀ ਸਾਰੀ ਗਾਲ੍ਹ ਕੱਢਦਾ ਹੋਇਆ ਬੋਲਿਆ:

"ਕੋਈ ਦਿਹਾੜੀ ਨਹੀਂ ਮਿਲਣੀ। ਉੱਠੋ ਕੰਮ ਕਰੋ ਵਰਨਾ ਮਾਰ ਮਾਰ ਕੇ ਇਕੱਲੇ ਇਕੱਲੇ ਦਾ ਸਿਰ ਹਦਵਾਣੇ ਦੇ ਖੱਪਰ ਵਰਗਾ ਬਣਾ ਦਊਂਗਾ।"

"ਚੌਧਰੀ, ਗਾਲ੍ਹਾਂ ਬਾਅਦ 'ਚ ਕੱਢ ਲਈਂ, ਪਹਿਲਾਂ ਮੇਰੀ ਗੱਲ ਤਾਂ ਸੁਣ ਲੈ।" ਤਾਏ ਬਸੰਤੇ ਨੇ ਧੀਰਜ ਨਾਲ ਕਿਹਾ।

"ਕੀ ਗੱਲ ਸੁਣਾਂ ਤੇਰੀ। ਸਿੱਧੀ ਤਰ੍ਹਾਂ ਕੰਮ ਕਰੋ ਵਰਨਾ...।" ਚੌਧਰੀ ਮੁਨਸ਼ੀ ਨੇ ਜੁੱਤੀ ਲਾਹੁੰਦਿਆਂ ਕਿਹਾ।

ਚਮ੍ਹਾਰਲੀ ਤੋਂ ਚੋਅ ਵੱਲ ਆ ਰਹੀਆਂ ਤੀਵੀਂਆਂ ਸ਼ੋਰ-ਸ਼ਰਾਬਾ ਸੁਣ ਕੇ ਵਾਪਸ ਮੁੜ ਗਈਆਂ ਅਤੇ ਉਹਨਾਂ ਨੇ ਮੁਹੱਲੇ ਵਿੱਚ ਰੌਲਾ ਪਾ ਦਿੱਤਾ। ਬਾਬਾ ਫੱਤਾ ਲਾਠੀ ਘੜੀਸਦਾ ਬੰਨ ਵੱਲ ਤੁਰ ਪਿਆ। ਪਿੰਡ ਦੇ ਹੋਰ ਚੌਧਰੀਆਂ ਨੂੰ ਵੀ ਇਸ ਘਟਨਾ ਬਾਰੇ ਖਬਰ ਮਿਲੀ ਤਾਂ ਉਹ ਵੀ ਬੰਨ ਵੱਲ ਨੂੰ ਦੌੜ ਪਏ।

ਜਦੋਂ ਉਹ ਉੱਥੇ ਪਹੁੰਚੇ ਤਾਂ ਗੁੱਸੇ ਨਾਲ ਚੌਧਰੀ ਮੁਨਸ਼ੀ ਦੇ ਮੂੰਹ ਵਿੱਚੋਂ ਝੱਗ ਵਗਣ ਲੱਗੀ ਸੀ ਅਤੇ ਉਹਦਾ ਸਾਹ ਫੁੱਲਿਆ ਹੋਇਆ ਸੀ ਅਤੇ ਉਹ ਚਮਾਰਾਂ ਨੂੰ ਧਮਕੀਆਂ ਦੇ ਰਿਹਾ ਸੀ। ਚਮਾਰ ਸਹਿਮੇ ਹੋਏ ਖਾਮੋਸ਼ੀ ਨਾਲ ਸਭ-ਕੁੱਝ ਸੁਣ ਰਹੇ ਸਨ। ਬਾਬਾ ਫੱਤਾ ਡਿਗਦਾ-ਢਹਿੰਦਾ ਉੱਥੇ ਪਹੁੰਚਿਆ ਅਤੇ ਚੌਧਰੀਆਂ ਦੀਆਂ ਬੇਤੁਕੀਆਂ ਗਾਲ੍ਹਾਂ ਸੁਣ ਕੇ ਉਹਨਾਂ ਨੂੰ ਹੱਥ ਨਾਲ ਚੁੱਪ ਰਹਿਣ ਦਾ ਇਸ਼ਾਰਾ ਕਰਨ ਲੱਗਾ। ਪਰ ਚੌਧਰੀ ਗਾਲ੍ਹਾਂ ਕੱਢਦੇ ਕਹਿ ਰਹੇ ਸਨ ਕਿ ਕੰਮ ਕਰਨ ਤੋਂ ਨਾਂਹ ਕਰਨ ਦੀ ਚਮਾਰਾਂ ਦੀ ਹਿੰਮਤ ਕਿਵੇਂ ਪਈ।

ਕਾਲੀ ਬੇਤੁਕੀਆਂ ਗਾਲ੍ਹਾਂ ਸੁਣ ਕੇ ਗੁੱਸੇ ਵਿੱਚ ਭੱਖ ਰਿਹਾ ਸੀ। ਉਹ ਉੱਠ ਕੇ ਚੌਧਰੀਆਂ ਕੋਲ ਆ ਗਿਆ ਅਤੇ ਉੱਚੀ ਅਵਾਜ਼ ਵਿੱਚ ਬੋਲਿਆ:

"ਕੰਮ ਕਰਨ ਤੋਂ ਕੌਣ ਨਾਂਹ ਕਰ ਰਿਹਾ?... ਅਸੀਂ ਸਿਰਫ ਆਪਣੀਆਂ ਦਿਹਾੜੀਆਂ ਦੇ ਪੈਸੇ ਮੰਗੇ ਹਨ। ਇਸ 'ਚ ਏਨੀਆਂ ਗਾਲ੍ਹਾਂ ਕੱਢਣ ਵਾਲੀ ਕਿਹੜੀ ਗੱਲ ਹੈ?"

"ਦਿਹਾੜੀ ਕਾਹਦੀ? ... ਇਹ ਬੰਨ ਆਪਣੇ ਆਪ ਨਹੀਂ ਟੁੱਟਿਆ। ਇਹਨੂੰ ਪਿੰਡ ਅਤੇ ਚਮ੍ਹਾਰਲੀ ਨੂੰ ਬਚਾਉਣ ਲਈ ਵੱਢਿਆ ਗਿਆ ਸੀ। ਸਾਡੀਆਂ ਕਈ ਘੁਮਾਂ ਫਸਲਾਂ ਤਬਾਹ ਹੋ ਗਈਆਂ। ਕਪਾਹ ਦੀ ਫਸਲ ਉਗਾਉਣ ਵਾਲੇ ਖੇਤਾਂ 'ਚ ਰੇਤਾ ਵਿਛ ਗਈ ਹੈ ਅਤੇ ਉੱਥੇ ਹੁਣ ਘਾਹ ਵੀ ਨਹੀਂ ਉੱਗਣਾ। ... ਅਤੇ ਤੁਸੀਂ ਲੋਕ ਏਨੇ ਬੇਸ਼ਰਮ ਹੋ ਕਿ ਬੰਨ 'ਚ ਪਏ ਪਾੜ 'ਚ ਮਿੱਟੀ ਭਰਨ ਲਈ ਪੈਸੇ ਮੰਗ ਰਹੇ ਹੋ।" ਚੌਧਰੀ ਹਰਨਾਮ ਸਿੰਘ ਨੇ ਤਿੱਖੀ ਅਵਾਜ਼ ਵਿੱਚ ਕਿਹਾ। ਚਮਾਰਾਂ ਵਿੱਚੋਂ ਕਿਸੇ ਦੇ ਵੀ ਕੋਲ ਇਹਦਾ ਜੁਆਬ ਨਹੀਂ ਸੀ।"

ਤਾਇਆ ਬਸੰਤਾ ਅਤੇ ਬਾਬਾ ਫੱਤਾ ਚੁੱਪ ਸਨ। ਬਾਕੀ ਚਮਾਰ ਖਾਲੀ ਖਾਲੀ ਨਜ਼ਰਾਂ ਨਾਲ ਇਕ-ਦੂਜੇ ਵੱਲ ਦੇਖ ਰਹੇ ਸਨ। ਕਾਲੀ ਕੁੱਝ ਬੋਲਣ ਲੱਗਾ ਤਾਂ ਚੌਧਰੀ ਹਰਨਾਮ ਸਿੰਘ ਨੇ ਉਹਨੂੰ ਬਹੁਤ ਗੁੱਸੇ ਭਰੀ ਅਵਾਜ਼ ਨਾਲ ਟੋਕ ਦਿੱਤਾ:

"ਇਹ ਸਾਰੀ ਤੇਰੀ ਸ਼ਰਾਰਤ ਹੈ। ਵਕੀਲਾਂ ਵਾਂਗ ਬਹਿਸ ਕਰਦਾਂ।"

"ਚੌਧਰੀ ਜੀ ਇਹਦੀ ਗੱਲ ਤਾਂ ਸੁਣ ਲਉ।" ਬਾਬੇ ਫੱਤੇ ਨੇ ਕੰਬਦੀ ਅਵਾਜ਼ ਵਿੱਚ ਕਿਹਾ। ਕਾਲੀ ਗੁੱਸੇ ਵਿੱਚ ਭੁੱਲ ਗਿਆ ਕਿ ਉਹ ਕੀ ਕਹਿਣਾ ਚਾਹੁੰਦਾ ਸੀ। ਉਹ ਚੁੱਪ ਰਿਹਾ ਤਾਂ ਬਾਬਾ ਫੱਤਾ ਨਰਮ ਅਵਾਜ਼ ਵਿੱਚ ਬੋਲਿਆ:

"ਚੌਧਰੀ ਜੀ, ਤੁਹਾਡੀ ਗੱਲ ਠੀਕ ਹੈ। ਅਸੀਂ ਤੁਹਾਡੇ ਚਮਾਰ ਹਾਂ। ਸਾਨੂੰ ਤੁਸੀਂ ਨਹੀਂ ਬਚਾਉਗੇ ਤਾਂ ਹੋਰ ਕੌਣ ਬਚਾਏਗਾ। ਪਰ ਇਹ ਵੀ ਸੋਚੋ ਕਿ ਜੇ ਤੁਸੀਂ ਦਿਹਾੜੀ ਨਹੀਂ ਦਿਓਗੇ ਤਾਂ ਅਸੀਂ ਲੋਕ ਖਾਵਾਂਗੇ ਕਿੱਥੋਂ। ਇਕ ਅੱਧ ਦਿਨ ਦੀ ਗੱਲ ਹੁੰਦੀ ਤਾਂ ਠੀਕ ਸੀ, ਪਰ ਇਸ ਵਿੱਚ ਛੇ-ਸੱਤ ਦਿਨ ਲੱਗ ਜਾਣਗੇ। ਇੰਨੇ ਦਿਨਾਂ ਲਈ ਗਰੀਬ ਆਦਮੀ ਆਪਣੇ ਘਰੋਂ ਰੋਟੀ ਖਾ ਕੇ ਬਗਾਰ ਨਹੀਂ ਕਰ ਸਕਦਾ।"

"ਫੱਤਿਆ, ਤੇਰਾ ਦਿਮਾਗ ਵੀ ਖਰਾਬ ਹੋ ਗਿਆ। ਤੂੰ ਸਿਆਣਾ, ਕੁਛ ਅਕਲ ਦੀ ਗੱਲ ਕਰ।" ਚੌਧਰੀ ਹਰਨਾਮ ਸਿੰਘ ਨੇ ਝਿੜਕਦਿਆਂ ਕਿਹਾ।

ਸਾਰੇ ਚਮਾਰਾਂ ਨੂੰ ਚੌਧਰੀ ਹਰਨਾਮ ਸਿੰਘ ਦਾ ਲਹਿਜ਼ਾ ਬਹੁਤ ਬੁਰਾ ਲੱਗਾ ਪਰ ਉਹ ਚੁੱਪ ਰਹੇ। ਕਾਲੀ ਪਿੱਛੇ ਹੱਟ ਕੇ ਰੇਤ 'ਤੇ ਜਾ ਬੈਠਾ। ਬਾਬਾ ਫੱਤਾ ਰੁਆਂਸਾ-ਜਿਹਾ ਹੋ ਕੇ ਚੁੱਪ ਹੋ ਗਿਆ। ਚੌਧਰੀ ਮੁਨਸ਼ੀ ਇਕ ਵਾਰ ਫਿਰ ਗਾਲ੍ਹਾਂ ਕੱਢਣ ਲੱਗਾ ਅਤੇ ਬਿਫਰੀ ਹੋਈ ਅਵਾਜ਼ ਵਿੱਚ ਬੋਲਿਆ:

"ਸੱਤ-ਅੱਠ ਦਿਨ ਤੱਕ ਉਦਾਂ ਵੀ ਤੁਹਾਡੇ ਕੋਲ ਕੋਈ ਕੰਮ ਨਹੀਂ ਹੋਣਾ। ਖੇਤਾਂ 'ਚ ਪਾਣੀ ਖੜਾ, ਮੱਕੀ ਦੀ ਗੁਡਾਈ ਬੰਦ ਰਹੂਗੀ। ਉਹਨਾਂ ਦਿਨਾਂ ਵਿੱਚ ਉਦਾਂ ਵੀ ਤਾਂ ਖਾਲੀ ਬੈਠ ਕੇ ਆਪਣਿਆਂ ਘਰਾਂ ਤੋਂ ਹੀ ਖਾਂਦੇ ਹੋ।"

"ਚੌਧਰੀ ਜੀ, ਤੁਹਾਡੀ ਗੱਲ ਠੀਕ ਹੈ ਪਰ ਖਾਲੀ ਬੈਠਾ ਬੰਦਾ ਦੋ ਰੋਟੀਆਂ ਖਾ ਕੇ ਦਿਨ ਕੱਢ ਸਕਦਾ। ਪਰ ਜਿਹੜਾ ਆਦਮੀ ਸਾਰਾ ਦਿਨ ਕਹੀ ਵਾਹੂਗਾ ਅਤੇ ਟੋਕਰੀ ਢੋਊਗਾ, ਉਹਦਾ ਦੋ ਰੋਟੀਆਂ ਨਾਲ ਕੁਛ ਨਹੀਂ ਬਣਦਾ... ਅਤੇ ਫਿਰ ਤੁਸੀਂ ਮਾਲਿਕ ਲੋਕ ਹੋ... ਤੁਹਾਨੂੰ ਕਿਸੇ ਚੀਜ਼ ਦਾ ਵੀ ਘਾਟਾ ਨਹੀਂ। ਸਾਡੇ ਲਈ ਤਾਂ ਇਕ ਦਿਨ ਕੱਟਣਾ ਵੀ ਮੁਸ਼ਕਿਲ ਹੈ।" ਤਾਏ ਬਸੰਤੇ ਨੇ ਕਿਹਾ।

ਲਾਲੂ ਭਲਵਾਨ ਹੁਣ ਤੱਕ ਚੁੱਪ ਖੜਾ ਸੀ। ਉਹ ਬਹੁਤ ਗੰਭੀਰ ਅਤੇ ਉਦਾਸ-ਜਿਹਾ ਸਾਰਿਆਂ ਦੀਆਂ ਗੱਲਾਂ ਸੁਣ ਰਿਹਾ ਸੀ। ਜਦੋਂ ਉਹਨੇ ਦੇਖਿਆ ਕਿ ਗੱਲ ਵੱਧਦੀ ਜਾ ਰਹੀ ਹੈ ਤਾਂ ਉਹ ਚੌਧਰੀਆਂ ਨੂੰ ਸੰਬੋਧਿਤ ਹੁੰਦਿਆਂ ਬੋਲਿਆ, "ਏਦਾਂ ਕਰੋ ਕਿ ਹਰ ਘਰ ਆਪਣੇ-ਆਪਣੇ ਚਮਾਰ ਨੂੰ ਪੈਸੇ ਜਾਂ ਅਨਾਜ ਦੇ ਦੇਵੇ। ਜ਼ਿਆਦਾ ਰੌਲੇ-ਰੱਪੇ ਦਾ ਕੋਈ ਫਾਇਦਾ ਨਹੀਂ।"

ਲਾਲੂ ਭਲਵਾਨ ਦੀ ਗੱਲ ਸੁਣ ਕੇ ਚੌਧਰੀ ਹਰਨਾਮ ਸਿੰਘ ਗੁੱਸੇ 'ਚ ਆ ਗਿਆ।

"ਚਮਾਰਾਂ ਦਾ ਦਿਮਾਗ ਖਰਾਬ ਕਿਉਂ ਨਾ ਹੋਵੇ, ਉਹਨਾਂ ਨੂੰ ਸ਼ਹਿ ਦੇਣ ਵਾਲੇ ਜਿਉਂ ਹੈਗੇ ਆ।"

"ਮੈਂ ਕਿਸੇ ਨੂੰ ਸ਼ਹਿ ਨਹੀਂ ਦੇ ਰਿਹਾ, ਮੈਂ ਤਾਂ ਸਿਰਫ ਹੱਕ ਦੀ ਗੱਲ ਕਰ ਰਿਹਾ।" ਲਾਲੂ ਭਲਵਾਨ ਨੇ ਕਿਹਾ। "ਉਦਾਂ ਜੋ ਫੈਸਲਾ ਤੁਸੀਂ ਕਰੋਗੇ, ਉਹ ਹੀ ਮੇਰਾ ਫੈਸਲਾ ਹੋਊਗਾ।"

ਚੌਧਰੀ ਹਰਨਾਮ ਸਿੰਘ ਨੇ ਆਪਣੇ ਆਲੇ-ਦੁਆਲੇ ਖੜੇ ਚੌਧਰੀਆਂ 'ਤੇ ਨਿਗ੍ਹਾ ਮਾਰੀ ਅਤੇ ਹਰ ਮੁਹੱਲੇ ਦੇ ਦੋ-ਚਾਰ ਆਦਮੀਆਂ ਹਾਜ਼ਰ ਦੇਖ ਕੇ ਬੋਲਿਆ:

"ਤੁਸੀਂ ਲੋਕ ਇਕ ਮੁੱਠੀ ਹੋ ਜਾਵੋ ਤਾਂ ਚਮਾਰਾਂ ਨੂੰ ਇਕ ਦਿਨ 'ਚ ਸਿੱਧਾ ਕੀਤਾ ਜਾ ਸਕਦਾ ਪਰ ਮੁਸ਼ਕਿਲ ਤਾਂ ਇਹ ਹੈ ਕਿ ਸਾਡੇ ਵਿੱਚੋਂ ਸ਼ਹਿ ਦੇਣ ਵਾਲੇ ਹਾਜ਼ਰ ਹਨ।"

ਉਹਨੇ ਚਮਾਰਾਂ ਵੱਲ ਜਾਂਦਿਆਂ ਕਿਹਾ:

"ਦੇਖੋ ਤੁਸੀਂ ਅੱਗ ਨਾਲ ਖੇਡ ਰਹੇ ਹੋ। ਭਲੇਮਾਣਸਾਂ ਦੀ ਤਰ੍ਹਾਂ ਕੰਮ ਸ਼ੁਰੂ ਕਰ ਦੇਵੋ ਵਰਨਾ ਤੁਹਾਡੀ ਕੁੱਤਿਆਂ ਨਾਲੋਂ ਵੀ ਮਾੜੀ ਹਾਲਤ ਕਰੂੰਗਾ। ... ਕੰਨ ਖੋਲ੍ਹ ਕੇ ਸੁਣ ਲਵੋ... ਇਹ ਕੰਮ ਤੁਸੀਂ ਕਰਨਾ ਹੈ ਅਤੇ ਇਸ ਵਿੱਚ ਛੇ ਦਿਨ ਲੱਗਣ ਜਾਂ ਦਸ ... ਇਕ ਪੈਸਾ ਨਹੀਂ ਮਿਲਣਾ।" ਚਮਾਰ ਖਾਮੋਸ਼ ਰਹੇ ਤਾਂ ਚੌਧਰੀ ਹਰਨਾਮ ਸਿੰਘ ਨੇ ਇਕ ਵਾਰ ਫਿਰ ਉਹਨਾਂ ਨੂੰ ਲਲਕਾਰ ਕੇ ਕਿਹਾ ਅਤੇ ਉਹਨੇ ਤਾਏ ਬਸੰਤੇ ਨੂੰ ਕਿਹਾ:

"ਬਸੰਤਿਆ, ਕੀ ਮਨਸ਼ਾ ਹੈ ਤੁਹਾਡੀ?"

"ਚੌਧਰੀ ਜੀ, ਪੈਸੇ ਬਿਨਾਂ ਕੰਮ ਕਰਕੇ ਅਸੀਂ ਖਾਵਾਂਗੇ ਕਿੱਥੋਂ?"

"ਆਪਣੀ ਮਾਂ ਦੇ ਸਿਰ 'ਚੋਂ ਖਾਓ, ਮੈਨੂੰ ਇਸ ਨਾਲ ਕੋਈ ਮਤਲਬ ਨਹੀਂ। ਜੋ ਮੈਂ ਪੁੱਛਦਾ ਹਾਂ, ਉਹਦਾ ਜਵਾਬ ਦੇ।"

"ਮੈਂ ਕੀ ਜਵਾਬ ਦੇਵਾਂ। ਸਾਰੇ ਜਣੇ ਇੱਥੇ ਖੜੇ ਹਨ, ਇਹਨਾਂ ਤੋਂ ਪੁੱਛ ਲਉ।" ਤਾਏ ਬਸੰਤੇ ਦੀ ਨਿਗ੍ਹਾ ਵਾਰੀ ਵਾਰੀ ਸਾਰਿਆਂ 'ਤੇ ਘੁੰਮ ਗਈ।

ਸਾਰੇ ਚਮਾਰ ਖਾਮੋਸ਼ ਖੜ੍ਹੇ ਸਨ। ਚੌਧਰੀ ਹਰਨਾਮ ਸਿੰਘ ਜਿਸ ਵਲ ਦੇਖਦਾ ਉਹ ਨਿਗਾਹਾਂ ਝੁਕਾ ਲੈਂਦਾ ਅਤੇ ਉਹਦੇ ਸਵਾਲ ਦਾ ਕੋਈ ਜਵਾਬ ਨਾ ਦਿੰਦਾ। ਚੌਧਰੀ ਨੇ ਕਾਲੀ ਵੱਲ ਦੇਖਿਆ ਤਾਂ ਉਹ ਸਪਸ਼ਟ ਅਵਾਜ਼ ਵਿੱਚ ਬੋਲਿਆ:

"ਮੈਂ ਬਿਨਾਂ ਪੈਸੇ ਦੇ ਕੰਮ ਨਹੀਂ ਕਰੂੰਗਾ।"ਕਾਲੀ ਨੇ ਆਪਣੀ ਟੋਕਰੀ ਚੁੱਕ ਲਈ। ਚੌਧਰੀ ਹਰਨਾਮ ਸਿੰਘ ਨੇ ਉਹਨੂੰ ਗਾਲ੍ਹ ਕੱਢੀ ਤਾਂ ਉਹ ਭੜਕ ਪਿਆ:

"ਚੌਧਰੀ, ਇਹ ਗਾਲ੍ਹਾਂ ਮੈਨੂੰ ਵੀ ਆਉਂਦੀਆਂ। ਮੂੰਹ ਸੰਭਾਲ ਕੇ ਗੱਲ ਕਰ। ਅਸੀਂ ਮਿਹਨਤ ਵੇਚਦੇ ਆਂ, ਇੱਜ਼ਤ ਨਹੀਂ। ਮਾਵਾਂ ਭੈਣਾਂ ਸਾਰਿਆਂ ਦੇ ਘਰੀਂ ਹਨ।"

ਇਹ ਸੁਣ ਕੇ ਦੂਸਰੇ ਚੌਧਰੀ ਵੀ ਗੁੱਸੇ ਵਿੱਚ ਆ ਗਏ। ਚੌਧਰੀ ਮੁਨਸ਼ੀ ਇਹ ਸੋਚ ਕੇ ਅੱਗ-ਬਬੂਲਾ ਹੋ ਰਿਹਾ ਸੀ ਕਿ ਪਿੰਡ ਦੇ ਚਮਾਰ ਦਾ ਏਨਾ ਹੌਂਸਲਾ ਕਿਵੇਂ ਪਿਆ ਕਿ ਉਹਨਾਂ ਦੇ ਸਾਹਮਣੇ ਮੂੰਹ ਖੋਲ੍ਹੇ। ਉਹ ਦੰਦ ਪੀਂਹਦਾ ਬੋਲਿਆ:

"ਇਹਨਾਂ ਸਾਰਿਆਂ ਨੂੰ ਪਿੰਡ 'ਚੋਂ ਕੱਢ ਦਿਉ।"

"ਇਹਨਾਂ ਦਾ ਖੇਤਾਂ 'ਚ ਆਉਣਾ-ਜਾਣਾ ਬੰਦ ਕਰ ਦਿਓ।"

"ਇਹਨਾਂ ਦੀਆਂ ਤੀਵੀਂਆਂ ਖੇਤਾਂ 'ਚ ਆਉਣ ਤਾਂ ਉਹਨਾਂ ਨੂੰ ਉੱਥੇ ਹੀ ਘੇਰ ਲਉ।"

"ਚਮਾਰ ਖੇਤ 'ਚ ਜਾਣ ਤਾਂ ਸਾਲਿਆਂ ਨੂੰ ਜਾਨੋਂ ਮਾਰ ਦਿਉ।"

"ਕੁੱਤਿਓ ਚਮਾਰੋ, ਤੁਸੀਂ ਅੱਡੀਆਂ ਰਗੜ-ਰਗੜ ਕੇ ਮਰੋਗੇ। ਅਸੀਂ ਤੁਹਾਨੂੰ ਭੁੱਖੇ ਮਾਰ ਦਿਆਂਗੇ।" ਕਈ ਚੌਧਰੀ ਇਕ ਸਾਥ ਬੋਲ ਉੱਠੇ।

"ਚੌਧਰੀਓ ਆਦਮੀ ਕਿਸੇ ਨੂੰ ਰਿਜਕ ਨਹੀਂ ਦਿੰਦਾ। ਸਾਨੂੰ ਵੀ ਉਹੀ ਰਿਜਕ ਦਿੰਦਾ ਜੋ ਤੁਹਾਨੂੰ ਦਿੰਦਾ ਹੈ। ਤੁਹਾਨੂੰ ਜ਼ਮੀਨਾਂ ਦਾ ਹੰਕਾਰ ਹੈ।... ਅਸੀਂ ਤੁਹਾਡੀਆਂ ਬਹੁਤ ਸੁਣ ਲਈਆਂ... ਪਰ ਹਰ ਚੀਜ਼ ਦੀ ਹੱਦ ਹੁੰਦੀ ਹੈ। ਅਸੀਂ ਪੱਥਰ ਨਹੀਂ, ਅਸੀਂ ਵੀ ਇਨਸਾਨ ਹਾਂ।" ਕਾਲੀ ਨੇ ਅੱਗੇ ਵੱਧ ਕੇ ਜੋਸ਼ ਭਰੀ ਅਵਾਜ਼ ਵਿੱਚ ਕਿਹਾ।

ਬਾਬੇ ਫੱਤਾ ਕਾਲੀ ਦੇ ਹੱਕ ਵਿੱਚ ਬੋਲਿਆ ਤਾਂ ਬੇਲਾ ਸਿੰਘ ਬੋਲਿਆ:

"ਫੱਤਿਆ, ਮਰ ਤਾਂ ਤੂੰ ਉਦਾਂ ਹੀ ਜਾਣਾ। ਕਿਉਂ ਆਪਣਾ ਖੂਨ ਕਿਸੇ ਦੂਸਰੇ ਦੇ ਸਿਰ ਮੜ੍ਹਨਾ ਚਾਹੁੰਦਾ ਹੈਂ।"

"ਚੌਧਰੀ ਰਹਿੰਦੀ ਦੁਨੀਆ ਤੱਕ ਜ਼ਿੰਦਾ ਰਹਿਣ ਦਾ ਪਟਾ ਤੇਰੇ ਕੋਲ ਵੀ ਹੈ ਨਹੀਂ।" ਤਾਏ ਬਸੰਤੇ ਨੇ ਕਿਹਾ।

"ਬਸੰਤਿਆ, ਤੇਰੀ ਇਹ ਮਜ਼ਾਲ ਕਿ ਸਾਡੇ ਸਾਹਮਣੇ ਮੂੰਹ ਖੋਲ੍ਹੇਂ।" ਚੌਧਰੀ ਮੁਨਸ਼ੀ ਨੇ ਪੈਰ 'ਚੋਂ ਜੁੱਤੀ ਲਾਹੁੰਦਿਆਂ ਕਿਹਾ। ਕਾਲੀ ਟੋਕਰੀ ਸੁੱਟ ਕੇ ਤਾਏ ਬਸੰਤੇ ਦੇ ਸਾਹਮਣੇ ਜਾ ਖੜ੍ਹਾ ਹੋਇਆ। ਲਾਲੂ ਭਲਵਾਨ ਮਾਮਲਾ ਵੱਧਦਾ ਦੇਖ ਸਾਰਿਆਂ ਨੂੰ ਸ਼ਾਂਤ ਕਰਨ ਦਾ ਯਤਨ ਕਰਨ ਲੱਗਾ। ਚੌਧਰੀ ਮੁਨਸ਼ੀ ਉਹਨੂੰ ਇਕ ਪਾਸੇ ਧੱਕਦਾ ਹੋਇਆ ਬੋਲਿਆ:

"ਮੈਂ ਦੇਖਦਾਂ, ਕੰਮ ਕਰਨ ਤੋਂ ਕਿੱਦਾਂ ਨਾਂਹ ਕਰਦੇ ਹਨ?" ਉਹ ਆਪਣੇ ਕੋਲ ਖੜ੍ਹੇ ਚਮਾਰ ਨੂੰ ਮੋਢੇ ਤੋਂ ਫੜ ਕੇ ਪਾੜ ਵੱਲ ਧੱਕਣ ਲੱਗਾ। ਜਦੋਂ ਉਹਨੇ ਕਾਲੀ ਵੱਲ ਜੁੱਤੀ ਲਹਿਰਾਉਂਦਿਆਂ ਕੰਮ ਕਰਨ ਨੂੰ ਕਿਹਾ ਤਾਂ ਉਹ ਦ੍ਰਿੜ ਅਵਾਜ਼ 'ਚ ਬੋਲਿਆ:

"ਮੈਂ ਬਿਨਾਂ ਪੈਸਿਆਂ ਦੇ ਕੰਮ ਨਹੀਂ ਕਰੂੰਗਾ। ਮੈਂ ਕਿਸੇ ਕੋਲ ਗਹਿਣੇ ਨਹੀਂ ਪਿਆ ਜੋ ਬਗਾਰ ਕਰਾਂ।"

ਕਾਲੀ ਆਪਣੀ ਟੋਕਰੀ ਅਤੇ ਕਹੀ ਚੁੱਕ ਕੇ ਪਿੰਡ ਵੱਲ ਤੁਰ ਪਿਆ। ਉਹਨੂੰ ਜਾਂਦਾ ਦੇਖ ਬਾਕੀ ਚਮਾਰਾਂ ਦਾ ਵੀ ਹੌਂਸਲਾ ਵਧ ਗਿਆ ਅਤੇ ਉਹ ਉਹਦੇ ਪਿੱਛੇ-ਪਿੱਛੇ ਆਉਣ ਲੱਗੇ। ਚੌਧਰੀਆਂ ਨੇ ਉਹਨਾਂ ਨੂੰ ਜਾਂਦੇ ਦੇਖਿਆ ਤਾਂ ਉਹ ਗੁੱਸੇ 'ਚ ਕੰਬਣ ਲੱਗੇ। ਚੌਧਰੀ ਹਰਨਾਮ ਸਿੰਘ ਨੇ ਬਾਈਕਾਟ ਦੀ ਧਮਕੀ ਦਿੱਤੀ ਤਾਂ ਤਾਇਆ ਬਸੰਤਾ ਬੋਲਿਆ:

"ਚੌਧਰੀਓ, ਜੇ ਤੁਹਾਡੀ ਇਹ ਮਰਜ਼ੀ ਹੈ ਤਾਂ ਇਹ ਵੀ ਕਰ ਕੇ ਦੇਖ ਲਉ।"

ਚੌਧਰੀਆਂ ਦਾ ਗੁੱਸਾ ਸਿਖਰ ਤੱਕ ਜਾ ਪਹੁੰਚਿਆ। ਉਹ ਨਵੀਂਆਂ ਨਵੀਂਆਂ ਧਮਕੀਆਂ ਦੇ ਰਹੇ ਸਨ ਅਤੇ ਗਾਲ੍ਹਾਂ ਕੱਢ ਰਹੇ ਸਨ ਅਤੇ ਚਮਾਰ ਜਵਾਬ ਵਿੱਚ ਬੁੜਬੁੜਾਉਂਦੇ ਚਮ੍ਹਾਰਲੀ ਵੱਲ ਨੂੰ ਜਾ ਰਹੇ ਸਨ।

**40**

ਬੰਨ ਤੋਂ ਚੌਧਰੀ, ਮਹਾਸ਼ੇ ਦੀ ਦੁਕਾਨ 'ਤੇ ਆ ਗਏ। ਉਹ ਗੁੱਸੇ ਵਿੱਚ ਜੋ ਮੂੰਹ ਆਇਆ ਉਹ ਬੋਲੀ ਜਾ ਰਹੇ ਸਨ ਪਰ ਉਹਨਾਂ ਵਿੱਚੋਂ ਕਿਸੇ ਦਾ ਵੀ ਦਿਮਾਗ ਸਾਫ ਨਹੀਂ ਸੀ ਕਿ ਨਵੀਂ ਹਾਲਤ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ। ਮਹਾਸ਼ਾ ਤੀਰਥ ਰਾਮ ਚੌਧਰੀਆਂ ਨੂੰ ਹੋਰ ਵੀ ਭੜਕਾ ਰਿਹਾ ਸੀ ਅਤੇ ਛੱਜੂ ਸ਼ਾਹ ਇਸ ਵਿਚਾਰ ਵਿੱਚ ਲੀਨ ਸੀ ਕਿ ਉਹ ਇਸ ਹਾਲਤ ਤੋਂ ਕਿਵੇਂ ਫਾਇਦਾ ਉਠਾ ਸਕਦਾ ਹੈ। ਡਾਕਟਰ ਵਿਸ਼ਨਦਾਸ ਬਹੁਤ ਜੋਸ਼ ਵਿੱਚ ਸੀ ਅਤੇ ਹੁੱਕੇ ਦੀ ਨਾੜ ਨੂੰ ਮੂੰਹ ਤੋਂ ਲਾਹ ਕੇ ਉਸ ਵੇਲੇ ਹੀ ਦੁਬਾਰਾ ਮੂੰਹ ਨੂੰ ਲਾ ਲੈਂਦਾ।

ਛੱਜੂ ਸ਼ਾਹ ਨੇ ਲਾਲੂ ਭਲਵਾਨ ਨੂੰ ਚੁੱਪ ਦੇਖਿਆ ਤਾਂ ਨੇੜੇ ਜਾ ਕੇ ਉਹਦੇ ਕੰਨ ਵਿੱਚ ਬੋਲਿਆ:

"ਭਲਵਾਨ ਜੀ, ਤੁਸੀਂ ਕਿਉਂ ਚੁੱਪ ਹੋ?"

"ਮੈਂ ਕੀ ਕਹਾਂ। ਇਹ ਲੋਕ ਹਵਾ ਵਿੱਚ ਡਾਂਗਾ ਮਾਰ ਰਹੇ ਹਨ।" ਛੱਜੂ ਸ਼ਾਹ ਬੁੱਲਾਂ ਵਿੱਚ ਮੁਸਕਰਾਇਆ ਅਤੇ ਇਸ ਇੰਤਜ਼ਾਰ ਵਿੱਚ ਬੈਠ ਗਿਆ ਕਿ ਚੌਧਰੀ ਚੁੱਪ ਹੋਣ ਤਾਂ ਉਹ ਗੱਲ ਕਰੇ।

ਸ਼ੋਰ-ਸ਼ਰਾਬਾ ਕੁੱਝ ਘੱਟ ਹੁੰਦਾ ਤਾਂ ਕੋਈ ਹੋਰ ਚੌਧਰੀ ਉੱਥੇ ਆ ਜਾਂਦਾ ਅਤੇ ਨਵੇਂ ਸਿਰੇ ਤੋਂ ਗਾਲੀ-ਗਲੋਚ ਸ਼ੁਰੂ ਹੋ ਜਾਂਦਾ। ਉੱਥੇ ਏਨੇ ਲੋਕ ਇਕੱਠੇ ਹੋ ਗਏ ਕਿ ਮਹਾਸ਼ੇ ਦੀ ਦੁਕਾਨ ਦੇ ਥੜ੍ਹੇ ਉੱਤੇ ਤਿਲ ਸਿੱਟਣ ਨੂੰ ਥਾਂ ਨਾ ਰਹੀ। ਹਰ ਇਕ ਆਦਮੀ ਚਮਾਰਾਂ ਨੂੰ ਤਹਿਸ ਨਹਿਸ ਕਰਨ ਦੀ ਗੱਲ ਕਰ ਰਿਹਾ ਸੀ। ਉਹਨਾਂ ਨੂੰ ਸਜ਼ਾ ਦੇਣ ਦੇ ਨਵੇਂ ਤਰੀਕਿਆਂ ਦਾ ਸੁਝਾਅ ਦੇ ਰਿਹਾ ਸੀ।

ਲਾਲੂ ਭਲਵਾਨ ਉੱਠ ਕੇ ਖੜ੍ਹ ਗਿਆ ਅਤੇ ਸਾਰਿਆਂ ਨੂੰ ਚੁੱਪ ਰਹਿਣ ਦਾ ਇਸ਼ਾਰਾ ਕਰਦਾ ਹੋਇਆ ਉੱਚੀ ਪਰ ਠਰ੍ਹਮੇ ਭਰੀ ਅਵਾਜ਼ ਵਿੱਚ ਬੋਲਿਆ:

"ਮੇਰੀ ਗੱਲ ਮੰਨੋ ਤਾਂ ਚਮਾਰਾਂ ਨੂੰ ਸੱਦ ਕੇ ਮਾਮਲਾ ਰਫਾ-ਦਫਾ ਕਰ ਦਿਉ। ਟੋਕਰੀ 'ਚੋਂ ਡੁੱਲ੍ਹੇ ਬੇਰਾਂ ਦਾ ਅਜੇ ਕੁਛ ਨਹੀਂ ਵਿਗੜਿਆ। ਉਹਨਾਂ ਦਾ ਤੁਹਾਡੇ ਬਿਨਾਂ ਗੁਜ਼ਾਰਾ ਨਹੀਂ ਅਤੇ ਤੁਹਾਡਾ ਉਹਨਾਂ ਬਿਨਾਂ ਗੁਜ਼ਾਰਾ ਨਹੀਂ।"

ਲਾਲੂ ਭਲਵਾਨ ਦੀ ਅਵਾਜ਼ ਬਦਲੇ ਦੀਆਂ ਗੁੱਸੇ ਭਰੀਆਂ ਅਵਾਜ਼ਾਂ 'ਚ ਗੁਆਚ ਗਈ। ਚੌਧਰੀ ਇਕ ਵਾਰ ਫਿਰ ਭੜਕ ਪਏ। ਛੱਜੂ ਸ਼ਾਹ ਇਸ ਮੌਕੇ ਨੂੰ ਠੀਕ ਸਮਝ ਕੇ ਬੋਲਿਆ:

"ਚੌਧਰੀਓ, ਮਾਮਲਾ ਤੁਹਾਡਾ ਅਤੇ ਚਮਾਰਾਂ ਦਾ ਹੈ। ਮੈਨੂੰ ਵਿੱਚ ਦਖਲ ਦੇਣ ਦਾ ਕੋਈ ਹੱਕ ਨਹੀਂ ਪਰ ਮੈਂ ਏਨਾ ਜ਼ਰੂਰ ਕਹੂੰਗਾ ਕਿ ਗੁੱਸੇ ਨੂੰ ਥੁੱਕ ਕੇ ਅਤੇ ਕ੍ਰੋਧ ਨੂੰ ਛੱਡ ਕੇ ਇਹ ਸੋਚੋ ਕਿ ਅੱਗੇ ਕੀ ਕਰਨਾ ਹੈ?"

ਛੱਜੂ ਸ਼ਾਹ ਦੀ ਗੱਲ ਸੁਣ ਕੇ ਚੌਧਰੀ ਹੋਰ ਵੀ ਜ਼ਿਆਦਾ ਭੜਕ ਪਏ ਅਤੇ ਬਹੁਤ ਸਾਰੇ ਲੋਕ ਇਕੱਠੇ ਬੋਲਣ ਲੱਗੇ।

ਚੌਧਰੀ ਹਰਨਾਮ ਸਿੰਘ ਨੇ ਉਹਨਾਂ ਨੂੰ ਸ਼ਾਂਤ ਰਹਿਣ ਦਾ ਇਸ਼ਾਰਾ ਕੀਤਾ ਅਤੇ ਇਕ ਇਕ ਸ਼ਬਦ ਉੱਤੇ ਜ਼ੋਰ ਦਿੰਦਾ ਬੋਲਿਆ:

"ਛੱਜੂ ਸ਼ਾਹ ਠੀਕ ਕਹਿੰਦਾ। ਇਸ ਤਰ੍ਹਾਂ ਰੌਲਾ ਪਾਉਣ ਦਾ ਕੋਈ ਫਾਇਦਾ ਨਹੀਂ। ਹੁਣ ਇਹ ਸੋਚੋ ਕਿ ਚਮਾਰਾਂ ਨੂੰ ਸਜ਼ਾ ਕੀ ਦੇਣੀ ਹੈ।"

ਚੌਧਰੀ ਹਰਨਾਮ ਸਿੰਘ ਨੇ ਆਪਣੀ ਗੱਲ ਖਤਮ ਕਰਕੇ ਲਾਲੂ ਭਲਵਾਨ ਵੱਲ ਦੇਖਿਆ ਤਾਂ ਉਹ ਗੰਭੀਰ ਅਵਾਜ਼ ਵਿੱਚ ਬੋਲਿਆ:

"ਮੇਰੀ ਮੰਨੋ ਤਾਂ ਚਮਾਰਾਂ ਨੂੰ ਸੱਦ ਕੇ ਮਾਮਲਾ ਰਫਾ-ਦਫਾ ਕਰ ਦਿਉ। ਮੇਰੇ ਉਸਤਾਦ ਨੇ ਇਹ ਹੀ ਸਿਖਾਇਆ ਕਿ ਝਗੜੇ ਨੂੰ ਵਧਾਉਣਾ ਨਹੀਂ ਚਾਹੀਦਾ, ਸਗੋਂ ਘਟਾਉਣਾ ਚਾਹੀਦਾ।"

ਚੌਧਰੀ ਰੌਲਾ ਪਾ ਰਹੇ ਸਨ ਕਿ ਘੜੰਮ ਚੌਧਰੀ ਉੱਥੇ ਆ ਗਿਆ ਅਤੇ ਉਹਨਾਂ ਸਾਰਿਆਂ ਨੂੰ ਰੌਲਾ ਪਾਉਂਦਿਆਂ ਦੇਖ ਕੇ ਬੋਲਿਆ:

"ਕੀ ਹੋ ਗਿਆ ਜੋ ਕਾਵਾਂ ਵਾਂਗੂ ਕਾਵਾਂਰੌਲੀ ਪਾ ਰਹੇ ਹੋ?"

"ਚੌਧਰੀ, ਚਮਾਰਾਂ ਨਾਲ ਝਗੜਾ ਹੋ ਗਿਆ।" ਮਹਾਸ਼ੇ ਨੇ ਕਿਹਾ।

"ਤਾਂ ਥਾਣੇ ਜਾ ਕੇ ਰਪਟ ਦਰਜ਼ ਕਰਾਉ, ਇੱਥੇ ਕਿਉਂ ਬੈਠੇ ਹੋ?" ਘੜੰਮ ਚੌਧਰੀ ਸਾਰਿਆਂ ਉੱਤੇ ਉੱਡਦੀ ਉੱਡਦੀ ਨਜ਼ਰ ਮਾਰ ਕੇ ਬੋਲਿਆ:

"ਤੁਹਾਡੇ ਨਾਲ ਤੁਹਾਡੇ ਪਿੰਡ ਦੇ ਚਮਾਰ ਹੀ ਲੜਨ ਲੱਗੇ ਤਾਂ ਬਾਕੀ ਪਿੰਡਾਂ ਦੇ ਜੱਟ ਤੁਹਾਨੂੰ ਕੱਚਾ ਹੀ ਖਾ ਜਾਣਗੇ।"

ਘੜੰਮ ਚੌਧਰੀ ਦੀ ਗੱਲ ਸੁਣ ਕੇ ਲੋਕ ਇਕ ਵਾਰ ਫਿਰ ਉਤੇਜਿਤ ਹੋ ਗਏ। ਚੌਧਰੀ ਮੁਨਸ਼ੀ ਵੀ ਸਵੇਰ ਦਾ ਬੋਲ ਬੋਲ ਕੇ ਥੱਕ ਗਿਆ ਸੀ। ਉਹ ਗਲ ਸਾਫ ਕਰਦਾ ਹੋਇਆ ਬੋਲਿਆ:

"ਖੇਤਾਂ 'ਚ ਜਾਣ, ਘਾਹ ਖੋਤਣ ਅਤੇ ਪਿੰਡ ਦੀਆਂ ਗਲੀਆਂ 'ਚ ਆਉਣ ਜਾਣ ਤੋਂ ਮਨਾਹੀ ਕਰ ਦਿਉ।"

"ਅੱਜ ਤੋਂ ਕੋਈ ਆਦਮੀ ਉਹਨਾਂ ਨੂੰ ਆਪਣੇ ਘਰ ਨਾ ਆਉਣ ਦੇਵੇ। ਉਹਨਾਂ ਤੋਂ ਕੋਈ ਕੰਮ ਨਾ ਕਰਾਵੇ। ਸਾਲਿਆਂ ਨੂੰ ਦੋ ਦਿਨ ਫਾਕੇ ਕੱਟਣੇ ਪੈ ਗਏ ਤਾਂ ਮਾਪੇ ਯਾਦ ਆ ਜਾਣਗੇ।" ਚੌਧਰੀ ਹਰਨਾਮ ਸਿੰਘ ਨੇ ਕਿਹਾ।

"ਉਹਨਾਂ ਦਾ ਚਮ੍ਹਾਰਲੀ ਤੋਂ ਬਾਹਰ ਆਉਣਾ ਜਾਣਾ ਬੰਦ ਕਰ ਦਿਉ। ਏਦਾਂ ਦੀ ਨਾਕਾ-ਬੰਦੀ ਕਰੋ ਕਿ ਸਾਲਿਆਂ ਨੂੰ ਟੱਟੀ-ਪਿਸ਼ਾਬ ਜਾਣ ਨੂੰ ਜਗ੍ਹਾ ਨਾ ਲੱਭੇ।" ਬੇਲਾ ਸਿੰਘ ਨੇ ਸੁਝਾਅ ਦਿੱਤਾ।

"ਤੁਸੀਂ ਉਹਨਾਂ ਨੂੰ ਚੋਅ ਅਤੇ ਵੱਡੇ ਰਾਹ 'ਤੇ ਆਉਣ ਜਾਣ ਤੋਂ ਨਹੀਂ ਰੋਕ ਸਕਦੇ। ਏਦਾਂ ਕਰਨਾ ਜ਼ੁਰਮ ਹੈ।" ਘੜੰਮ ਚੌਧਰੀ ਨੇ ਕਿਹਾ।

ਛੱਜੂ ਸ਼ਾਹ ਚੌਧਰੀਆਂ ਨੂੰ ਫੈਸਲਾ ਕਰਦੇ ਦੇਖ ਕੇ ਬੋਲਿਆ, "ਤੁਸੀਂ ਤਾਂ ਚਮਾਰਾਂ ਦੇ ਬਾਈਕਾਟ ਦਾ ਫੈਸਲਾ ਕਰ ਲਿਆ ਹੈ ਪਰ ਸਾਡੇ ਬਾਰੇ 'ਚ ਕੀ ਸੋਚਿਆ। ਤੁਸੀਂ ਉਹਨਾਂ ਨੂੰ ਬਾਹਰ ਨਾ ਨਿਕਲਣ ਦਿਉਗੇ ਤਾਂ ਸਾਡੇ ਡੰਗਰ ਭੁੱਖੇ ਮਰ ਜਾਣਗੇ। ਅਸੀਂ ਉਹਨਾਂ ਨੂੰ ਪੱਠੇ ਕਿੱਥੋਂ ਪਾਵਾਂਗੇ। ਅਸੀਂ ਆਪਣੀ ਦੁਕਾਨਦਾਰੀ ਕਰਾਂਗੇ ਜਾਂ ਡੰਗਰਾਂ ਲਈ ਘਾਹ ਖੋਤਦੇ ਫਿਰਾਂਗੇ।" ਛੱਜੂ ਸ਼ਾਹ ਨੇ ਮਹਾਸ਼ੇ ਵੱਲ ਦੇਖਦਿਆਂ ਕਿਹਾ।

"ਛੱਜੂ ਸ਼ਾਹ ਬਿਲਕੁਲ ਠੀਕ ਕਹਿੰਦਾ। ਤੁਹਾਡੇ ਦੋਹਾਂ ਧਿਰਾਂ ਦੀ ਲੜਾਈ 'ਚ ਸਾਡੇ ਡੰਗਰ ਭੁੱਖੇ ਮਰ ਜਾਣਗੇ।" ਮਹਾਸ਼ਾ ਬੋਲਿਆ।

ਚੌਧਰੀ ਜੋਸ਼ ਵਿੱਚ ਸਨ। ਬੇਲਾ ਸਿੰਘ ਨੇ ਛੱਜੂ ਸ਼ਾਹ ਨੂੰ ਕਿਹਾ ਕਿ ਉਹ ਆਪਣੀ ਮੱਝ ਲਈ ਉਹਦੇ ਖੇਤ ਵਿੱਚੋਂ ਬਰਸੀਨ ਵੱਢ ਲਿਆਇਆ ਕਰੇ। ਜਿਸ ਦਿਨ ਉਹ ਨਾ ਜਾ ਸਕੂਗਾ ਉਹਦਾ ਮੁੰਡਾ ਬਰਸੀਨ ਦੀ ਪੰਡ ਸੁੱਟ ਜਾਇਆ ਕਰੂਗਾ। ਚੌਧਰੀ ਹਰਨਾਮ ਸਿੰਘ ਨੇ ਮਹਾਸ਼ੇ ਲਈ ਅਜਿਹਾ ਹੀ ਪ੍ਰਬੰਧ ਕਰ ਦਿੱਤਾ ਤਾਂ ਛੱਜੂ ਸ਼ਾਹ ਅਤੇ ਮਹਾਸ਼ਾ ਚਮਾਰਾਂ ਨੂੰ ਗਾਲ੍ਹਾਂ ਕੱਢਦੇ ਹੋਏ ਚੌਧਰੀਆਂ ਨੂੰ ਤਾਕੀਦ ਕਰਨ ਲੱਗੇ ਕਿ ਉਹਨਾਂ ਨੂੰ ਅਜਿਹਾ ਸਬਕ ਸਿਖਾਉਣ ਕਿ ਉਹ ਭਵਿੱਖ ਵਿੱਚ ਉਹਨਾਂ ਦੇ ਸਾਹਮਣੇ ਅੱਖ ਚੁੱਕਣ ਦਾ ਹੀਆਂ ਨਾ ਕਰ ਸਕਣ।

ਡਾਕਟਰ ਵਿਸ਼ਨਦਾਸ ਹੁਣ ਤੱਕ ਹੁੱਕੇ ਨਾਲ ਚਿੰਬੜਿਆ ਹੋਇਆ ਸੀ। ਮਹਾਸ਼ੇ ਨੇ ਹੁੱਕੇ ਦੀ ਨਾੜ ਉਹਦੇ ਹੱਥੋਂ ਖਿੱਚਦਿਆਂ ਕਿਹਾ:

"ਤੂੰ ਤਾਂ ਹੁੱਕੇ ਦੇ ਨਾਲ ਹੀ ਚਿੰਬੜ ਗਿਆਂ।"

ਇਸ ਗੱਲ ਉੱਤੇ ਹਲਕੀ ਜਿਹੀ ਹਾਸੜ ਮੱਚ ਗਈ ਅਤੇ ਚੌਧਰੀ ਇਕ-ਇਕ ਕਰਕੇ ਉੱਥੋਂ ਖਿਸਕ ਗਏ। ਜਦੋਂ ਮਹਾਸ਼ੇ ਦੀ ਦੁਕਾਨ ਉੱਤੇ ਦੋ-ਚਾਰ ਆਦਮੀ ਹੀ ਰਹਿ ਗਏ ਤਾਂ ਡਾਕਟਰ ਦਾਰਸ਼ਨਿਕ ਭਾਵ ਵਿੱਚ ਬੋਲਿਆ:

"ਇਹ ਪ੍ਰੋਲੇਤਾਰੀਆਂ ਅਤੇ ਸਰਮਾਏਦਾਰਾਂ ਦੀ ਟੱਕਰ ਹੈ।" ਮਹਾਸ਼ੇ ਨੇ ਉਹਦੀ ਗੱਲ ਨੂੰ ਅਣਸੁਣੀ ਕਰ ਦਿੱਤਾ ਤਾਂ ਵਿਸ਼ਨਦਾਸ ਜ਼ੋਰ-ਜ਼ੋਰ ਨਾਲ ਸਿਰ ਹਿਲਾਉਂਦਾ ਹੋਇਆ ਬੋਲਿਆ:

"ਚਾਚਾ ਤੀਰਥ ਰਾਮਾ, ਮੇਰੀ ਗੱਲ ਯਾਦ ਰੱਖੀਂ... ਇਹ ਬੇਜ਼ਮੀਨੇ ਖੇਤ ਮਜ਼ਦੂਰਾਂ ਅਤੇ ਜ਼ਿਮੀਂਦਾਰਾਂ ਦੀ ਲੜਾਈ ਹੈ। ਇਹ ਪ੍ਰੋਲੇਤਾਰੀਆਂ ਅਤੇ ਸਰਮਾਏਦਾਰਾਂ ਦੀ ਜੰਗ ਹੈ।"

ਮਹਾਸ਼ਾ ਤੀਰਥ ਰਾਮ ਚੁੱਪ ਰਿਹਾ ਪਰ ਵਿਸ਼ਨਦਾਸ ਨੂੰ ਆਪਣੀ ਹੀ ਕਹੀ ਹੋਈ ਗੱਲ ਉੱਤੇ ਹੈਰਾਨੀ ਹੋਈ। ਉਹਨੂੰ ਯਾਦ ਆਇਆ ਕਿ ਸੰਸਾਰ ਵਿੱਚ ਸਫਲ ਅਤੇ ਅਸਫਲ ਕ੍ਰਾਂਤੀਆਂ ਇਸ ਤਰ੍ਹਾਂ ਦੀਆਂ ਛੋਟੀਆਂ ਛੋਟੀਆਂ ਘਟਨਾਵਾਂ ਤੋਂ ਹੀ ਸ਼ੁਰੂ ਹੋਈਆਂ ਸਨ। ਜਿੱਥੇ ਇਨਕਲਾਬੀ ਤਾਕਤਾਂ ਨੂੰ ਚੰਗੀ ਲੀਡਰਸ਼ਿੱਪ ਮਿਲ ਗਈ ਉੱਥੇ ਉਹ ਕਾਮਯਾਬ ਹੋ ਗਈਆਂ ਅਤੇ ਜਿੱਥੇ ਇਨਕਲਾਬੀ ਤਾਕਤਾਂ ਪੂਰੀ ਤਰ੍ਹਾਂ ਜਥੇਬੰਦ ਨਾ ਹੋ ਸਕੀਆਂ, ਉੱਥੇ ਉਹਨਾਂ ਦੀ ਹਾਰ ਹੋ ਗਈ। ਡਾਕਟਰ ਆਪਣੇ ਦਿਮਾਗ ਵਿੱਚ ਇਤਿਹਾਸ ਦੇ ਸਫੇ ਪਲਟਦਾ ਹੋਇਆ, ਰੂਸ, ਫਰਾਂਸ ਅਤੇ ਸਪੇਨ ਤੱਕ ਜਾ ਪਹੁੰਚਿਆ। ਉਹਦੇ ਮਨ ਵਿੱਚ ਹਰ ਪਲ ਉਤੇਜਨਾ ਵੱਧ ਰਹੀ ਸੀ। ਉਹ ਹੁੱਕੇ ਦੇ ਦੋ-ਚਾਰ ਤੇਜ਼ ਤੇਜ਼ ਕਸ਼ ਖਿੱਚ ਕੇ ਕਾਹਲੀ ਨਾਲ ਉੱਠਿਆ ਅਤੇ ਜੁੱਤੀ ਘੜੀਸਦਾ ਚਮ੍ਹਾਰਲੀ ਵੱਲ ਆ ਗਿਆ।

ਡਾਕਟਰ ਵਿਸ਼ਨਦਾਸ ਚਮ੍ਹਾਰਲੀ ਦੇ ਖੂਹ ਕੋਲ ਪਹੁੰਚਿਆ ਤਾਂ ਉਹਨੂੰ ਮੁਹੱਲੇ ਵਿੱਚ ਕੁਝ ਲੋਕ ਉੱਚੀ ਅਵਾਜ਼ ਵਿੱਚ ਗੱਲਾਂ ਕਰਦੇ ਸੁਣਾਈ ਦਿੱਤੇ। ਉਹ ਉੱਥੇ ਹੀ ਰੁਕ ਗਿਆ ਅਤੇ ਧਿਆਨ ਨਾਲ ਉਹਨਾਂ ਦੀਆਂ ਅਵਾਜ਼ਾਂ ਸੁਣਨ ਲੱਗਾ। ਫਿਰ ਉਹ ਗਲੀ ਵਿੱਚ ਅੱਗੇ ਵੱਧ ਗਿਆ। ਗਲੀ ਵਿੱਚ ਸਾਰਿਆਂ ਘਰਾਂ ਦੇ ਦਰਵਾਜ਼ੇ ਖੁੱਲ੍ਹੇ ਸਨ ਪਰ ਅੰਦਰ ਕੋਈ ਨਹੀਂ ਸੀ। ਚਗਾਨ ਵੱਲੋਂ ਆ ਰਹੇ ਰੌਲੇ ਵੱਲ ਉਹ ਖਿੱਚਦਾ ਤੁਰਿਆ ਗਿਆ। ਉਹ ਚਗਾਨ ਤੋਂ ਪਹਿਲਾਂ ਹੀ ਰੁਕ ਗਿਆ। ਹੁਣ ਉਹਨੂੰ ਅਵਾਜ਼ਾਂ ਸਾਫ ਸਾਫ ਸੁਣਾਈ ਦੇ ਰਹੀਆਂ ਸਨ।

ਚਮਾਰ ਵੀ ਚੌਧਰੀਆਂ ਦੀ ਬਾਈਕਾਟ ਦੀ ਧਮਕੀ ਤੋਂ ਪੈਦਾ ਹੋਣ ਵਾਲੀ ਸਥਿਤੀ ਨਾਲ ਨਿਪਟਣ ਦੇ ਢੰਗ ਸੋਚ ਰਹੇ ਸਨ। ਨੌਜਵਾਨ ਚਮਾਰ ਚਾਹੁੰਦੇ ਸਨ ਕਿ ਬਾਈਕਾਟ ਦਾ ਜੁਆਬ ਬਾਈਕਾਟ ਨਾਲ ਦਿੱਤਾ ਜਾਵੇ। ਚੌਧਰੀ ਬਾਅਦ ਵਿੱਚ ਮੰਨ ਵੀ ਜਾਣ ਤਾਂ ਵੀ ਉਹਨਾਂ ਨੂੰ ਬਾਈਕਾਟ ਜਾਰੀ ਰੱਖਣਾ ਚਾਹੀਦਾ। ਇਹ ਗੱਲਾਂ ਸੁਣ ਕੇ ਡਾਕਟਰ ਖੁਸ਼ ਹੋ ਗਿਆ ਅਤੇ ਮਨ-ਹੀ-ਮਨ ਸੋਚਣ ਲੱਗਾ ਕਿ ਮਿਹਨਤਕਸ਼ ਤਬਕਾ ਜਦੋਂ ਜਾਗ ਉੱਠਦਾ ਹੈ ਤਾਂ ਦੁਨੀਆਂ ਦੀ ਕੋਈ ਤਾਕਤ ਉਹਦਾ ਮੁਕਾਬਲਾ ਨਹੀਂ ਕਰ ਸਕਦੀ।

ਬਜ਼ੁਰਗ ਚਮਾਰਾਂ ਦਾ ਵਤੀਰਾ ਕੁੱਝ ਨਰਮ ਸੀ। ਉਹਨਾਂ ਦਾ ਤਰਕ ਸੀ ਕਿ ਚੌਧਰੀਆਂ ਦੇ ਨਾਲ ਹਮੇਸ਼ਾਂ ਲਈ ਵਿਗਾੜ ਪਾ ਕੇ ਪਿੰਡ ਵਿੱਚ ਰਹਿਣਾ ਸੰਭਵ ਨਹੀਂ ਹੈ। ਇਹ ਤਾਂ ਹੋ ਨਹੀਂ ਸਕਦਾ ਕਿ ਰਹਿਣ ਇਸ ਪਿੰਡ ਵਿੱਚ ਅਤੇ ਕੰਮ ਕਰਨ ਦੂਜੇ ਪਿੰਡ ਵਿੱਚ। ਪਰ ਜਦੋਂ ਨੌਜਵਾਨ ਚਮਾਰ ਆਪਣੀ ਗੱਲ ਉੱਤੇ ਅੜ ਗਏ ਤਾਂ ਬਾਬਾ ਫੱਤਾ ਉਹਨਾਂ ਨੂੰ ਸਮਝਾਉਂਦਾ ਹੋਇਆ ਬੋਲਿਆ:

"ਪੁਤਰੋ, ਇਹ ਵੀ ਤਾਂ ਸੋਚੋ ਕਿ ਦਸ ਦਿਨ ਕੰਮ ਨਾ ਮਿਲਿਆ ਤਾਂ ਖਾਵਾਂਗੇ ਕਿੱਥੋਂ। ਤੁਸੀਂ ਕੰਮ ਕਰੋ ਜਾਂ ਨਾ ਕਰੋ ਪਰ ਢਿੱਡ ਤਾਂ ਰੋਟੀ ਮੰਗੂਗਾ ਹੀ।"

"ਬਾਹਰ ਜਾ ਕੇ ਮਿਹਨਤ ਮਜ਼ਦੂਰੀ ਕਰ ਲਵਾਂਗੇ।" ਕਈ ਸਾਰੀਆਂ ਅਵਾਜ਼ਾਂ ਇਕੱਠੀਆਂ ਹੀ ਆਈਆਂ।

"ਤੁਸੀਂ ਹਾਲੇ ਬੱਚੇ ਹੋ, ਤੁਸੀਂ ਦੁਨੀਆ ਨਹੀਂ ਦੇਖੀ। ਚੋਰਾਂ ਦੇ ਚੋਰ ਯਾਰ ਅਤੇ ਜੱਟਾਂ ਦੇ ਜੱਟ ਯਾਰ... ਤੁਹਾਨੂੰ ਦੂਸਰੇ ਪਿੰਡ ਵਿੱਚ ਕਿਸੇ ਨੇ ਕੰਮ ਨਹੀਂ ਦੇਣਾ। ਫਿਰ ਦੂਸਰੇ ਪਿੰਡਾਂ ਵਿੱਚ ਵੀ ਤਾਂ ਚਮਾਰ ਰਹਿੰਦੇ ਹਨ। ਉਹਨਾਂ ਦੀ ਥਾਂ ਤੁਸੀਂ ਕੰਮ ਕਰੋਗੇ ਤਾਂ ਉਹ ਕਿੱਥੇ ਜਾਣਗੇ?" ਬਾਬੇ ਫੱਤੇ ਨੇ ਕਿਹਾ।

"ਘਾਹ ਖੋਤ ਕੇ ਵੇਚਾਂਗੇ।"

"ਘਾਹ ਅਸਮਾਨ 'ਤੇ ਤਾਂ ਖੋਤੋਗੇ ਨਹੀਂ... ਚੌਧਰੀ ਆਪਣੀ ਜ਼ਮੀਨ 'ਤੇ ਘਾਹ ਨਹੀਂ ਖੋਤਣ ਦੇਣਗੇ ਤਾਂ ਕੀ ਕਰੋਗੇ?"

"ਭੁੱਖੇ ਰਹਿ ਕੇ ਦਿਨ ਕੱਟ ਲਵਾਂਗੇ।"

"ਤੁਹਾਡੀ ਮਰਜ਼ੀ।" ਬਾਬੇ ਫੱਤੇ ਨੇ ਨਿਰਾਸ਼ ਅਵਾਜ਼ ਵਿੱਚ ਕਿਹਾ।

ਡਾਕਟਰ ਦਾ ਮਨ ਇਹ ਸੋਚ ਕੇ ਖੁਸ਼ ਹੋ ਗਿਆ ਕਿ ਪ੍ਰੋਲੇਤਾਰੀ ਵਰਗ ਸੰਘਰਸ਼ ਲਈ ਪੱਕਾ ਇਰਾਦਾ ਕਰੀ ਬੈਠਾ ਹੈ। ਉਹ ਜੋਸ਼ ਵਿੱਚ ਦੋ-ਚਾਰ ਕਦਮ ਹੋਰ ਅੱਗੇ ਵੱਧਦਾ ਹੋਇਆ ਸੋਚਣ ਲੱਗਾ ਕਿ ਜੇ ਇਹਨਾਂ ਨੂੰ ਚੰਗੀ ਲੀਡਰਸ਼ਿੱਪ ਮਿਲ ਜਾਵੇ ਤਾਂ ਇਹਨਾਂ ਦਾ ਸੰਘਰਸ਼ ਸਫਲ ਹੋ ਸਕਦਾ ਹੈ। ਉਹ ਆਪਣੀ ਸੋਚ ਛੱਡ ਕੇ ਫਿਰ ਉਹਨਾਂ ਦੀਆਂ ਗੱਲਾਂ ਸੁਣਨ ਲੱਗਾ। ਹੁਣ ਚਮਾਰਾਂ ਦੇ ਸਾਹਮਣੇ ਇਹ ਸਮੱਸਿਆ ਸੀ ਕਿ ਕੱਲ੍ਹ ਸਵੇਰੇ ਉਹਨਾਂ ਦੀਆਂ ਤੀਵੀਂਆਂ ਚੌਧਰੀਆਂ ਦੀਆਂ ਹਵੇਲੀਆਂ ਵਿੱਚ ਗੋਹਾ ਚੁੱਕਣ ਜਾਣ ਜਾਂ ਨਹੀਂ। ਨੌਜਵਾਨ ਚਮਾਰ ਨਾ ਜਾਣ ਦੇ ਪੱਖ ਵਿੱਚ ਸਨ ਜਦੋਂ ਕਿ ਵੱਡੀ ਉਮਰ ਦੇ ਚਮਾਰ ਚਾਹੁੰਦੇ ਸਨ ਕਿ ਇਕ ਵਾਰ ਜਾਣਾ ਚਾਹੀਦਾ ਹੈ... ਜੇ ਚੌਧਰੀ ਮਨ੍ਹਾਂ ਕਰ ਦੇਣ ਤਾਂ ਉਸ ਤੋਂ ਬਾਅਦ ਬਿਲਕੁਲ ਨਹੀਂ ਜਾਣਾ ਚਾਹੀਦਾ। ਇਸ ਮਾਮਲੇ ਬਾਰੇ ਬਹੁਤ ਚਿਰ ਤੱਕ ਬਹਿਸ ਕਰਨ ਦੇ ਬਾਵਜੂਦ ਉਹ ਕਿਸੇ ਫੈਸਲੇ ਉੱਤੇ ਨਹੀਂ ਪਹੁੰਚ ਰਹੇ ਸਨ।

ਜਦੋਂ ਗੱਲ ਲੰਮੀ ਹੁੰਦੀ ਗਈ ਅਤੇ ਉਹ ਆਪਸ ਵਿੱਚ ਹੀ ਉਲਝਣ ਲੱਗੇ ਤਾਂ ਕਾਲੀ, ਜੋ ਹੁਣ ਤੱਕ ਚੁੱਪ ਸੀ, ਸਾਰਿਆਂ ਨੂੰ ਸ਼ਾਂਤ ਕਰਦਾ ਹੋਇਆ ਬੋਲਿਆ:

"ਦੇਖੋ ਰੌਲਾ ਪਾਉਣ ਦਾ ਕੋਈ ਫਾਇਦਾ ਨਹੀਂ। ਚੌਧਰੀਆਂ ਦੀ ਜ਼ਿਆਦਤੀ ਦੇ ਅੱਗੇ ਬਿਲਕੁਲ ਨਹੀਂ ਝੁਕਣਾ ਚਾਹੀਦਾ ਪਰ ਸਾਨੂੰ ਪਹਿਲ ਨਹੀਂ ਕਰਨੀ ਚਾਹੀਦੀ। ਅੱਜ ਵੀ ਉਹਨਾਂ ਨੇ ਪਹਿਲ ਕੀਤੀ ਹੈ। ਕੱਲ੍ਹ ਨੂੰ ਵੀ ਉਹਨਾਂ ਨੂੰ ਪਹਿਲ ਕਰਨ ਦੇਵੋ।"

ਕਾਲੀ ਦੇ ਸਮਝਾਉਣ-ਬੁਝਾਉਣ ਨਾਲ ਬੰਤੂ, ਸੰਤੂ ਆਦਿ ਮੰਨ ਗਏ। ਜਦੋਂ ਇਹ ਐਲਾਨ ਕੀਤਾ ਕਿ ਕੱਲ੍ਹ ਸਵੇਰੇ ਮੁਹੱਲੇ ਦੀਆਂ ਤੀਵੀਂਆਂ ਹਰ ਰੋਜ਼ ਵਾਂਗੂ ਚੌਧਰੀਆਂ ਦੀਆਂ ਹਵੇਲੀਆਂ ਵਿੱਚ ਕੰਮ-ਕਾਜ ਕਰਨ ਜਾਣਗੀਆਂ, ਤਾਂ ਡਾਕਟਰ ਸਟਪਟਾ ਉੱਠਿਆ। ਉਹਨੂੰ ਗੁੱਸਾ ਆ ਰਿਹਾ ਸੀ ਕਿ ਕਾਲੀ ਨੇ ਚਮਾਰਾਂ ਦਾ ਇਨਕਲਾਬੀ ਜੋਸ਼ ਠੰਢਾ ਕਰ ਦਿੱਤਾ ਹੈ। ਉਹ ਸੋਚਣ ਲੱਗਾ ਕਿ ਸ਼ਹਿਰ ਵਿੱਚ ਚਾਰ ਪੈਸੇ ਕਮਾ ਲੈਣ ਬਾਅਦ ਉਹ ਕੁੱਝ ਬੁਰਜ਼ਵਾ ਵਿਚਾਰਾਂ ਦਾ ਹੋ ਗਿਆ ਹੈ।

ਚਗਾਨ ਵਿੱਚੋਂ ਬੱਚੇ ਅਤੇ ਔਰਤਾਂ ਖਿੰਡਰਨ ਲੱਗੀਆਂ ਤਾਂ ਡਾਕਟਰ ਬਾਹਰ ਖੂਹ ਦੇ ਕੋਲ ਆ ਗਿਆ। ਉਹ ਚੋਅ ਵੱਲ ਜਾਂਦਾ ਪਰ ਥੋੜ੍ਹੇ ਹੀ ਸਮੇਂ ਪਿੱਛੋਂ ਫਿਰ ਮੁੜ ਆਉਂਦਾ। ਉਹ ਕਾਲੀ ਦੀ ਉਡੀਕ ਵਿੱਚ ਸੀ ਕਿ ਉਹ ਏਧਰ ਆਵੇ ਤਾਂ ਉਹਦੇ ਨਾਲ ਗੱਲ ਕਰੇ ਅਤੇ ਉਹਦੇ ਅੰਦਰ ਇਨਕਲਾਬੀ ਸਪਿਰਟ ਭਰੇ।

ਕੁਛ ਦੇਰ ਬਾਅਦ ਖੂਹ ਉੱਤੇ ਲੋਕਾਂ ਦਾ ਆਉਣਾ-ਜਾਣਾ ਸ਼ੁਰੂ ਹੋ ਗਿਆ। ਡਾਕਟਰ ਕੁੱਝ ਦੂਰ ਖੇਤਾਂ ਵਿੱਚ ਜਾ ਕੇ ਬੈਠ ਗਿਆ ਅਤੇ ਕਾਲੀ ਦੀ ਉਡੀਕ ਕਰਨ ਲੱਗਾ। ਉਹ ਇਹ ਨਹੀਂ ਚਾਹੁੰਦਾ ਸੀ ਕਿ ਕਿਸੇ ਨੂੰ ਇਹ ਅਹਿਸਾਸ ਹੋਵੇ ਕਿ ਉਹ ਕਾਲੀ ਦੀ ਉਡੀਕ ਕਰ ਰਿਹਾ ਸੀ। ਉਹ ਇਹ ਵੀ ਚਾਹੁੰਦਾ ਸੀ ਕਿ ਕਾਲੀ ਦੇ ਨਾਲ ਉਹਦੀ ਮੁਲਾਕਾਤ ਨੂੰ ਬਾਕੀ ਲੋਕ ਸਹਿਜਭਾਵ ਨਾਲ ਹੀ ਲੈਣ। ਕਾਲੀ ਜਦੋਂ ਖੂਹ ਉੱਤੇ ਆਇਆ ਤਾਂ ਡਾਕਟਰ ਖੇਤਾਂ ਵਿੱਚੋਂ ਨਿਕਲ ਕੇ ਹੌਲੀ-ਹੌਲੀ ਕਦਮ ਪੁੱਟਦਾ ਉਹਦੇ ਵੱਲ ਨੂੰ ਤੁਰ ਪਿਆ।

ਜਦੋਂ ਉਹ ਖੂਹ ਦੇ ਨੇੜੇ ਪਹੁੰਚਿਆ ਤਾਂ ਕਾਲੀ ਨਹਾ ਕੇ ਆਪਣਾ ਸਾਫਾ ਨਿਚੋੜ ਰਿਹਾ ਸੀ। ਉਹਨੂੰ ਦੇਖਦਿਆਂ ਹੀ ਕਾਲੀ ਨੇ ਬੰਦਗੀ ਕੀਤੀ ਤਾਂ ਡਾਕਟਰ ਰੁਕ ਗਿਆ ਅਤੇ ਸਹਿਜ ਅਵਾਜ਼ ਵਿੱਚ ਬੋਲਿਆ:

"ਸੁਣਾਉ ਡਾਕਟਰ ਜੀ," ਕਾਲੀ ਬਾਲਟੀ ਚੁੱਕ ਕੇ ਉਹਦੇ ਵੱਲ ਵੱਧ ਗਿਆ।

"ਅੱਜ ਚੌਧਰੀਆਂ ਅਤੇ ਤੁਹਾਡੀ ਲੜਾਈ ਕਿੱਦਾਂ ਹੋ ਗਈ?"

"ਤੁਹਾਨੂੰ ਪਤਾ ਨਹੀਂ?" ਕਾਲੀ ਨੇ ਹੈਰਾਨੀ ਨਾਲ ਪੁੱਛਿਆ ਅਤੇ ਫਿਰ ਡਾਕਟਰ ਨੂੰ ਪੂਰੀ ਗੱਲ ਦੱਸ ਦਿੱਤੀ। ਡਾਕਟਰ ਲੰਮੀ ਜਿਹੀ ਹੂੰ ਬਾਅਦ ਬੋਲਿਆ:

"ਸਰਮਾਏਦਾਰ ਅਤੇ ਜ਼ਿਮੀਂਦਾਰ ਹਮੇਸ਼ਾਂ ਤੋਂ ਹੀ ਮਿਹਨਤਕਸ਼ ਅਤੇ ਪ੍ਰੋਲੇਤਾਰੀ ਤਬਕੇ 'ਤੇ ਜ਼ੁਲਮ ਕਰਦੇ ਆਏ ਹਨ, ਉਹਨੂੰ ਐਕਸਪਲਾਇਟ ਕਰਦੇ ਰਹੇ ਹਨ। ਪਰ ਜਦੋਂ ਪ੍ਰੋਲੇਤਾਰੀ ਤਬਕੇ ਵਿੱਚ ਇਨਕਲਾਬੀ ਸਪਿਰਟ ਜਾਗ ਉੱਠਦੀ ਹੈ ਤਾਂ ਉਹ ਹੜ੍ਹ ਬਣ ਕੇ ਇਹਨਾਂ ਤਾਕਤਾਂ ਨੂੰ ਤੀਲਿਆਂ ਦੀ ਤਰ੍ਹਾਂ ਰੋੜ ਕੇ ਲੈ ਜਾਂਦੀ ਹੈ।"

ਕਾਲੀ ਜਿਉਂ ਜਿਉਂ ਚੌਧਰੀਆਂ ਦੀਆਂ ਜ਼ਿਆਦਤੀਆਂ ਦਾ ਜ਼ਿਕਰ ਕਰ ਰਿਹਾ ਸੀ, ਡਾਕਟਰ ਦਾ ਜੋਸ਼ ਵੱਧਦਾ ਜਾ ਰਿਹਾ ਸੀ। ਉਹ ਕਾਲੀ ਨੂੰ ਟੋਕਦਾ ਹੋਇਆ ਬੋਲਿਆ:

"ਮੈਨੂੰ ਸਾਰਾ ਪਤਾ ਹੈ। ਮਹਾਸ਼ੇ ਦੀ ਦੁਕਾਨ 'ਤੇ ਸਾਰੀਆਂ ਗੱਲਾਂ ਮੇਰੇ ਸਾਹਮਣੇ ਹੋਈਆਂ ਹਨ। ਪਿੰਡ ਦੇ ਜ਼ਿਮੀਂਦਾਰਾਂ ਦੇ ਨਾਲ ਪਿੰਡ ਦੇ ਸਰਮਾਏਦਾਰ ਵੀ ਮਿਲ ਗਏ ਹਨ। ਪਰ ਯਕੀਨ ਰੱਖੋ ਜਿੱਤ ਪ੍ਰੋਲੇਤਾਰੀ ਤਬਕੇ ਦੀ ਹੀ ਹੋਊਗੀ। ਬੱਸ ਤੁਹਾਨੂੰ ਚੰਗੀ ਲੀਡਰਸ਼ਿੱਪ ਦੀ ਜ਼ਰੂਰਤ ਹੈ। ਉਹਦਾ ਬੰਦੋਬਸਤ ਮੈਂ ਕਰ ਦਊਂਗਾ।"

ਡਾਕਟਰ ਵਿਸ਼ਨਦਾਸ ਕਾਲੀ ਨੂੰ ਸ਼ਾਮ ਨੂੰ ਮਿਲਣ ਦਾ ਵਚਨ ਦੇ ਕੇ ਤੇਜ਼-ਤੇਜ਼ ਕਦਮ ਪੁੱਟਦਾ ਕੰਧਾਲੇ ਵੱਲ ਨੂੰ ਤੁਰ ਪਿਆ। ਉੱਥੇ ਉਹਦਾ ਦੋਸਤ ਅਤੇ ਇਲਾਕੇ ਦਾ ਸਭ ਤੋਂ ਪੁਰਾਣਾ ਕਾਮਰੇਡ ਟਹਿਲ ਸਿੰਘ ਰਹਿੰਦਾ ਸੀ। ਡਾਕਟਰ ਚਾਹੁੰਦਾ ਸੀ ਕਿ ਘੋੜੇਵਾਹੇ ਦੇ ਚਮਾਰਾਂ ਦੇ ਜਮਾਤੀ ਸੰਘਰਸ਼ ਦੀ ਅਗਵਾਈ ਪਾਰਟੀ ਦੇ ਹੱਥ ਆ ਜਾਵੇ। ਉਹ ਆਪ ਇਸ ਲਈ ਸਾਹਮਣੇ ਨਹੀਂ ਆਉਣਾ ਚਾਹੁੰਦਾ ਸੀ ਕਿਉਂਕਿ ਉਹਦੇ ਆਪਣੇ ਪਿੰਡ ਦਾ ਮਾਮਲਾ ਸੀ। ਟਹਿਲ ਸਿੰਘ ਦੂਜੇ ਪਿੰਡ ਦਾ ਰਹਿਣ ਵਾਲਾ ਸੀ ਅਤੇ ਦੂਜਾ ਜੱਟ ਸੀ। ਪਿੰਡ ਵਾਲਿਆਂ ਨੂੰ ਪਤਾ ਵੀ ਲੱਗ ਗਿਆ ਤਾਂ ਉਹ ਉਹਦਾ ਕੁੱਝ ਨਹੀਂ ਵਿਗਾੜ ਸਕਣਗੇ।

ਡਾਕਟਰ ਵਿਸ਼ਨਦਾਸ ਨੂੰ ਕਾਮਰੇਡ ਟਹਿਲ ਸਿੰਘ ਘਰ ਹੀ ਮਿਲ ਗਿਆ। ਦੋਵਾਂ ਨੇ ਮੁੱਕਾ ਦਿਖਾ ਕੇ ਇਕ ਦੂਜੇ ਨੂੰ ਲਾਲ ਸਲਾਮ ਕੀਤਾ ਅਤੇ ਹਾਲਚਾਲ ਪੁੱਛ ਕੇ ਮੰਜੇ ਉੱਤੇ ਬਹਿ ਗਏ। ਟਹਿਲ ਸਿੰਘ ਅੱਧਖੜ ਉਮਰ ਦਾ ਤਿਰਛੀ ਦਾੜ੍ਹੀ ਵਾਲਾ ਸਿੱਖ ਸੀ। ਉਹਨੇ ਡਾਕਟਰ ਨੂੰ ਚਾਹ-ਪਾਣੀ ਪੁੱਛਿਆ ਤਾਂ ਉਹ ਉਤੇਜਿਤ ਅਵਾਜ਼ ਵਿੱਚ ਬੋਲਿਆ:

"ਚਾਹ-ਪਾਣੀ ਕਿਹਨੂੰ ਸੁੱਝਦਾ? ਸਾਡੇ ਪਿੰਡ 'ਚ ਅੱਜ ਜ਼ਬਰਦਸਤ ਲੜਾਈ ਹੋ ਗਈ ਹੈ।"

"ਕੀ ਹੋ ਗਿਆ?" ਟਹਿਲ ਸਿੰਘ ਨੇ ਬੇਚੈਨੀ ਨਾਲ ਪੁੱਛਿਆ।

"ਚਮਾਰਾਂ ਅਤੇ ਚੌਧਰੀਆਂ ਦੀ ਲੜਾਈ ਹੋ ਗਈ।"

"ਇਹ ਤਾਂ ਰੋਜ਼ ਦੀ ਗੱਲ ਹੈ।" ਟਹਿਲ ਸਿੰਘ ਨੇ ਹੱਸਦਿਆਂ ਕਿਹਾ।

"ਇਹ ਉਦਾਂ ਦੀ ਲੜਾਈ ਨਹੀਂ ਹੈ। ਦੋਵੇਂ ਧਿਰਾਂ ਨੇ ਇਕ ਦੂਜੇ ਦਾ ਬਾਈਕਾਟ ਕਰ ਦਿੱਤਾ ਹੈ।" ਡਾਕਟਰ ਦਾ ਜੋਸ਼ ਹੋਰ ਵੀ ਵੱਧ ਗਿਆ।

ਡਾਕਟਰ ਵਿਸ਼ਨਦਾਸ ਝਗੜੇ ਦਾ ਵਿਸਥਾਰ ਨਾਲ ਬਿਆਨ ਕਰਨ ਲੱਗਾ। ਟਹਿਲ ਸਿੰਘ ਬਹੁਤ ਧਿਆਨ ਨਾਲ ਸੁਣਦਾ ਰਿਹਾ। ਜਦੋਂ ਡਾਕਟਰ ਨੇ ਆਪਣਾ ਮਕਸਦ ਦੱਸਿਆ ਤਾਂ ਉਹ ਸੋਚ ਵਿੱਚ ਪੈ ਗਿਆ ਅਤੇ ਗੰਭੀਰ ਅਵਾਜ਼ 'ਚ ਬੋਲਿਆ:

"ਇਹਨਾਂ ਚਮਾਰਾਂ ਦਾ ਕੋਈ ਭਰੋਸਾ ਨਹੀਂ ਹੈ। ਪਹਿਲਾਂ ਆਕੜਦੇ ਹਨ ਅਤੇ ਫਿਰ ਝੱਗ ਵਾਂਗ ਬਹਿ ਜਾਂਦੇ ਹਨ।"

"ਏਦਾਂ ਦੀ ਗੱਲ ਨਹੀਂ। ਮਾਮਲਾ ਬਹੁਤ ਸੰਗੀਨ ਹੈ। ਪਿੰਡ ਦੇ ਦੁਕਾਨਦਾਰ ਵੀ ਚੌਧਰੀਆਂ ਦਾ ਸਾਥ ਦੇ ਰਹੇ ਹਨ। ਪਿੰਡ ਦੇ ਮਿਹਨਤਕਸ਼ਾਂ ਵਿਰੁੱਧ ਜ਼ਿਮੀਂਦਾਰ ਅਤੇ ਬੁਰਜੂਆ ਦੋਨੋਂ ਮਿਲ ਗਏ ਹਨ।"

ਟਹਿਲ ਸਿੰਘ ਅਤੇ ਡਾਕਟਰ ਵਿਸ਼ਨਦਾਸ ਗੱਲਾਂ ਕਰਦੇ ਕਰਦੇ ਉੱਠ ਖੜ੍ਹੇ ਹੋਏ ਅਤੇ ਦੋਵੇਂ ਪਿੰਡਾਂ ਦੇ ਵਿਚਕਾਰ ਚੋਅ ਦੇ ਕੰਢੇ ਟਾਹਲੀਆਂ ਦੀ ਝਿੜੀ ਵਿੱਚ ਆ ਬੈਠੇ। ਬਹੁਤ ਸੋਚ ਵਿਚਾਰ ਬਾਅਦ ਦੋਵੇਂ ਇਸ ਫੈਸਲੇ 'ਤੇ ਪਹੁੰਚੇ ਕਿ ਉਹਨਾਂ ਦੀ ਸਹਾਇਤਾ ਲਈ ਹਨ੍ਹੇਰਾ ਹੋਣ ਬਾਅਦ ਉਹਦੀ ਦੁਕਾਨ ਵਿੱਚ ਮੀਟਿੰਗ ਕੀਤੀ ਜਾਵੇ। ਕਾਲੀ, ਬੰਤੂ ਅਤੇ ਸੰਤੂ ਨੂੰ ਸੱਦਿਆ ਜਾਵੇ। ਓਮਾ ਅਤੇ ਉੱਚੇ ਮਹੱਲੇ ਵਾਲਾ ਚੰਨਣ ਸਿੰਘ ਵੀ ਆ ਜਾਣਗੇ।

ਡਾਕਟਰ ਵਿਸ਼ਨਦਾਸ ਨੇ ਓਮੇ ਅਤੇ ਚੰਨਣ ਸਿੰਘ ਨੂੰ ਸੂਰਜ ਛਿਪਣ ਤੋਂ ਪਹਿਲਾਂ ਹੀ ਸੱਦ ਲਿਆ। ਉਹ ਕਾਲੀ ਅਤੇ ਟਹਿਲ ਸਿੰਘ ਨੂੰ ਉਡੀਕਦਾ ਓਮੇ ਅਤੇ ਚੰਨਣ ਸਿੰਘ ਨੂੰ ਦੇਸ਼ ਵਿੱਚ ਘਟਣ ਵਾਲੀਆਂ ਇਨਕਲਾਬੀ ਘਟਨਾਵਾਂ ਦੇ ਬਾਰੇ ਸਮਝਾਉਣ ਲੱਗਾ ਕਿ ਕਿਸ ਤਰ੍ਹਾਂ ਦੇਸ਼ ਦੇ ਖੂੰਜੇ-ਖੂੰਜੇ ਵਿੱਚ, ਦੂਰ-ਦੂਰ ਦੇ ਸੂਬਿਆਂ ਵਿੱਚ, ਪਿੰਡਾਂ ਅਤੇ ਸ਼ਹਿਰਾਂ ਵਿੱਚ ਪ੍ਰੋਲੇਤਾਰੀ ਅਤੇ ਇਨਕਲਾਬੀ ਤਾਕਤਾਂ ਸਰਮਾਏਦਾਰਾਂ ਦੇ ਛੱਡਯੰਤਰ ਨੂੰ ਅਸਫਲ ਬਣਾ ਕੇ ਇਨਕਲਾਬ ਨੂੰ ਨੇੜੇ ਲਿਆ ਰਹੀਆਂ ਹਨ।

ਟਹਿਲ ਸਿੰਘ ਦੇ ਆਉਣ 'ਤੇ ਡਾਕਟਰ ਚੁੱਪ ਹੋ ਗਿਆ। ਟਹਿਲ ਸਿੰਘ ਤਿੰਨਾਂ ਨੂੰ ਜਮਾਤੀ ਸੰਘਰਸ਼ ਦਾ ਢੰਗ, ਰੂਸ ਦੇ ਵੱਡੇ ਇਨਕਲਾਬ ਦੀਆਂ ਉਦਾਹਰਨਾਂ ਦੇ ਕੇ ਸਮਝਾਉਣ ਲੱਗਾ। ਟਹਿਲ ਸਿੰਘ ਬੋਲਦਾ ਬੋਲਦਾ ਥੱਕ ਗਿਆ ਅਤੇ ਓਮਾ ਸੁਣਦਾ ਸੁਣਦਾ ਊਂਘਣ ਲੱਗਾ ਤਾਂ ਡਾਕਟਰ ਨੂੰ ਅਹਿਸਾਸ ਹੋਇਆ ਕਿ ਹਨ੍ਹੇਰਾ ਡੂੰਘਾ ਹੋ ਗਿਆ ਹੈ। ਟਹਿਲ ਸਿੰਘ ਤਿਲੀ ਦੇ ਫੁੱਲਾਂ ਵਾਂਗ ਅਸਮਾਨ ਵਿੱਚ ਫੈਲੇ ਹੋਏ ਤਾਰਿਆਂ ਨੂੰ ਦੇਖ ਕੇ ਚਿੰਤਿਤ ਅਵਾਜ਼ ਵਿੱਚ ਬੋਲਿਆ:

"ਕਾਮਰੇਡ, ਤੇਰੇ ਬੰਦੇ ਅਜੇ ਤੱਕ ਨਹੀਂ ਆਏ..." ਅਤੇ ਫਿਰ ਉਹ ਫੈਸਲਾਕੁੰਨ ਅਵਾਜ਼ ਵਿੱਚ ਬੋਲਿਆ:

"ਕਾਮਰੇਡ, ਚਮਾਰਾਂ ਨੂੰ ਮੈਂ ਚੰਗੀ ਤਰ੍ਹਾਂ ਜਾਣਦਾ ਹਾਂ। ਇਹਨਾਂ ਲੋਕਾਂ ਵਿੱਚ ਜੱਦੋਜਹਿਦ ਕਰਨ ਦਾ ਦਮ ਹੈ ਨਹੀਂ। ਜ਼ੋਰਾਵਰ ਜਮਾਤ ਨਾਲ ਦਸਤ-ਪੰਜਾ ਲੈਣ ਲਈ ਬਹੁਤ ਹੌਂਸਲਾ ਚਾਹੀਦਾ।"

"ਕਾਮਰੇਡ, ਤੇਰੀ ਗੱਲ ਠੀਕ ਹੈ, ਪਰ ਕਾਲੀ ਹੌਂਸਲੇ ਵਾਲਾ ਜਵਾਨ ਹੈ। ਉਹ ਛੇ ਸਾਲ ਸ਼ਹਿਰ ਵਿੱਚ ਵੀ ਰਹਿ ਆਇਆ ਹੈ। ਇਸ ਟੱਕਰ ਵਿੱਚ ਸਾਨੂੰ ਚਮਾਰਾਂ ਵਿੱਚ ਕੇਡਰ ਲੱਭਣ ਅਤੇ ਤਿਆਰ ਕਰਨ ਦਾ ਮੌਕਾ ਮਿਲੂਗਾ। ਸਾਡੇ ਸੈੱਲ ਵਿੱਚ ਜੱਟ, ਖੱਤਰੀ, ਬਾਹਮਣ... ਸਾਰੀਆਂ ਜਾਤਾਂ ਦੇ ਕਾਮਰੇਡ ਹਨ ਪਰ ਚਮਾਰ ਇਕ ਵੀ ਨਹੀਂ ਹੈ।" ਡਾਕਟਰ ਨੇ ਕਿਹਾ।

ਕਾਫੀ ਦੇਰ ਤੱਕ ਉਡੀਕ ਕਰਨ ਬਾਅਦ ਵੀ ਜਦੋਂ ਚਮ੍ਹਾਰਲੀ ਵਿੱਚੋਂ ਕੋਈ ਨਾ ਆਇਆ ਤਾਂ ਚੰਨਣ ਸਿੰਘ ਆਪ ਜਾ ਕੇ ਕਾਲੀ ਅਤੇ ਬੰਤੂ ਨੂੰ ਸੱਦ ਲਿਆਇਆ। ਡਾਕਟਰ ਤੋਂ ਇਸ ਮੀਟਿੰਗ ਦਾ ਮਕਸਦ ਸੁਣ ਕੇ ਕਾਲੀ ਨੂੰ ਖੁਸ਼ੀ ਹੋਈ ਕਿ ਉਹਨਾਂ ਦੀ ਸਹਾਇਤਾ ਲਈ ਕੁਝ ਲੋਕ ਤਿਆਰ ਹਨ।

ਉਹਨਾਂ ਨੇ ਗਰਮੀ ਦੇ ਬਾਵਜੂਦ ਬੂਹਾ ਢੋਅ ਲਿਆ। ਉਹ ਇਕ ਮੈਲੇ ਜਿਹੇ ਦੀਵੇ ਦੇ ਆਲੇ ਦੁਆਲੇ ਬੈਠ ਗਏ। ਡਾਕਟਰ ਨੇ ਟਹਿਲ ਸਿੰਘ ਦੀ ਕਾਲੀ ਅਤੇ ਬੰਤੂ ਨਾਲ ਜਾਣ-ਪਛਾਣ ਕਰਵਾਈ। ਥੋੜ੍ਹਾ ਚਿਰ ਤੱਕ ਏਧਰ-ਉੱਧਰ ਦੀਆਂ ਗੱਲਾਂ ਕਰਨ ਬਾਅਦ ਟਹਿਲ ਸਿੰਘ ਨੇ ਉਹਨਾਂ ਨੂੰ, ਵਿਸ਼ੇਸ਼ ਰੂਪ ਵਿੱਚ ਕਾਲੀ ਅਤੇ ਬੰਤੂ ਨੂੰ ਜਮਾਤੀ ਜੱਦੋਜਹਿਦ ਦਾ ਮਹੱਤਵ ਸਮਝਾਇਆ। ਥੋੜ੍ਹੇ ਹੀ ਚਿਰ ਵਿੱਚ ਡਾਕਟਰ, ਟਹਿਲ ਸਿੰਘ ਅਤੇ ਚੰਨਣ ਸਿੰਘ ਚੰਗੀ ਬਹਿਸ ਵਿੱਚ ਉਲਝ ਗਏ। ਦੋਵੇਂ ਸਿਗਰਟ ਫੂਕਦੇ ਹੋਏ ਮਾਰਕਸ, ਐਂਗਲਜ਼, ਲੈਨਿਨ ਅਤੇ ਦੂਸਰੇ ਵੱਡੇ-ਵੱਡੇ ਕਮਿਊਨਿਸਟ ਨੇਤਾਵਾਂ ਦੇ ਹਵਾਲੇ ਦੇ ਰਹੇ ਸਨ। ਓਮਾ ਫਿਰ ਊਂਘਣ ਲੱਗਾ ਸੀ। ਟਹਿਲ ਸਿੰਘ, ਡਾਕਟਰ ਵੱਲ ਉਂਗਲੀ ਕਰਦਾ ਹੋਇਆ ਜੋਸ਼ ਵਿੱਚ ਬੋਲਿਆ:

"ਕਾਮਰੇਡ ਤੇਰੀ ਪਹੁੰਚ ਟ੍ਰਾਟਸਕੀ ਦੀ ਲਾਇਨ ਨਾਲ ਮਿਲਦੀ-ਜੁਲਦੀ ਹੈ।"

ਡਾਕਟਰ ਨੇ ਜਵਾਬ ਵਿੱਚ ਹੋਰ ਕਈ ਨਾਂ ਗਿਣਾ ਦਿੱਤੇ ਅਤੇ ਉਹ ਆਪਣੇ-ਆਪ ਲਾਗੇ ਬੈਠੇ ਲੋਕਾਂ ਨੂੰ ਭੁੱਲ ਕੇ ਫਿਰ ਬਹਿਸ ਵਿੱਚ ਉਲਝ ਗਏ।

ਇਸ ਸਾਰੀ ਬਹਿਸ ਦਾ ਕਾਰਨ ਇਹ ਸੀ ਕਿ ਡਾਕਟਰ ਕਾਲੀ ਦੀ ਇਸ ਗੱਲ ਦਾ ਸਮਰਥਕ ਸੀ ਕਿ ਚਮਾਰਾਂ ਨੂੰ ਜੇ ਫਾਕੇ ਨਾ ਕੱਟਣੇ ਪਏ ਤਾਂ ਉਹ ਬਹੁਤ ਦਿਨਾਂ ਤੱਕ ਜੱਟਾਂ ਦੇ ਬਾਈਕਾਟ ਦਾ ਮੁਕਾਬਲਾ ਕਰ ਸਕਣਗੇ। ਪਰ ਟਹਿਲ ਸਿੰਘ ਦਾ ਵਿਚਾਰ ਸੀ ਕਿ ਕਾਲੀ ਦੀ ਇਹ ਸੋਚ ਪ੍ਰੋਲੇਤਾਰੀ ਸਪਿਰਟ ਦੇ ਉਲਟ ਹੈ ਕਿਉਂਕਿ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਇਹ ਲੋਕ ਕੰਮਚੋਰ ਹਨ। ਇਨਕਲਾਬੀ ਸਪਿਰਟ ਦਾ ਭਾਵ ਇਹ ਹੈ ਕਿ ਫਾਕੇ ਕੱਟ ਕੇ, ਗੋਲੀਆਂ ਖਾ ਕੇ ਅਤੇ ਜਾਨ ਨੂੰ ਤਲੀ 'ਤੇ ਰੱਖ ਕੇ ਸੰਘਰਸ਼ ਕੀਤਾ ਜਾਵੇ।

ਬਹੁਤ ਲੰਮੀ-ਚੌੜੀ ਬਹਿਸ ਬਾਅਦ ਇਹ ਫੈਸਲਾ ਕੀਤਾ ਗਿਆ ਕਿ ਸਭ ਤੋਂ ਪਹਿਲਾਂ ਪਿੰਡ ਵਿੱਚ ਚਮਾਰਾਂ ਦੇ ਹੱਕ ਵਿੱਚ ਪ੍ਰਾਪੇਗੰਢਾ ਕੀਤਾ ਜਾਵੇ। ਬਾਕੀ ਗੱਲਾਂ ਬਾਅਦ ਵਿੱਚ ਸੋਚੀਆਂ ਜਾਣਗੀਆਂ। ਓਮਾ ਇਸ ਵਕਤ ਡੂੰਘੀ ਨੀਂਦ ਵਿੱਚ ਸੁੱਤਾ ਹੋਇਆ ਘਰਾੜੇ ਮਾਰ ਰਿਹਾ ਸੀ। ਡਾਕਟਰ ਨੇ ਉਹਨੂੰ ਬਹੁਤ ਮੁਸ਼ਕਿਲ ਨਾਲ ਜਗਾ ਕੇ ਘਰ ਭੇਜਿਆ। ਟਹਿਲ ਸਿੰਘ ਅਗਲੇ ਦਿਨ ਮਿਲਣ ਦਾ ਵਾਅਦਾ ਕਰਕੇ ਕਾਹਲੀ ਕਾਹਲੀ ਬਾਹਰ ਨਿਕਲ ਗਿਆ।

ਚਮ੍ਹਾਰਲੀ ਵੱਲ ਆਉਂਦਿਆਂ ਬੰਤੂ ਨੇ ਕਾਲੀ ਨੂੰ ਕਿਹਾ:

"ਇਹ ਤਾਂ ਥੁੱਕ ਨਾਲ ਪਕੌੜੇ ਪਕਾਉਂਦੇ ਰਹੇ ਹਨ।"

"ਦੇਖਦਾ ਜਾ, ਸ਼ਾਇਦ ਕੱਲ੍ਹ ਨੂੰ ਤੇਲ ਵੀ ਆ ਜਾਵੇ।" ਕਾਲੀ ਨੇ ਜੁਆਬ ਦਿੱਤਾ ਅਤੇ ਚਮ੍ਹਾਰਲੀ ਵੱਲ ਮੁੜ ਗਿਆ। ●

ਯਾਦਾਂ ਦੇ ਝਰੋਖੇ 'ਚੋਂ

# ਕਿਸਮਤ

## ਮੂਲ ਲੇਖਕਾ: ਗੁਰਮੀਤ ਕੁਬਿਸੇਕ (ਅੰਗਰੇਜ਼ੀ ਵਿੱਚ)

### ਅਨੁਵਾਦ: ਜੋਗਿੰਦਰ ਸ਼ਮਸ਼ੇਰ

ਮੇਰੀ ਮਾਂ ਆਪਣੇ ਸੱਜੇ ਹੱਥ ਦਾ ਦੋਹਰਾ ਅੰਗੂਠਾ ਲੈ ਕੇ ਜੰਮੀ ਸੀ।ਕਿਸੇ ਵੇਲੇ ਉਹ ਇਹ ਕਹਾਣੀ ਦਸਦੀ ਹੁੰਦੀ ਸੀ।ਕਿ ਕਿਵੇਂ ਇਹ ਖ਼ਬਰ ਪਿੰਡੋਂ ਪਿੰਡੀਂ ਫੈਲ ਗਈ ਸੀ। ਇਥੋਂ ਤੀਕਰ ਕਿ ਲੋਕੀਂ ਇਹ ਕਹਿਣ ਲੱਗ ਪਏ ਸਨ, ਕਿ ਖੈਹਿਰਆਂ ਵਿਚ ਇੱਕ ਬੱਚੀ ਨੇ ਜਨਮ ਲਿਆ ਹੈ, ਜਿਸਦਾ ਚਿਹਰਾ ਹੀ ਹੈ ਨਹੀਂ। ਇਸ ਮੂਰਖ਼ਤਾ ਤੇ ਉਸਨੂੰ ਹਾਸਾ ਆ ਜਾਂਦਾ। ਉਂਝ ਜਦੋਂ ਉਹ ਇਹ ਗਲ ਦਸਦੀ ਕਿ ਇੱਕ ਜੋਤਸ਼ੀ ਨੇ ਇਹ ਭਵਿਸ਼ ਬਾਣੀ ਕੀਤੀ ਸੀ ਕਿ ਇਕ ਦਿਨ ਉਹ ਸਫ਼ਰ ਕਰਕੇ ਦੂਰ ਫ਼ਾਸਲੇ ਜਾ ਕੇ ਕਿਸੇ ਥਾਂ ਰਹੇਗੀ। ਮਾਂ ਠੰਡਾ ਸਾਹ ਭਰਦੀ ਤੇ ਕਹਿੰਦੀ "ਜੋ ਉਸਦੀ ਕਿਸਮਤ ਵਿਚ ਹੈ"।ਮੈਨੂੰ ਵਿਸ਼ਵਾਸ ਹੈ ਕਿ ਮੇਰੀ ਮਾਂ ਦਾ ਅੰਗੂਠਾ ਇੱਕ ਦਿਨ ਵੀ ਉਸਦੀ ਉਦਾਸੀ ਦਾ ਕਾਰਨ ਨਹੀਂ ਸੀ ਬਣਿਆ। ਪਰ ਆਪਣੀ ਸਭਿਅਤਾ ਅਤੇ ਪਰਿਵਾਰ ਨੂੰ ਦੂਰ ਪਿੱਛੇ ਛੱਡ ਕੇ ਆਉਣਾ ਜ਼ਰੂਰ ਬਣਿਆ ਹੋਵੇਗਾ।

ਮੇਰੀ ਮਾਂ 1933 ਦੇ ਸਾਲ ਵਿਚ ਕੈਨੇਡਾ ਆਈ ਸੀ। ਕੈਨੇਡਾ ਵਿਚ ਈਸਟ ਇੰਡੀਅਨਾਂ ਨੂੰ ਵੋਟ ਪਾਉਣ ਦੇ ਹੱਕ ਮਿਲਣ ਤੋਂ 14 ਸਾਲ ਪਹਿਲਾਂ ਅਤੇ ਹਿੰਦੋਸਤਾਨ ਨੂੰ ਬਰਤਾਨੀਆਂ ਤੋਂ ਆਜ਼ਾਦੀ ਪਰਾਪਤ ਕਰਨ ਤੋਂ ਵੀ 14 ਸਾਲ ਪਹਿਲਾਂ।

"ਸਟੈਟਿਸ ਕੈਨੇਡਾ" ਅਨੁਸਾਰ 1920-1945 ਵਿਚਕਾਰ ਇੰਡੀਆਂ ਤੋਂ ਕੇਵਲ 675 ਵਿਅਕਤੀ ਹੀ ਕੈਨੇਡਾ ਵਿਚ ਦਾਖ਼ਿਲ ਹੋਏ ਸਨ। ਜਦੋਂ ਮੈਂ ਆਪਣੀ ਮਾਂ ਦੀ ਪਾਸਪੋਰਟ ਤੇ ਫ਼ੋਟੋ ਦੇਖੀ। ਮੈਥੋਂ ਉਹ ਪਛਾਣੀ ਹੀ ਨਾ ਗਈ। ਉਸ ਉਤੇ ਪਾਸਪੋਰਟ ਰੱਖਣ ਵਾਲੇ ਦਾ ਨਾਮ ਮਿਸਿਜ ਗੁਰਬਚਨ ਕੌਰ ਪਤਨੀ ਮੁਣਸ਼ਾ ਸਿੰਘ ਸੀ। ਉਸ ਸਮੇ ਹਿੰਦੋਸਤਾਨ ਵਿਚ ਗੋਤ ਸ਼ਾਇਦ ਹੀ ਕੋਈ ਲਿਖਦਾ ਹੋਵੇ।ਉਂਝ ਮੈਨੂੰ ਇੰਝ ਲੱਗਾ, ਕਿ ਮੇਰੀ ਮਾਂ ਦੀ ਸ਼ਨਾਖ਼ਤ ਅਤੇ ਕਿਸਮਤ ਸੰਪੂਰਨ ਤੌਰ ਤੇ ਮੇਰੇ ਪਿਤਾ ਵਲੋਂ ਉਲੀਕੇ ਜਾਣ ਵਾਲੇ ਰਾਹਾਂ ਨਾਲ ਬੱਝੀ ਹੋਈ ਸੀ। ਉਸਦਾ ਜਨਮ ਅਸਥਾਨ ਪਿੰਡ ਖਹਿਰਾ, ਜ਼ਿਲਾ ਹੋਸ਼ਿਆਰਪੁਰ, ਪੰਜਾਬ ਦਰਜ ਕੀਤਾ ਹੋਇਆ ਸੀ। ਪਾਸਪੋਰਟ ਇਹ ਦਸਦਾ ਸੀ ਕਿ ਉਹ1914 ਵਿਚ ਪੈਦਾ ਹੋਈ ਹੈ। ਨਾ ਮਹੀਨਾ ਦਰਜ ਸੀ ਨਾ ਦਿਨ। ਬਾਅਦ ਦੇ ਪਾਸਪੋਰਟਾਂ ਵਿਚ 19 ਜਨਵਰੀ ਦੀ ਤਾਰੀਖ ਦੀ ਰਚਨਾ ਕੀਤੀ ਗਈ ਸੀ।

ਕੈਨੇਡਾ ਵਿਚ ਕੋਈ ਅਜਿਹਾ ਨਹੀਂ ਸੀ ਹੁੰਦਾ, ਜਿਸਦੀ ਜਨਮ ਮਿਤੀ ਨਾ ਹੋਵੇ। ਹਿੰਦੋਸਤਾਨ ਵਿਚ ਉਦੋਂ ਜਨਮ ਰਜਿਸਟਰਡ ਨਹੀਂ ਸਨ ਹੁੰਦੇ।ਇਸ ਲਈ ਮੇਰੀ ਮਾਂ ਨਹੀਂ ਸੀ ਜਾਣਦੀ ਕਿ ਉਸਦੀ ਸਹੀ ਸਹੀ ਜਨਮ ਤਾਰੀਖ਼ ਕਿਹੜੀ ਹੈ।ਜਨਮ ਮਿਤੀ ਬਾਰੇ ਲੋਕੀਂ ਕਿਆਫ਼ੇ ਲਾਉਂਦੇ ਹੁੰਦੇ ਸੀ, "ਉਦੋਂ ਕਣਕ ਵੱਢ ਰਹੇ ਸੀ" ਜਾਂ "ਉਦੋਂ ਬੜੀ ਠੰਡੀ ਰੁੱਤ ਸੀ"ਆਦਿ ਆਦਿ।

ਮੇਰੀ ਮਾਂ ਉਦੋਂ ਕੇਵਲ 19 ਸਾਲ ਦੀ ਸੀ, ਜਦੋ ਉਸ ਨੇ ਦੇਸ ਛੱਡਿਆ। ਜਿਸਦੇ ਬਾਰੇ ਉਹ ਉਦੋਂ ਕੁਝ ਨਹੀਂ ਜਾਣਦੀ ਸੀ। ਉਸ ਦਾ ਪਾਸਪੋਰਟ 19 ਮਈ 1932 ਨੂੰ ਲਾਹੋਰ ਤੋਂ ਜਾਰੀ ਹੋਇਆ ਸੀ। ਕੈਨੇਡਾ ਦੇ ਇਮੀਗਰੇਸ਼ਨ ਅਤੇ ਕਾਲੋਨਾਈਜੇਸ਼ਨ ਵਿਭਾਗ ਵਲੋਂ ਵੈਨਕੂਵਰ ਤੋਂ 30 ਨਵੰਬਰ 1931 ਨੂੰ ਉਸਦੇ ਪਾਸਪੋਰਟ ਲਈ ਆਗਿਆ ਪਰਦਾਨ ਕੀਤੀ ਗਈ ਸੀ। ਇਹ ਮੇਰੇ ਪਿਤਾ ਨੇ ਪ੍ਰਾਪਤ ਕੀਤੀ ਸੀ। ਉਹ ਕੁਝ ਵਰ੍ਹੇ ਪਹਿਲਾਂ ਕੈਨੇਡਾ ਆਏ ਸਨ, ਅਤੇ ਹੁਣ ਵਿਆਹ ਕਰਵਾਉਣ ਲਈ ਵਾਪਸ ਹਿੰਦੋਸਤਾਨ ਜਾ ਰਹੇ ਸਨ। ਪਾਸਪੋਰਟ ਦੀ ਮਿਆਦ ਮੁੱਕਣ ਦੀ ਤਾਰੀਖ਼ 19 ਮਈ 1937 ਸੀ।ਉਂਝ ਮੇਰੀ ਮਾਂ 1961 ਤੱਕ ਅਰਥਾਤ 28 ਸਾਲ ਬਾਅਦ ਤੱਕ ਹਿੰਦੋਸਤਾਨ ਨਹੀਂ ਗਈ ਸੀ। ਜੇ ਉਹ ਜਾਣਦੀ ਹੁੰਦੀ ਕਿ ਕਿੰਨੇ ਸਖ਼ਤ ਜੀਵਨ ਵਿਚ ਦੀ ਲੰਘਣਾ ਪਵੇਗਾ, ਕੀ ਉਹ ਆਉਂਦੀ?

ਉਸ ਦੇ ਪਾਸਪੋਰਟ ਤੇ ਇੱਕ ਮੋਹਰ ਲੱਗੀ ਹੋਈ ਹੈ। ਜੋ ਪ੍ਰਗਟ ਕਰਦੀ ਹੈ, "4 ਜੁਲਾਈ 1933 ਨੂੰ ਕਲਕੱਤਾ ਪੋਲੀਸ ਵਲੋਂ ਦੇਖਿਆ ਗਿਆ।" ਅਤੇ ਇੱਕ ਹੋਰ ਵੀ ਹੈ ਜੋ ਇਹ ਦਸਦੀ ਹੈ, "6 ਜੁਲਾਈ 1933 ਨੂੰ ਕਲਕੱਤਾ ਵਿਖੇ ਕਿੰਗ ਜਾਰਜਜ ਡਾਕ ਪੋਲੀਸ ਨੇ ਚੈਕਆਊਟ ਕੀਤਾ।" ਇਨ੍ਹਾਂ ਸਾਰੀਆਂ ਮੋਹਰਾਂ ਤੋਂ ਮੈਨੂੰ ਲਗਦਾ ਹੈ, ਕਿ ਕੰਨੇਡਾ ਨੂੰ ਆਉਣ ਦੀ ਸਾਰੀ ਕਾਰਵਾਈ ਬੜੀ ਕਠਿਨ ਹੁੰਦੀ ਸੀ। ਭਾਵੇਂ ਪਾਸਪੋਰਟ ਦੇ ਪਹਿਲੇ ਸਫ਼ੇ ਤੇ ਬਿਆਨ ਸੀ, "ਇਸ ਪਾਸਪੋਰਟ ਰੱਖਣ ਵਾਲੇ ਨੂੰ ਬਗ਼ੈਰ ਕਿਸੇ ਰੁਕਾਵਟ ਦੇ ਆਜ਼ਾਦਾਨਾ ਤੌਰ ਤੇ ਲੰਘਣ ਅਤੇ ਜਾਣ ਦਿੱਤਾ ਜਾਵੇ, ਅਤੇ ਉਸਨੂੰ ਜਦੋਂ ਕੋਈ ਲੋੜ ਪਵੇ,ਹਰ ਸਹਾਇਤਾ ਅਤੇ ਰਖਿਆ ਪਰਦਾਨ ਕੀਤੀ ਜਾਵੇ"। ਕੀ ਮੈਨੂੰ ਇਸ ਨਾਲ ਵਿਸ਼ਵਾਸ ਹੋ ਸਕਦਾ ਹੈ ਕਿ ਮੇਰੀ ਮਾਂ ਜਿਹੜੀ ਨਾ ਪੜ੍ਹ ਸਕਦੀ ਸੀ ਨਾ ਲਿਖ ਸਕਦੀ ਸੀ,ਦੀ ਦੇਖ ਭਾਲ ਹੁੰਦੀ ਰਹਿਣੀ ਸੀ, ਜੇ ਉਹ ਮੇਰੇ ਪਿਤਾ ਦੇ ਨਾਲ ਸਫ਼ਰ ਨਾ ਕਰਦੀ? ਲਗਦਾ ਹੈ ਮੇਰੀ ਮਾਂ ਅਤੇ ਪਿਓ ਨੇ 6 ਜੁਲਾਈ 1933 ਨੂੰ ਕਲਕੱਤੇ ਤੋਂ ਆਪਣਾ ਸਫ਼ਰ ਸੁਰੂ ਕੀਤਾ। ਭਾਵੇਂ ਕੈਸੇ ਹਾਲਾਤ ਹੁੰਦੇ, ਸਫ਼ਰ ਤਾ ਹਰ ਹਾਲਤ ਵਿਚ ਹੀ ਕਠਿਨਾਈਆਂ ਭਰਿਆ ਹੋਣਾ ਸੀ, ਪਰ ਇਸ ਵਿਚ ਵਾਧਾ ਇਹ ਹੋ ਗਿਆ ਕਿ ਮੇਰੀ ਮਾਂ 6 ਮਹੀਨੇ ਤੋਂ ਗਰਭਵਤੀ ਸੀ। ਇਹ ਕੋਈ ਸੈਰ ਸਪਾਟੇ ਵਾਲੇ ਕਰੂਜ਼ ਦਾ ਤਜ਼ਰਬਾ ਤਾਂ ਨਹੀਂ ਸੀ। ਉਨ੍ਹਾਂ ਨੂੰ ਜਹਾਜ਼ ਵਿਚ ਆਪਣਾ ਰੋਟੀ ਟੁੱਕ ਆਪ ਬਣਾਉਣਾ ਪੈਂਦਾ ਸੀ। ਉਹ ਸਾਨੂੰ ਬੱਚਿਆਂ ਨੂੰ ਅਕਸਰ ਦਸਦੀ ਹੁੰਦੀ ਸੀ, ਕਿ ਕਿਸੇ ਨੂੰ ਇਹ ਪ੍ਰਵਾਹ ਹੀ ਨਹੀਂ ਸੀ ਕਿ ਭਾਵੇਂ ਅਸੀਂ ਜੀਉਂਦੇ ਰਹੀਏ ਜਾਂ ਮਰ ਜਾਈਏ। ਇਸ ਉਤੇ ਇੱਕ ਹੋਰ ਮੋਹਰ ਵੀ ਹੈ, ਜਿਹੜੀ ਪ੍ਰਗਟ ਕਰਦੀ ਹੈ ਕਿ ਉਹ 26 ਜੁਲਾਈ 1933 ਨੂੰ ਹਾਂਗ ਕਾਗ ਵਿਚ ਸੀ। ਆਖ਼ਰੀ ਮੋਹਰ "ਲੈਂਡਿਡ ਇਮੀਗਰਾਂਟ ਕੈਨੇਡੀਅਨ ਇਮੀਗਰੇਸ਼ਨ, ਅਗਸਤ 12 1933 ਵਿਕਟੋਰੀਆ, ਬੀ.ਸੀ" ਦੀ ਹੈ। ਮੇਰੇ ਮਾਤਾ ਪਿਤਾ ਵਿਕਟੋਰੀਆ ਮੇਰੀ ਮਾਂ ਦੇ ਭਰਾ ਜਗਤ ਸਿੰਘ ਬੈਂਸ ਕੋਲ ਰਹੇ। ਉਨ੍ਹਾਂ ਦਾ ਘਰ ਉਸ ਇਲਾਕੇ ਵਿਚ ਹੁੰਦਾ ਸੀ, ਜਿੱਥੇ ਹੁਣ ਮੇਅ ਫ਼ੇਅਰ ਮਾਲ ਹੈ। ਅਕਤੂਬਰ 1933 ਵਿਚ ਮੇਰਾ ਵੱਡਾ ਭਰਾ ਸੋਹਣ ਸਿੰਘ ਵਿਕਟੋਰੀਆ ਵਿਖੇ ਪੈਦਾ ਹੋਇਆ। ਉਸਤੋਂ

ਬਾਅਦ ਉਹ ਯੂਬੋ ਦੇ ਲਾਗਿੰਗ ਕੈਂਪ ਵਿਚ ਰਹਿਣ ਚਲੇ ਗਏ। ਜਿੱਥੇ ਮੇਰੇ ਪਿਤਾ ਲੱਕੜ ਦੀ ਮਿੱਲ ਵਿਚ ਕੰਮ ਕਰਦੇ ਸਨ। ਇਹ ਪਾਲਦੀ ਚਲੇ ਜਾਣ ਤੋਂ ਪਹਿਲਾਂ ਦੀ ਗੱਲ ਹੈ।

ਮੇਰੀ ਮਾਂ ਨੇ ਦਸਿਆ, ਕਿ ਪੰਜਾਬ ਦੇ ਖੁੱਲ੍ਹੇ ਮੈਦਾਨਾਂ ਤੋਂ ਬਾਅਦ ਵੈਨਕੂਵਰ ਦੇ ਉੱਚੇ ਉੱਚੇ ਫ਼ਰਾਂ ਦੇ ਰੁੱਖ ਦੇਖ ਕੇ ਉਹ ਚਕ੍ਰਿਤ ਰਹਿ ਜਾਂਦੀ ਸੀ। ਮੇਰੀ ਮਾਂ ਨੂੰ ਨਵੇਂ ਬੱਚੇ, ਨਵੇਂ ਮੁਲਕ, ਅਣਜਾਣੇ ਰੀਤੀ ਰਿਵਾਜ, ਅਤੇ ਵਿਆਹ ਤੋਂ ਪਹਿਲਾਂ ਨਾ ਜਾਣਦੀ ਪਤੀ ਦੇ ਨਾਲ ਰਹਿਣ ਦੇ ਵਾਤਾਵਰਨ ਵਿਚ ਦੀ ਲੰਘਣਾ ਪਿਆ। ਉਸ ਦੌਰ ਦੀਆਂ ਸਾਰੀਆਂ ਪੰਜਾਬੀ ਤੀਵੀਆਂ ਦਾ ਇਹੋ ਸਾਂਝਾ ਤਜਰਬਾ ਸੀ। ਪੰਜਾਬ ਤੋਂ ਆਈਆਂ ਸਾਰੀਆਂ ਦੂਜੀਆਂ ਤੀਵੀਆਂ ਅਨੁਸਾਰ ਉਹ ਆਪਣੀਆਂ ਸਹੇਲੀਆਂ ਦੀ ਸਹਾਇਤਾ ਨਾਲ ਇਸ ਸਥਿਤੀ ਤੇ ਕਾਬੂ ਪਾਉਂਦੀਆਂ ਰਹੀਆਂ। ਜਦ ਮੈਂ 1967 ਵਿਚ ਹਿੰਦੋਸਤਾਨ ਗਈ ਜਿਵੇਂ ਮੇਰਾ ਉੱਥੇ ਵਾਹ ਪਿਆ, ਉਹ ਮੈਨੂੰ ਅਧਿਕ ਲੱਗਾ। ਆਪਣੀ ਮਾਂ ਦੇ ਹਾਲਾਤ ਨੂੰ ਅਪਨਾਉਣ, ਸਿਦਕ ਅਤੇ ਹੌਸਲੇ ਨਾਲ ਮੇਰੇ ਮਨ ਵਿਚ ਉਸਦੀ ਸਲਾਹੁਤ ਲਈ ਹੋਰ ਵਾਧਾ ਹੋਇਆ। ਮੇਰੀ ਮਾਂ ਤੇ ਉਸਦੀ ਮਾਂ ਪੰਜਾਬੀ ਵੀ ਪੜ੍ਹ ਲਿਖ ਨਹੀਂ ਸਕਦੀਆਂ ਸਨ। ਨਤੀਜੇ ਦੇ ਤੌਰ 'ਤੇ ਕੋਈ ਚਿੱਠੀ ਜੋ ਉਨ੍ਹਾ ਨੂੰ ਮਿਲਦੀ ਜਾਂ ਉਹ ਪਾਉਂਦੀਆਂ, ਕਿਸੇ ਤੋਂ ਪੜ੍ਹਾਉਣੀ ਜਾਂ ਲਿਖਵਾਉਣੀ ਪੈਂਦੀ। ਇਵੇਂ ਭੇਦ ਭਰੀਆਂ ਗੱਲਾਂ ਕਿਵੇਂ ਦੱਸੀਆਂ ਜਾ ਸਕਦੀਆਂ ਸਨ? ਟੈਲੀਫੋਨ ਸੰਚਾਰ ਬਾਰੇ ਤਾਂ ਕਿਸੇ ਨੇ ਸੁਣਿਆ ਤੱਕ ਨਹੀਂ ਸੀ। ਸਾਡੇ ਕੋਲ ਮਾਂ ਦੇ ਸਾਕਾਂ ਸੰਬਧੀਆਂ ਜਾਂ ਉਸਦੇ ਭਾਰਤ ਦੇ ਜੀਵਨ ਦੀ ਕੋਈ ਤਸਵੀਰ ਨਹੀਂ । ਜੰਮਣ, ਮਰਨ, ਅਤੇ ਹੋਰ ਜ਼ਰੁਰੀ ਘਟਨਾਵਾਂ ਦੀਆਂ ਖਬਰਾਂ 'ਨੀਲੇ ਦੋ ਵਰਕੇ ਏਅਰੋਗ੍ਰਾਮ' ਤੇ ਲਿਖੀਆਂ ਮਹੀਨਿਆਂ ਬਾਅਦ ਪਹੁੰਚਦੀਆਂ। ਜਿਸਦੀ ਹਰ ਮਿਲਦੀ ਥਾਂ ਤੇ ਕੁਛ ਨਾ ਕੁਛ ਲਿਖਿਆ ਹੁੰਦਾ। ਜਦੋਂ ਕੋਈ ਇੰਡੀਆ ਤੋਂ ਆਉਂਦਾ, ਸਭ ਉਸਨੂੰ ਉਤਸੁਕਤਾ ਨਾਲ ਮਿਲਦੇ। ਮੇਰੇ ਮਾਤਾ ਪਿਤਾ ਸਾਡੇ ਪਿਛੇ ਰਹਿ ਰਹੇ ਪਰਿਵਾਰ ਬਾਰੇ ਉਸਦਾ ਦਸਿਆ ਇੱਕ ਇੱਕ ਕੀਮਤੀ ਸ਼ਬਦ ਬੜੇ ਧਿਆਨ ਨਾਲ ਸੁਣਦੇ। ਮੈਨੂੰ ਅਜਿਹੀਆਂ ਮਿਲਣੀਆਂ ਯਾਦ ਹਨ, ਪਰ ਮੈਂ ਵਾਕਈ ਇਹ ਨਹੀਂ ਜਾਣਦੀ ਸਾਂ ਕਿ ਉਹ ਕਿੰਨੀਆਂ ਮਹੱਤਵ ਪੂਰਨ ਸਨ, ਜਦ ਤੱਕ ਕਿ ਮੈਂ ਬਾਲਗ਼ ਨਹੀਂ ਹੋ ਗਈ। ਮੇਰੀ ਇੱਕ ਸਹੇਲੀ ਹੈ, ਉਹ 19 ਸਾਲ ਦੀ ਸੀ, ਜਦੋਂ ਇਮੀਗਰੇਟ ਹੋਈ। ਆਪਣੀ ਜਨਮ ਭੂਮੀ ਅਤੇ ਆਪਣੇ ਅਪਨਾਏ ਦੇਸ ਦੋਹਾਂ ਵਿਚਕਾਰ ਲੀਰੋ ਲੀਰ ਹੋਈ ਕਹਿੰਦੀ ਹੈ, ਕਿ ਉਹ ਕਿਤੇ ਵੀ ਘਰ ਵਾਂਗ ਮਹਿਸੂਸ ਨਹੀਂ ਕਰਦੀ। ਮੇਰਾ ਖ਼ਿਆਲ ਹੈ, ਹੋ ਸਕਦਾ ਹੈ ਕਿ ਮੇਰੀ ਮਾਂ ਵੀ ਇਵੇਂ ਅਨੁਭਵ ਕਰਦੀ ਹੋਵੇ। ਉਹ 1961 ਵਿਚ ਹਿੰਦੋਸਤਾਨ ਨੂੰ ਵਾਪਸ ਗਈ ਸੀ। ਮੇਰੇ ਛੋਟੇ ਭਰਾ ਡੇਵਿਡ (ਸੁਖਦੇਵ) ਦੇ ਨਾਲ ਜੋ 7 ਸਾਲ ਦਾ ਸੀ। ਉਹ ਦੋ ਸਾਲ ਉਥੇ ਰਹੀ। ਮੇਰਾ ਖ਼ਿਆਲ ਹੈ, ਉਹ ਆਪਣੇ ਦੋਹਾਂ ਦੇਸ਼ਾਂ ਦੇ ਵਿਚਕਾਰ ਲੀਰੋ ਲੀਰ ਹੁੰਦੀ ਰਹੀ ਹੋਣੀ ਹੈ। ਮੇਰੀ ਮਾਂ ਆਪਣੇ ਬਚਪਨ ਬਾਰੇ ਲੰਬਾ ਸਮਾ ਗੱਲਾਂ ਕਰ ਸਕਦੀ ਸੀ। ਉਹ ਆਪਣੇ ਪਿੰਡ ਦੇ ਅੰਬਾਂ ਦੀ ਮਿਠਾਸ ਅਤੇ ਗੰਨਿਆਂ ਦੀਆਂ ਗੱਲਾਂ ਕਰਦੀ ਹੁੰਦੀ ਸੀ ਜੋ ਉਹ ਬਚਪਨ ਵਿਚ ਚੂਪਦੀ ਹੁੰਦੀ ਸੀ। ਅਸੀਂ ਬੱਚਿਆਂ ਨੇ ਆਪਣੀ ਛੋਟੀ ਜਿਹੀ ਜ਼ਿੰਦਗੀ ਵਿਚ ਨਾ ਗੰਨੇ ਦੇਖੇ ਸਨ ਨਾ ਅੰਬ। ਚੂਪਣ ਦੀ ਗਲ ਤਾਂ ਦੂਰ ਦੀ ਰਹੀ। ਮੇਰੀ ਮਾਂ ਦੀਆਂ ਯਾਦਾਂ ਮੇਰੇ ਮਨ ਵਿਚ ਇੱਕ ਅਦਭੁਤ ਅਤੇ ਪੇਂਡੂ ਜੀਵਨ ਦੇ ਗੀਤਾਂ ਜਿਹੇ ਹਿੰਦੋਸਤਾਨ ਦੀ ਸਿਰਜਣਾ ਕਰਦੀਆਂ।



(ਸੱਜੇ ਪਾਸੇ ਖੜ੍ਹੇ: ਬੀਬੀ ਗੁਰਬਚਨ ਕੌਰ - ਅੱਗੇ ਬੇਟੀ ਪਾਲੋ)

ਮੇਰੀਆਂ ਪਹਿਲੀਆਂ ਯਾਦਾਂ ਡੰਕਨ ਦੇ ਬਾਹਰਵਾਰ ਪਾਲਦੀ ਦੀਆਂ ਹਨ। ਜਿੱਥੇ ਮੇਰਾ ਪਰਿਵਾਰ ਲੱਗ ਭੱਗ 18 ਵਰ੍ਹੇ ਰਿਹਾ। ਇਥੋਂ ਦੇ ਵਸਨੀਕਾਂ ਦੀ ਬਹੁ ਗਿਣਤੀ ਈਸਟ ਇੰਡੀਅਨਾਂ ਦੀ ਸੀ। ਇਹ ਬਿਲਕੁਲ ਇਉਂ ਲਗਦਾ ਹੁੰਦਾ ਸੀ, ਜਿਵੇਂ ਕੈਨੇਡਾ ਵਿਚ ਪੰਜਾਬ ਵਿਚਲਾ ਕੋਈ ਕਮਿਊਨਲ ਪਿੰਡ ਹੋਵੇ। ਜਿਹੜੇ ਲੋਕ ਪਾਲਦੀ ਵਿਚ ਜੰਮੇ ਤੇ ਵੱਡੇ ਹੋਏ, ਆਪਣੀ ਬਾਲਗ਼ ਜ਼ਿੰਦਗੀ ਵਿਚ ਵੀ ਆਪਸ ਵਿਚ ਜੁੜੇ ਰਹੇ। ਸਾਡੀਆਂ ਜ਼ਿੰਦਗੀਆਂ ਦਾ ਮੁਖ ਕੇਂਦਰ ਗੁਰਦਵਾਰੇ ਦੇ ਆਲੇ ਦੁਆਲੇ ਸੀ। ਐਤਵਾਰ ਉਥੇ ਗੁਜ਼ਾਰੀ ਦੇ ਸਨ, ਅਤੇ ਮੇਰੇ ਪਿਤਾ ਤੇ ਭੈਣ ਉਥੇ ਹਾਰਮੋਨੀਅਮ ਵਾਜਾ ਵਜਾਉਂਦੇ ਅਤੇ ਸ਼ਬਦ ਕੀਰਤਨ ਕਰਦੇ ਹੁੰਦੇ ਸਨ। ਭੋਗ ਪੈਣ ਤੋਂ ਬਾਅਦ ਹਰ ਕੋਈ ਸ਼ਾਕਾਹਾਰੀ ਲੰਗਰ ਛਕਦਾ ਹੁੰਦਾ ਸੀ, ਜਿਹੜਾ ਕਿ ਤੀਵੀਆਂ ਅਤੇ ਬੰਦੇ ਤਿਆਰ ਕਰਦੇ ਹੁੰਦੇ ਸਨ। ਕੁਝ ਸਮਾਂ ਮੇਰੇ ਪਿਤਾ ਪੰਜਾਬੀ ਵੀ ਪੜ੍ਹਾਉਂਦੇ ਰਹੇ ਅਤੇ ਇੱਕ ਡਰਾਮਾ ਕਲੱਬ ਨਾਲ ਵੀ ਸਬੰਧਤ ਰਹੇ।

ਪਾਲਦੀ ਵਿਚ ਆਪਣੇ ਲੋਕਾਂ ਵਿਚ ਆਪਸੀ ਮੇਲ ਜੋਲ ਅਤੇ ਰਲ ਮਿਲ ਕੇ ਰਹਿਣ ਦਾ ਇਹ ਬੜਾ ਸੁਹਾਵਣਾ ਸਮਾਂ ਸੀ। ਜੇ ਸਾਡੇ ਘਰ ਵਿਚ ਕਿਸੇ ਬੱਚੇ ਨੂੰ ਮਾਂ ਦੀ ਬਣਾਈ ਦਾਲ ਸਬਜ਼ੀ ਪਸੰਦ ਨਾ ਆਉਂਦੀ, ਓਸ ਨੇ ਕਹਿਣਾ, ਕਿ ਨਾਲ ਦੇ ਘਰ ਗੁਆਂਢੀਆਂ ਦੇ ਜਾਹ ਅਤੇ ਦੇਖ ਮਿਸਿਜ਼ ਲਛਮਣ ਕੀ ਪਕਾ ਰਹੀ ਹੈ। ਮੇਰਾ ਖ਼ਿਆਲ ਹੈ, ਮੇਰਾ ਭਰਾ ਸੋਹਣ ਕੁਝ ਵਾਰ ਉਨ੍ਹਾਂ ਦੇ ਗਿਆ ਵੀ। ਮਿਸਿਜ਼ ਲਛਮਣ ਨੇ ਬਹੁਤ ਖ਼ੁਸ਼ੀ ਨਾਲ ਉਸ ਨੂੰ ਜੀ ਆਇਆਂ ਕਿਹਾ, ਅਤੇ ਜੋ ਰਿੱਧਾ ਸੀ ਉਹ ਵੀ ਦਿੱਤਾ।

ਕਈ ਵਾਰ ਛੋਟੀ ਉਮਰ ਦੀ ਬੱਚੀ ਹੋਣ ਕਰਕੇ ਮੈਂ ਗੁਰਦਵਾਰੇ ਸੌਂ ਵੀ ਜਾਣਾ। ਜਾਗਣ ਤੇ ਮੈਨੂੰ ਖਾਣਾ ਪਕਾਉਣ ਵਾਲੀ ਥਾਂ ਤੇ ਲੈ ਜਾਣਾ, ਜਿੱਥੇ ਮੇਰੀ ਮਾਂ ਅਤੇ ਹੋਰ ਤੀਵੀਆਂ ਰਲ ਕੇ ਰੋਟੀਆਂ ਲਾਹੁਦੀਆਂ ਹੁੰਦੀਆਂ ਸਨ। ਗੁਰਦਵਾਰੇ ਵਿਚ ਖਾਣਾ ਪਕਾਉਣ ਸਮੇ ਵਰਤੋਂ ਲਈ ਤੀਵੀਂਆਂ ਚੱਕੀ ਨਾਲ ਮਸਾਲਾ ਪੀਸਦੀਆਂ ਹੁੰਦੀਆਂ ਸਨ। ਵਿਆਹ ਸ਼ਾਦੀਆਂ, ਜਨਮ ਦਿਨਾਂ, ਮਰਨੇ ਦੀਆਂ ਮਾਤਮੀ ਰਸਮਾਂ ਅਤੇ ਜ਼ਿੰਦਗੀ ਦੀਆਂ ਹੋਰ ਦੁਖਾਂਤਕ ਘਟਨਾਵਾਂ ਸੱਚੇ ਦਿਲੋਂ ਸਾਂਝੀਆਂ ਕਰਦੇ ਹੁੰਦੇ ਸਨ। ਮੈਂ ਤਿੰਨ ਕੁ ਸਾਲ ਦੀ ਸਾਂ, ਜਦੋਂ ਮੇਰੇ ਦਾਦਾ ਜੀ ਸਵਰਗਵਾਸ ਹੋ ਗਏ। ਮੈਨੂੰ ਯਾਦ ਹੈ ਕਿ ਉਨ੍ਹਾਂ ਦੀ ਦੇਹ ਦਾ ਸਸਕਾਰ ਲੱਕੜਾਂ ਦੀ ਚਿਤਾ ਵਿਚ ਦਾਗ਼ ਦੇ ਕੇ ਕੀਤਾ ਗਿਆ ਸੀ ਅਤੇ ਬੰਦੇ ਸਾਰੀ ਰਾਤ ਉਥੇ ਧਿਆਨ ਰਖਦੇ ਰਹੇ। ਮੈਨੂੰ ਉਥੇ ਜਾਣ ਦੀ ਆਗਿਆ ਨਹੀਂ ਸੀ ਮਿਲੀ। ਮੇਰੀ ਮਾਂ ਮਹਿਸੂਸ ਕਰਦੀ ਸੀ ਕਿ ਮੈਂ ਬਹੁਤ ਛੋਟੀ ਹਾਂ। ਮੇਰੀ ਭੈਣ ਪਾਲੋ ਮੇਰੇ ਨਾਲੋਂ 11 ਸਾਲ ਵੱਡੀ ਸੀ। ਉਹ ਪਿੱਛੇ ਮੇਰੀ ਦੇਖ ਭਾਲ ਲਈ ਮੇਰੇ ਕੋਲ ਰਹੀ। ਅਸੀਂ ਦੋਵੇਂ ਮਿਓ ਦੇ ਜਨਰਲ ਸਟੋਰ ਦੇ ਬਰਾਂਡੇ ਵਿਚ ਖੜੋ ਕੇ ਦੂਰ ਬਲਦੇ ਸਿਵੇ ਦੀ ਅੱਗ ਦੇਖਦੀਆਂ ਰਹੀਆਂ। ਮੈਨੂੰ ਇਹ ਵੀ ਯਾਦ ਹੈ, ਕਿ ਉਹ ਮੇਰੇ ਤੇ ਖਿਝਦੀ ਸੀ। ਕਿਉਂਕਿ ਉਹ ਮੇਰੇ ਦਾਦਾ ਜੀ -ਪੰਜਾਬ ਸਿੰਘ - ਹੁਰਾਂ ਨੂੰ ਬਹੁਤ ਪਿਆਰ ਕਰਦੀ ਸੀ ਅਤੇ ਉਹ ਅਰਥੀ ਦੇ ਨਾਲ ਜਾਣਾ ਚਾਹੁੰਦੀ ਸੀ। ਅਜਿਹੀਆਂ ਕਈ ਕੁਰਬਾਨੀਆਂ ਵੱਡੀਆਂ ਭੈਣਾਂ ਛੋਟੀਆਂ ਭੈਣਾਂ ਲਈ ਕਰਦੀਆਂ ਹੀ ਹੁੰਦੀਆਂ ਹਨ।

ਮੇਰੀ ਮਾਂ ਇੱਕ ਘਰ ਗਰਿਹਸਤਣ ਮਾਂ ਸੀ। ਉਂਝ ਉਹ ਆਰਾਮ-ਪ੍ਰਸਤ ਇਸਤਰੀ ਨਹੀਂ ਸੀ। ਭਾਵੇਂ ਪੜ੍ਹਾਈ ਲਿਖਾਈ ਵਲੋਂ ਕੋਰੀ ਅਨਪੜ੍ਹ ਸੀ, ਪਰ ਉਹ ਉਣੇ ਹੋਏ ਸੁਆਟਰਾਂ ਜਾਂ ਸਿਲੇ ਹੋਏ ਸੂਟਾਂ ਦੇ ਪੈਟਰਨ ਦੇਖ ਲੈਂਦੀ ਸੀ ਅਤੇ ਫਿਰ ਉਹ ਆਪ ਉਵੇਂ ਦੇ ਤਿਆਰ ਕਰ ਲੈਂਦੀ ਸੀ। ਉਸਦਾ ਆਪਣਾ ਬਹੁਤ ਸਾਰਾ ਸਮਾਂ ਕਰੋਸ਼ੀਏ ਨਾਲ ਕੰਮ, ਸਿਲਾਈ ਕਢਾਈ, ਰੋਟੀ ਟੁੱਕ ਬਣਾਉਣ ਅਤੇ ਵੱਡੇ ਗਾਰਡਨ ਦੀ ਦੇਖ ਭਾਲ ਅਤੇ ਗੁੱਡ ਗੁਡਾਈ ਦੇ ਰੁਝੇਵੇਂ ਵਿਚ ਲੰਘਦਾ। ਇਸਤੋਂ ਬਿਨਾ ਸਾਡੇ ਕੋਲ ਇਕ ਬਹੁਤ ਸੁੰਦਰ ਅਤੇ ਦੁੱਧ ਦੇਣ ਵਾਲੀ ਗਾਂ ਵੀ ਹੁੰਦੀ ਸੀ, ਡੇਜ਼ੀ। ਮੇਰੀ ਮਾਂ ਰੋਜ਼ ਸਵੇਰੇ ਸੁਵਖਤੇ ਉਸਦਾ ਦੁਧ ਚੋਂਦੀ। ਡੇਜ਼ੀ ਸਾਨੂੰ ਦੁੱਧ, ਦਹੀਂ ਅਤੇ ਮੱਖਣ ਪ੍ਰਦਾਨ ਕਰਦੀ। ਮੇਰੀ ਮਾਂ ਤੇ ਭੈਣ ਸਵੇਰੇ ਉਠ ਕੇ ਦੁੱਧ ਰਿੜਕਦੀਆਂ। ਅਨੇਕ ਵਾਰ ਮੇਰੀ ਭੈਣ ਪਾਲੋ ਲੇਕ ਕਾਉਚਨ ਵਿਚਲੇ ਹਾਈ ਸਕੂਲ ਵਿਚ ਪੜ੍ਹਨ ਜਾਣ ਤੋਂ ਪਹਿਲਾਂ ਸਵੇਰੇ ਸੁਵਖਤੇ ਹੀ ਡੇਜ਼ੀ ਦੀ ਧਾਰ ਕੱਢ ਜਾਂਦੀ।ਪਾਲਦੀ ਵਿਚ ਗੁਜ਼ਾਰੇ ਦਿਨਾਂ ਤੋਂ ਲੰਮੇ ਸਮੇ ਪਿੱਛੋਂ ਜਦੋਂ ਉਹ ਕਦੇ ਇਨ੍ਹਾਂ ਦਿਨਾਂ ਦਾ ਜ਼ਿਕਰ ਕਰਦੀ, ਉਹ ਹੱਸਦੀ ਅਤੇ ਕਹਿੰਦੀ "ਮੈਂ ਇਹ ਸੋਚਦੀ ਹਾਂ ਕਿ ਸ਼ਾਇਦ ਸਕੂਲੇ ਮੇਰੇ ਕੋਲੋਂ ਗਾਂ ਦੇ ਗੋਹੇ ਦੀ ਬੋ ਵੀ ਆਉਂਦੀ ਹੋਵੇ"। ਇਉਂ ਹਾਸਾ ਮਸ਼ਕੂਲਾ ਚਲਦਾ ਰਹਿੰਦਾ।

1946 ਵਿਚ ਫ਼ਰਵਰੀ ਦੀ ਇੱਕ ਠੰਡੀ ਸਵੇਰ ਨੂੰ ਮਾਂ ਨੇ ਡੇਜ਼ੀ ਦੀ ਧਾਰ ਕੱਢੀ ਤੇ ਫਿਰ ਮੈਨੂੰ ਜਨਮ ਦੇਣ ਲਈ ਡੰਕਨ ਚਲੀ ਗਈ। ਜਦੋਂ ਮੇਰੇ ਆਪਣੇ ਬੱਚੇ ਹੋਏ, ਮੈਂ ਇਹ ਸੋਚ ਕੇ ਹੈਰਾਨ ਹੋਈ ਕਿ ਮੇਰੀ ਮਾਂ ਨੇ ਉਦੋਂ ਇਸ ਨੂੰ ਕਿਵੇਂ ਲਿਆ ਹੋਵੇਗਾ। ਇਸਤਰੀਆਂ ਜੋ ਔਖਿਆਈਆਂ ਸਹਿਨ ਕਰ ਰਹੀਆਂ ਹਨ, ਉਨ੍ਹਾਂ ਨੂੰ ਕਿਸੇ ਨੇ ਮਾਨਤਾ ਹੀ ਨਹੀਂ ਦਿੱਤੀ। ਮੈਨੂੰ ਯਾਦ ਆ ਰਿਹਾ ਹੈ ਕਿ ਸਖਤ ਠੰਡੀ ਸਰਦ ਰੁੱਤ ਵਿਚ ਇਕ ਦਿਨ ਮੇਰੀ ਮਾਂ ਅਤੇ ਮੇਰੀ ਕਜ਼ਨ ਚਰਨ ਕੌਰ ਸਾਡੇ ਲੱਕੜ ਦੇ ਬਿਨਾ ਪੇਂਟ ਕੀਤੇ ਘਰ ਦੀ ਛੱਤ ਤੇ ਖੜੀਆਂ ਚਿਮਨੀ ਦੀ ਅੱਗ ਬੁਝਾਉਣ ਦਾ ਯਤਨ ਕਰ ਰਹੀਆਂ ਸਨ। ਉਨ੍ਹਾਂ ਨੂੰ ਉਸ ਉਪਰ ਲੰਬੇ ਜੈਂਪਰਾਂ ਅਤੇ ਸਿਰਾਂ ਤੋਂ ਤਿਲਕਦੀਆਂ ਚੁੰਨੀਆਂ ਨਾਲ ਦੇਖਣਾ ਬੜਾ ਆਨੰਦ-ਮਈ ਦਰਿਸ਼ ਸੀ। ਉਂਝ ਕੁਝ ਹਫ਼ਤਿਆਂ ਬਾਅਦ ਸਾਰੇ ਪਿੰਡ ਨੇ ਦੇਖਿਆ ਕਿ ਇਸ ਤੋਂ ਪਹਿਲਾ ਕਿ ਅੱਗ ਬੁਝਾਉਣ ਵਾਲੇ ਟਰੱਕ ਪਹੁੰਚ ਸਕਣ, ਇੱਕ ਘਰ ਜਿਹੜਾ ਬਾਹਰੋਂ ਪੇਂਟ ਕੀਤਾ ਹੋਇਆ ਸੀ ਅੱਗ ਨਾਲ ਸੜ ਕੇ ਧਰਤੀ ਤੇ ਆ ਪਿਆ ਹੈ। ਇਸ ਘਰ ਵਿਚ ਇਕ ਗੋਰਾ ਪਰਿਵਾਰ ਰਹਿੰਦਾ ਸੀ। ਮੈਂ ਇਸ ਲਈ ਕਹਿ ਰਹੀ ਹਾਂ ਕਿ ਘਰ ਪੇਂਟ ਕੀਤਾ ਹੋਇਆ ਸੀ, ਕਿ ਕੇਵਲ ਗੋਰੇ ਹੀ ਆਪਣੇ ਘਰ ਅਤੇ ਟਾਇਲਟਾਂ ਦੇ ਦਰਵਾਜ਼ੇ ਪੇਂਟ ਕਰਦੇ ਸਨ। ਕੁਝ ਹਫ਼ਤਿਆਂ ਬਾਅਦ ਅਸੀਂ ਗੁਰਦਵਾਰੇ ਵਿਚ ਧੰਨਵਾਦ ਦਿਵਸ ਮਨਾਇਆ। ਕਿਉਂਕਿ ਕੋਈ ਵੀ ਅੱਗ ਨਾਲ ਮਰਿਆ ਜਾ ਜ਼ਖ਼ਮੀ ਨਹੀਂ ਸੀ ਹੋਇਆ। ਇੱਕ ਬਲੂੰਗੜਾ ਤੱਕ ਵੀ ਨਹੀਂ। ਸਭ ਅੱਗ ਤੋਂ ਬਚਾ ਲਏ ਗਏ ਸਨ। ਜੇ ਮੇਰੀ ਯਾਦਦਾਸ਼ਤ ਠੀਕ ਹੈ, ਮਿਸਟਰ ਮੇਊ ਪਾਲਦੀ ਦਾ ਮਹਾਨ ਪਿਤਾਮਾ, ਜਿਹੜਾ ਕਿ ਪੰਜਾਬ ਤੋਂ ਸੀ, ਇਹ ਯਕੀਨੀ ਬਣਾਉਂਦਾ ਹੁੰਦਾ ਸੀ, ਕਿ ਪਾਲਦੀ ਵਿਚ ਕੋਈ ਵੀ ਘਰ-ਰਹਿਤ ਨਾ ਹੋਵੇ। ਹਰ ਇਕ ਨੂੰ ਇਹ ਅਹਿਸਾਸ ਸੀ ਕਿ ਅਸੀਂ ਸਭ ਇੱਕ ਕਮਿਊਨਿਟੀ ਹਾਂ।

ਅਗਸਤ 1952 ਵਿਚ ਜਦੋਂ ਮੈਂ ਛੇ ਸਾਲ ਦੀ ਸਾਂ, ਮੇਰੇ ਪਿਤਾ ਜੀ ਨੇ ਸਾਡੇ ਪਰਿਵਾਰ ਨੂੰ ਵਿਕਟੋਰੀਆ ਲੈ ਜਾਣ ਦਾ ਫੈਸਲਾ ਕਰ ਲਿਆ, ਕਿਉਂਕਿ ਪਾਲਦੀ ਦੀ ਮਿੱਲ ਬੰਦ ਹੋ ਗਈ ਸੀ। ਮੈਂ ਤੇ ਮੇਰੀ ਮਾਂ ਬੜਾ ਰੋਈਆਂ ਜਦੋਂ ਡੇਜ਼ੀ ਵੇਚੀ ਗਈ। ਵਿਕਟੋਰੀਆ ਵਿਚ ਰਹਿਣ ਲਈ ਚਲੇ ਜਾਣ ਨਾਲ ਸਾਨੂੰ ਸਭ ਨੂੰ ਸਭਿਆਚਾਰਕ ਮਾਨਸਿਕ ਝਟਕਾ ਲੱਗਾ। ਮੇਰੀ ਵੱਡੀ ਭੈਣ ਪਾਲੋ ਤਾਰਾ ਸਿੰਘ ਸੱਲ ਨਾਲ ਵਿਆਹੀ ਗਈ ਅਤੇ ਉਹ ਜੁਲਾਈ 1952 ਵਿਚ ਨਾਰਥ ਵੈਨਕੂਵਰ ਚਲੇ ਗਏ। ਜਦ ਮੇਰੀ ਵੱਡੀ ਭੈਣ ਸਾਡਾ ਘਰ ਛੱਡ ਗਈ, ਇਹ ਸਾਡੇ ਲਈ ਬਹੁਤ ਵੱਡਾ ਘਾਟਾ ਸੀ।ਉਹ ਆਪਣੇ ਆਪ ਵਿਚ ਅਗਵਾਈ ਕਰਨ ਵਾਲੀ ਕੋਈ ਸ਼ੈ ਸੀ। ਉਹ ਦੋਹਾਂ ਸਭਿਆਚਾਰਾਂ ਵਿਚ ਆਸਾਨੀ ਨਾਲ ਵਿਚਰ ਸਕਦੀ ਸੀ। ਉਹ ਨਾ ਕੇਵਲ ਮੇਰੇ ਪਿਤਾ ਸੰਗ ਜੋ ਉਸ ਦੇ ਅਧਿਆਪਕ ਵੀ ਸਨ, ਗੁਰਦਵਾਰੇ ਵਿਚ ਵਾਜਾ ਵਜਾ ਕੇ ਸ਼ਬਦ ਹੀ ਪੜ੍ਹ ਸਕਦੀ ਸੀ, ਸਗੋਂ ਬੜੀ ਸਰਲਤਾ ਨਾਲ ਪੰਜਾਬੀ ਲਿਖ ਅਤੇ ਪੜ੍ਹ ਵੀ ਸਕਦੀ ਸੀ। ਉਹ ਏਨੀ ਨਿਪੁੰਨ ਸੀ, ਕਿ ਹਿੰਦੋਸਤਾਨ ਵਿਚ ਲੋਕ ਹੈਰਾਨ ਹੁੰਦੇ ਸਨ। ਮੇਰੀ ਭੈਣ ਪੰਜਾਬ ਵਿਚ ਮੇਰੀ ਮਾਂ ਦੇ ਪਰਿਵਾਰ ਨਾਲ ਸਬੰਧ ਜੋੜਨ ਵਾਲੀ ਇਕ ਕੜੀ ਸੀ। ਉਹ ਕੇਵਲ 17 ਸਾਲ ਦੀ ਸੀ ਜਦੋਂ ਉਹ ਸਾਡੇ ਕੋਲੋਂ ਨਾਰਥ ਵੈਨਕੂਵਰ ਚਲੀ ਗਈ ਅਤੇ ਇਕ ਨਵੀਂ ਪਤਨੀ ਦੇ ਤੌਰ ਤੇ ਸਾਰੇ ਘਰੇਲੂ ਕੰਮ ਕਾਜ਼ ਨੂੰ ਸੰਭਾਲਿਆ। ਉਸ ਦੇ ਪਰਿਵਾਰ ਵਿਚ ਉਸ ਦੇ ਪਤੀ ਦੇ ਰਿਸ਼ਤੇਦਾਰ ਵੀ ਸ਼ਾਮਲ ਸਨ। ਇਹ ਸਮਾਂ ਲੱਕੜਾਂ ਬਾਲ ਕੇ ਚੁੱਲ੍ਹਿਆਂ ਅਤੇ ਅੰਗੀਠੀਆਂ ਤੇ ਰੋਟੀ ਟੁੱਕ ਪਕਾਉਣ ਅਤੇ ਹੱਥਾਂ ਨਾਲ ਕਪੜੇ ਧੋਣ, ਨਚੋੜਨ ਦਾ ਸੀ। ਪਾਲੋ ਸੱਚ ਮੁੱਚ ਹੀ ਬੜੀ ਤਕੜੀ ਵਰਕਰ ਸੀ। ਜਦੋਂ ਉਹ 18 ਸਾਲ ਦੀ ਹੋਈ ਉਸਦੇ ਪਹਿਲੇ ਬੱਚੇ ਨੇ ਜਨਮ ਲਿਆ। ਵੀਹਾਂ ਸਾਲਾਂ ਦੀ ਹੁੰਦੀ ਤੀਕਰ ਉਸਦੇ ਦੋ ਕੁੜੀਆਂ ਹੋ ਗਈਆਂ, ਜੈਰੀ ਤੇ ਦਿਲਜੀਤ। ਜਦੋਂ ਉਹ ਲੱਗ ਭਗ 22 ਸਾਲ ਦੀ ਹੋਈ ਉਸ ਨੇ ਫ਼ੈਸਲਾ ਲਿਆ ਕਿ ਉਹ ਕੰਮ ਤੇ ਜਾਇਆ ਕਰੇਗੀ। ਉਸ ਨੇ ਆਪਣੇ ਦੋਂਹ ਬੱਚਿਆਂ ਲਈ ਕੋਈ ਚਾਇਲਡ ਕੇਅਰ ਲੱਭੀ ਅਤੇ ਬੁਰਾਰਡ ਡਰਾਈ ਡਾਕ ਤੇ ਸੈਕ੍ਰੇਟਰੀ ਦੀ ਪੋਜ਼ੀਸ਼ਨ ਲੈ ਲਈ। ਇਹ ਉਹ ਸਮਾ ਸੀ, ਜਦੋਂ ਪੰਜਾਬੀ ਕੁੜੀਆਂ ਦੀ ਤਾਂ ਗੱਲ ਛੱਡੋ, ਇਸਤਰੀਆਂ ਉਂਝ ਹੀ ਬਹੁਤ ਘੱਟ ਕੰਮ ਕਰਦੀਆਂ ਸਨ। ਮੇਰੀ ਭੈਣ ਨੂੰ ਤੀਹਾਂ ਬੰਦਿਆਂ ਦਾ ਖਾਣਾ ਬਣਾਉਣਾ ਵੀ ਕੁਝ ਨਹੀਂ ਲਗਦਾ ਹੁੰਦਾ ਸੀ ਅਤੇ ਉਹ ਪਾਰਟੀਆਂ ਦੇਣ ਲਈ ਬੜੀ ਪਰਸਿੱਧ ਸੀ। ਉਸਦੀਆਂ ਸਹੇਲੀਆਂ ਦੋਹਾਂ ਸਭਿਆਤਾਵਾਂ ਨਾਲ ਸਬੰਧ ਰੱਖਣ ਵਾਲੀਆਂ ਸਨ। ਉਹ ਸਾਡੇ ਬਾਕੀ ਸਭ ਲਈ ਇਕ ਉਦਾਹਰਨ ਸੀ। ਜਦੋਂ ਅਸੀਂ ਪਾਲਦੀ ਵਿਚ ਹੁੰਦੇ ਸਾਂ, ਉਹ ਕੈਨੇਡੀਅਨ ਖਾਣੇ ਬਣਾਉਂਦੀ ਹੁੰਦੀ ਸੀ, ਜੋ ਉਸਨੇ ਕਾਉਚਨ ਹਾਈ ਸਕੂਲ ਵਿਖੇ ਹੋਮ ਇਕਨਾਮਿਕਸ ਦਾ ਕੋਰਸ ਕਰਦਿਆਂ ਸਿੱਖੇ ਸਨ। ਭਾਵੇਂ ਉਹ ਵੀ ਲੱਕੜਾਂ ਵਾਲੇ ਚੁੱਲ੍ਹੇ ਤੇ ਹੀ ਬਣਾਏ ਜਾਂਦੇ ਸਨ।ਸਾਡੇ ਪਾਲਦੀ ਵਿਚ ਗੁਜ਼ਾਰੇ ਦਿਨਾਂ ਤੋਂ ਕਾਫ਼ੀ ਸਮਾ ਬਾਅਦ ਅਸੀਂ ਉਸਨੂੰ ਬੇਨਤੀ ਕੀਤੀ ਕਿ ਉਹ ਸਾਡੇ ਲਈ ਲੈਮਨ ਮੈਰਿੰਗ ਪਾਈਆਂ ਬਣਾਵੇ। ਹੋਰ, ਉਸਨੇ ਮੇਰੀ ਮਾਂ ਤੋਂ ਕਰੋਸ਼ੀਆ, ਉਣਨਾ ਅਤੇ ਸੀਣਾ ਵੀ ਸਿੱਖਿਆ ਹੋਇਆ ਸੀ। ਉਸਦੀ ਰੀਸ ਕਰਨੀ ਬਹੁਤ ਮੁਸ਼ਕਿਲ ਸੀ। ਉਂਝ ਮੇਰੀ ਭੈਣ ਨੇ ਇਹ ਕਦੀ ਨਹੀਂ ਸੀ ਫੜ ਮਾਰੀ ਕਿ ਉਹ ਦੂਸਰਿਆਂ ਤੋਂ ਵਧੀਆ ਹੈ। ਉਹ ਬੜੀ ਨਿਮਰਤਾ ਪੂਰਵਕ ਅਤੇ ਮਿਹਰਬਾਨ ਕਿਸਮ ਦੀ ਇਨਸਾਨ ਸੀ। ਆਪਣੀ ਸਾਰੀ ਜ਼ਿੰਦਗੀ ਉਹ ਲੋਕਾਂ ਨਾਲ ਪਿਆਰ ਕਰਦੀ ਰਹੀ ਅਤੇ ਇਹ ਯਤਨ ਕਰਦੀ ਰਹੀ ਕਿ ਉਹ ਉਨ੍ਹਾਂ ਦੀ ਜਿੰਨੀ ਮਦਦ ਕਰ ਸਕਦੀ ਹੈ, ਕਰੇ। ਜਦੋਂ 1999 ਵਿਚ ਉਸ ਦੀ ਮਿਰਤੂ ਹੋਈ, ਉਹ ਇੱਕ ਅਜਿਹਾ ਖੱਪਾ ਛੱਡ ਗਈ ਜੋ ਕਦੀ ਨਹੀਂ ਪੂਰਿਆ ਜਾ ਸਕਦਾ। ਉਹ ਦੋਹਾਂ ਸਭਿਅਤਾਵਾਂ ਅਤੇ ਦੋਹਾਂ ਪੀੜ੍ਹੀਆਂ ਦੇ ਵਿਚਕਾਰ ਖੱਪੇ ਉਤੇ ਇੱਕ ਪੁਲ ਸੀ। ਕਈ ਪੱਖਾਂ ਤੋਂ ਉਹ ਮੇਰੀ 'ਕੈਨੇਡੀਅਨ ਮਾਂ' ਸੀ ਕਿਉਂਕਿ ਉਹ ਮੇਰੇ ਨਾਲੋਂ 11 ਸਾਲ ਵੱਡੀ ਸੀ।

ਜਦੋਂ ਅਸੀਂ ਵਿਕਟੋਰੀਆ ਰਹਿਣ ਲੱਗੇ, ਮੈਂ ਅਤੇ ਮੇਰੇ ਭਰਾ ਜੀਤ ਨੇ ਉਹ ਦੁਧ ਪੀਣ ਤੋਂ ਨਾਂਹ ਕਰ ਦਿੱਤੀ ਜੋ ਦਰਵਾਜ਼ਿਆਂ ਤੇ ਬੋਤਲਾਂ ਵਿਚ ਆਉਂਦਾ ਸੀ। ਅਸੀਂ ਜਾਨ ਸਟਰੀਟ ਵਿਚ ਰਹਿੰਦੇ ਸਾਂ। ਇੰਡਸਟਰੀਅਲ ਇਲਾਕੇ ਦੀ ਇੱਕ ਪੁਰਾਣੀ ਬਸਤੀ ਵਿੱਚ। ਇਥੇ ਕੋਈ ਬੰਜਰ ਢਾਰਾ ਨਹੀਂ ਸੀ, ਜਿੱਥੇ ਨਵੇਂ ਬਲੂੰਗੜੇ ਲਭਦੇ, ਨਾਂ ਹੀ ਰੇਲ ਦੀ ਪਟੜੀ ਦੇ ਨਾਲ ਨਾਲ ਲਾਹੁਣ ਲਈ ਬੈਰੀਆਂ ਸਨ, ਨਾਂ ਹੀ ਕੁੱਕੜ ਤੇ ਚੂਚੇ ਤੁਰੇ ਫਿਰਦੇ ਸਨ, ਨਾਂ ਹੀ ਦੁੜੰਗੇ ਲਾਉਂਦੇ ਸੂਰ, ਜਿਨਾਂ ਦਾ ਪਿੱਛਾ ਕਰਦੇ ਅਤੇ ਨਾ ਹੀ ਕੋਈ ਵੱਛਾ ਵੱਛੀ ਸੀ ਜਿਹਦੇ ਗਲ ਵਿਚ ਰੱਸਾ ਪਾ ਕੇ ਲਈ ਫਿਰਦੇ। ਪਾਲਦੀ ਦਾ ਦਰਿਆ ਜਿੱਥੇ ਮੇਰਾ ਭਰਾ ਜੀਤ ਮੱਛੀਆਂ ਫੜਦਾ ਹੁੰਦਾ ਸੀ, ਹੁਣ ਕੇਵਲ ਇੱਕ ਯਾਦ ਬਣ ਕੇ ਰਹਿ ਗਿਆ ਸੀ। ਉਹ ਗੁਆਂਢੀ ਵੀ ਨਾ ਰਹੇ, ਜੋ ਵਾਸਤਵ ਵਿਚ

ਇੱਕ ਵਧੇ ਹੋਏ ਪਰਿਵਾਰ ਦੇ ਜੀਆ ਵਾਂਗ ਹੀ ਹੁੰਦੇ ਸਨ। ਇਹ ਸਾਡੇ ਵਾਸਤੇ ਇਕ ਸਭਿਆਚਾਰਕ ਝਟਕਾ ਸੀ ਅਤੇ ਮੇਰੀ ਮਾਂ ਲਈ ਇੱਕ ਅਸਹਿ ਇਕਲਾਪਾ। ਅਸੀਂ ਅਗਸਤ 1952 ਵਿਚ ਆਏ ਸਾਂ। ਮੈਂ ਸਤੰਬਰ ਵਿਚ ਗਰੇਡ 1 ਸ਼ੁਰੂ ਕੀਤਾ। ਇਸ ਨਾਲ ਮੇਰੀ ਮਾਂ ਘਰ ਵਿਚ ਇਕੱਲੀ ਰੀਹ ਗਈ। ਮੈਂ ਨਹੀਂ ਜਾਣਦੀ ਕਿ ਉਹ ਕਿਵੇਂ ਨਜਿੱਠਦੀ ਹੋਵੇਗੀ, ਕਿਉਂਕਿ ਮੈਂ ਆਪ ਇੱਕ ਓਪਰੇ ਵਾਤਾਵਰਨ ਵਿਚ ਆਪਣੇ ਆਪ ਨੂੰ ਉਸਦੇ ਅਨੁਕੂਲ ਬਣਾਉਣ ਦਾ ਯਤਨ ਕਰ ਰਹੀ ਸਾਂ ਅਤੇ ਮੈਂ ਸੋਚਦੀ ਹੁੰਦੀ ਸਾਂ, ਕਿ ਇਹ ਕਿੰਨੀ ਭੈੜੀ ਥਾਂਹ ਹੈ।

ਅਜੇ ਕੋਈ ਵਧੇਰਾ ਸਮਾ ਨਹੀਂ ਸੀ ਹੋਇਆ, ਕਿ ਮੈਨੂੰ ਨਸਲਵਾਦੀ ਬੇਇਜ਼ਤੀ ਦੀਆਂ ਚੋਭਾਂ ਦਾ ਤਜਰਬਾ ਵੀ ਹੋਇਆ। ਇੱਕ ਬਾਲਗ਼ ਦੇ ਤੌਰ ਤੇ ਉਨ੍ਹਾਂ ਗੁਆਂਢੀਆਂ ਦਾ ਜ਼ਿਕਰ ਸ਼੍ਰੇਣੀ ਰਹਿਤ/ਨੀਵੀਂ ਸ਼੍ਰੇਣੀ ਦਾ ਕੀਤਾ ਸੀ। ਮੈਨੂੰ "ਡਰਟੀ ਹਿੰਦੂ" ਦੇ ਸ਼ਬਦ ਸੁਣਨੇ ਪੈਂਦੇ ਸਨ। ਜੇ ਮੈਂ ਆਪਣੀ ਮਾਂ ਨੂੰ ਦਸਦੀ ਤਾਂ ਉਹ ਵੀ ਕੀ ਕਰ ਸਕਦੀ ਸੀ? ਇਸ ਲਈ ਮੈਂ ਆਪਣੇ ਤੱਕ ਹੀ ਰਖਦੀ। ਜਦੋਂ ਮੈਂ ਆਪਣੇ ਘਰ ਅੰਦਰ ਵੜਦੀ ਸਾਂ, ਮੈਂ ਜਾਣਦੀ ਸਾਂ ਇਹ ਸੱਚ ਨਹੀਂ। ਸਾਡਾ ਘਰ ਨਿਰਮੈਲ ਹੁੰਦਾ ਸੀ। ਮੇਰੀ ਮਾਂ ਨਾ ਕੇਵਲ ਪੰਜਾਬੀ ਖਾਣੇ ਹੀ ਬਣਾਉਂਦੀ ਸੀ, ਉਸ ਨੇ ਕੈਨੇਡੀਅਨ ਡਿਸ਼ਾਂ ਵੀ ਬਣਾਉਣੀਆਂ ਸਿੱਖ ਲਈਆਂ ਸਨ। ਉਹ ਅਕਸਰ ਕੇਕ ਸੇਕਦੀ ਅਤੇ ਜੈਮ ਬਣਾਉਂਦੀ। ਉਹ ਸਾਰਾ ਕੁਝ ਯਾਦਦਾਸ਼ਤ ਨਾਲ ਹੀ ਕਰਦੀ ਕਿਉਂਕਿ ਮੇਰੀ ਮਾਂ ਅਨਪੜ੍ਹ ਸੀ। ਜਦੋਂ ਸਾਡਾ ਘਰ ਪਰਿਵਾਰ ਦੇ ਜੀਆਂ ਅਤੇ ਦੋਸਤਾਂ ਨਾਲ ਭਰਿਆ ਹੁੰਦਾ, ਮਾਂ ਦੀ ਚਹੇਤੀ ਥਾਂ ਕਿਚਨ ਹੁੰਦੀ ਸੀ। ਉਹ ਖਾਣਾ ਬਣਾਉਣ ਦੇ ਕੰਮ ਨੂੰ ਪੁਆੜਾ ਨਹੀਂ ਸਮਝਦੀ ਸੀ। ਉਹ ਆਪਣੀਆਂ ਸਹੇਲੀਆਂ ਅਤੇ ਪਰਿਵਾਰਿਕ ਜੀਆਂ ਨਾਲ ਹਸਦੀ, ਗੱਲਾਂ ਕਰਦੀ ਖਾਣਾ ਵੀ ਬਣਾਉਂਦੀ ਰਹਿੰਦੀ। ਅਸੀਂ ਸਾਰੇ ਉਸਦੇ ਫਲ ਦਾ ਮਜ਼ਾ ਲੈਂਦੇ।

ਇਕ ਵਾਰ ਜਦੋਂ ਮੈਂ ਲਗਭਗ ਗਰੇਡ 3 ਵਿਚ ਸੀ ਮਾਂ ਨਾਲ ਘਰ ਨੂੰ ਤੁਰੀ ਜਾ ਰਹੀ ਸਾਂ। ਮੈਂ ਦੇਖਿਆ ਕਿ ਮਾਂ ਨੂੰ ਇੱਕ ਗੁਆਂਢੀ ਮੁੰਡੇ ਨੇ ਨਸਲੀ ਬੇਇਜ਼ੱਤੀ ਨਾਲ ਦੁਖੀ ਕੀਤਾ ਹੈ। ਮਾਂ ਨੇ ਉਸ ਵੱਲ ਤੱਕਿਆ ਤੱਕ ਨਾ ਅਤੇ ਆਰਾਮ ਨਾਲ ਤੁਰੀ ਗਈ। ਉਸ ਨੇ ਇਸ ਬਾਰੇ ਕਿਸੇ ਨਾਲ ਕੋਈ ਗੱਲ ਨਾ ਕੀਤੀ। ਪਰ ਮੈਂ ਆਪਣੇ ਆਪ ਵਿਚ ਇਸ ਬਾਰੇ ਦੁਖੀ ਹੁੰਦੀ ਰਹੀ ਕਿ ਮੈਂ ਅੱਗੇ ਹੋ ਕੇ ਮਾਂ ਦਾ ਬਚਾਓ ਕਿਉਂ ਨਾ ਕੀਤਾ। ਸ਼ਾਇਦ ਮੈਂ ਡਰ ਗਈ ਸਾਂ,ਕਿ ਮੁੰਡਾ ਕਿਤੇ ਮੈਨੂੰ ਨਾ ਕੁਝ ਆਖੇ। ਮੈਂ ਇਹ ਜਾਣ ਲੈਣਾ ਸ਼ੁਰੂ ਕੀਤਾ ਕਿ ਅਸੀਂ ਵੱਖਰੇ ਹਾਂ। ਜਿਵੇਂ ਕਿ ਕਈ ਹੋਰਾਂ ਦਾ ਵਿਚਾਰ ਸੀ ਕਿ ਅਸੀਂ ਘਟੀਆ ਹਾਂ। ਆਂਢ ਗੁਆਂਢ ਵਿਚ ਮੇਰੇ ਅਨੇਕਾਂ ਦੋਸਤ ਸਨ, ਪਰ ਸਦਾ ਇਹ ਖ਼ਦਸ਼ਾ ਲੱਗਾ ਰਹਿੰਦਾ ਸੀ ਕਿ ਮੈਂ ਇਨ੍ਹਾਂ ਤੋਂ ਵੱਖਰੀ ਲਗਦੀ ਹਾਂ। ਬਾਲਗ਼ ਦੇ ਤੌਰ ਤੇ ਅਤੇ ਸਵੈ-ਨਿਰਨਾ ਕਰਨ ਉਪ੍ਰੰਤ ਮੇਰਾ ਇਹ ਖ਼ਿਆਲ ਹੈ ਕਿ ਇਸ ਦਾ ਪ੍ਰਭਾਵ ਸਾਰੀ ਜ਼ਿੰਦਗੀ ਮੇਰੇ ਉੱਪਰ ਰਿਹਾ। ਬਲਕਿ ਮੁਢਲੇ ਸਕੂਲ ਦੇ ਸਾਲਾਂ ਦੌਰਾਨ ਮੈਂ ਸਰੀਰਕ ਤੂੰ ਤੂੰ ਮੈਂ ਮੈਂ ਵਿਚ ਵੀ ਪਈ ਆਮ ਤੌਰ ਤੇ ਇਕ ਵਿਸ਼ੇਸ ਗੁਆਂਢੀ ਮੁੰਡੇ ਨਾਲ। ਉਂਝ ਮੈਂ ਆਪਣੇ ਮਾਂ ਪਿਓ ਕੋਲ ਕਦੀ ਇਸਦਾ ਜ਼ਿਕਰ ਨਹੀਂ ਸੀ ਕੀਤਾ। ਹੁਣ ਮੈਂ ਸੋਚਦੀ ਹਾਂ, ਕਿ ਸ਼ਾਇਦ ਉਹਨਾਂ ਨੂੰ ਬਚਾਉਣ ਲਈ। ਮੈਂ ਆਪਣੇ ਵੱਡੇ ਭਰਾਵਾਂ ਨੂੰ ਵੀ ਨਹੀਂ ਸੀ ਦੱਸਿਆ। ਕਿਉਂਕਿ ਮੈਨੂੰ ਪਤਾ ਸੀ ਕਿ ਗੁਆਂਢੀਆਂ ਨਾਲ ਜ਼ਰੂਰ ਲੜਾਈ ਹੋ ਜਾਏਗੀ। ਇਸ ਲਈ ਮੈਂ ਸਿੱਖ ਲਿਆ, ਕਿ ਗੱਲ ਆਪਣੇ ਆਪ ਵਿਚ ਹੀ ਰੱਖੋ। ਬਾਲਗ਼ ਦੇ ਤੌਰ ਤੇ ਵੀ ਜਦ ਮੈਂ ਨਸਲਵਾਦ ਦਾ ਸ਼ਿਕਾਰ ਹੋਈ, ਇਵੇਂ ਹੀ ਬਚਾਓ ਕਰਦੀ ਰਹੀ। ਜਿੰਨਾ ਕੁ ਮੈਨੂੰ ਬਰਦਾਸ਼ਤ ਕਰਨਾ ਚਾਹੀਦਾ ਸੀ ਮੈਂ ਉਸਤੋਂ ਵਧੇਰੇ ਕਰਦੀ ਰਹੀ ਅਤੇ ਇਸਨੂੰ ਰੋਕਣ ਲਈ ਦੂਜਿਆਂ ਦੀ ਸਹਾਇਤਾ ਪ੍ਰਾਪਤ ਕਰ ਲੈਣ ਤੋਂ ਵਾਂਝੀ ਰਹੀ। ਮੇਰਾ ਖ਼ਿਆਲ ਹੈ ਕਿ ਕਿਉਂਕਿ ਬੱਚੇ ਦੇ ਤੌਰ ਤੇ ਕਿਸੇ ਕੋਲੋਂ ਸਹਾਇਤਾ ਸੰਭਵ ਨਹੀਂ ਸੀ। ਮੈਂ ਇਹ ਸਿੱਖ ਲਿਆ ਕਿ ਆਪਣੀਆਂ ਜ਼ਖ਼ਮੀ ਭਾਵਨਾਵਾਂ ਨੂੰ ਲੁਕਾ ਕੇ ਰਖਿਆ ਜਾਵੇ।

ਅਸੀਂ ਘੱਟ-ਗਿਣਤੀ ਵਿਚ ਵੀ ਘੱਟ-ਗਿਣਤੀ ਸਾਂ। ਨਾਬਾਲਗ਼ੀ ਸਮੇ ਲਗਭਗ ਇਹ ਅਸੰਭਵ ਸੀ, ਕਿ ਕਿਸੇ ਵੱਡੇ ਨਾਲ ਆਪਣਾ ਦੁਖ ਸੁਖ ਸਾਂਝਾ ਕਰ ਸਕੀਏ। ਮੈਂ ਦੋ ਸਭਿਆਤਾਵਾਂ ਵਿਚ ਵਿਚਰ ਰਹੀ ਸਾਂ। ਇਥੇ ਸਦਾ ਹੀ ਮੁੱਖਧਾਰਾ ਦੇ ਸਮਾਜ ਵਲੋਂ ਰੱਦ ਕੀਤੇ ਜਾਣ ਦਾ ਭੈ ਰਹਿੰਦਾ ਹੈ। ਪਰਤਵੀਂ ਨਜ਼ਰ ਨਾਲ ਦੇਖੀਏ ਤਾਂ ਇਸ ਤਜਰਬੇ ਨੇ ਮੈਨੂੰ ਇੱਕ ਮਜ਼ਬੂਤ ਵਿਅਕਤੀ ਬਣਾ ਦਿੱਤਾ। ਬਾਲਗ਼ ਅਵਸਥਾ ਵਿਚ ਦਾਖ਼ਲੇ ਦਾ ਸਮਾ ਮੇਰੇ ਲਈ ਮੇਰੇ ਆਪਣੇ ਅਣ-ਪੰਜਾਬੀ ਦੋਸਤਾਂ ਨਾਲੋਂ ਵੱਖਰਾ ਸੀ। ਇਹ ਉਦੋਂ ਸੀ ਜਦੋਂ ਮੁੰਡੇ ਤੇ ਕੁੜੀਆਂ ਜੋੜੀਆਂ ਬਣਾਉਂਦੇ ਤੇ ਲਗਾਤਾਰ ਮਿਲਦੇ ਹਨ। ਪੰਜਾਬੀ ਮੁੰਡਿਆਂ ਵਿਚ ਯਕੀਨੀ ਤੋਰ ਤੇ "ਡੇਟਿੰਗ" ਸਵੀਕਾਰਤ ਰਿਵਾਜ ਨਹੀਂ ਸੀ। ਇਸ ਸੀਨ ਦਾ ਭਾਗ ਨਾ ਹੋ ਕੇ ਮੈਂ ਆਪਣੀਆਂ ਸਹੇਲੀਆਂ ਅਤੇ ਭੈਣਾਂ ਭਰਾਵਾਂ ਤੇ ਸਹਾਇਤਾ ਅਤੇ ਆਨੰਦ ਲੈਣ ਲਈ ਨਿਰਭਰ ਕਰਦੀ ਸਾਂ। ਮੈਂ ਸਦਾ ਇਹ ਮਹਿਸੂਸ ਕੀਤਾ, ਕਿ ਮੇਰੇ ਮਾਂ ਬਾਪ ਬੜੇ ਪਿਆਰੇ ਹਨ। ਅਸਲ ਵਿਚ ਮੈਨੂੰ ਆਪਣੇ ਮਾਂ ਬਾਪ ਵਲੋਂ ਕਦੀ ਵੀ ਕੋਈ ਸਰੀਰਕ ਸਜ਼ਾ ਨਹੀਂ ਸੀ ਮਿਲੀ ਅਤੇ ਮੈਂ ਜਾਣਦੀ ਸਾਂ, ਕਿ ਰਹਿਨਮਾਈ, ਸੁਰੱਖਿਆ ਅਤੇ ਦੇਖ ਭਾਲ ਇਸ ਥਾਂ ਤੋਂ ਮਿਲਦੀ ਹੈ।

ਜਦੋਂ ਮੈਂ ਲਗਭਗ 11 ਵਰ੍ਹਿਆਂ ਦੀ ਸਾਂ, ਮੇਰੀ ਮਾਂ ਨੇ ਫ਼ੈਸਲਾ ਕੀਤਾ ਕਿ ਸਾਨੂੰ ਸਟਰਾਬਰੀ ਤੋੜਨ ਜਾਣਾ ਚਾਹੀਦਾ ਹੈ। ਜੈਮ ਦੀਆਂ ਕੁਝ ਬੋਤਲਾਂ ਲਈ ਨਹੀਂ ਬਲਕਿ ਇਹ ਵੀ ਇੱਕ ਧਨ ਕਮਾਉਣ ਦਾ ਸਾਧਨ ਸੀ। ਆਪਣੀ ਮਾਂ ਦੀਆਂ ਸਹੇਲੀਆਂ ਅਤੇ ਉਨ੍ਹਾਂ ਦੇ ਬੱਚਿਆਂ ਨਾਲ। ਸਾਨੂੰ ਚੌਂਕ ਵਿਚੋਂ ਉਨ੍ਹਾਂ ਨੇ ਚੁੱਕਣਾ ਸੀ। ਇਹ ਚੌਂਕ ਵਿਕਟੋਰੀਆ ਵਿਚ ਡਗਲਸ, ਗੌਰਮੈਂਟ ਅਤੇ ਹਿੱਲਸਾਈਡ ਦੀਆਂ ਸਟਰੀਟਾਂ ਦੇ ਮਿਲਣ ਵਾਲੀ ਥਾਂ ਤੇ ਹੁੰਦਾ ਸੀ। 6.30 ਸਵੇਰ ਦੇ ਸਮੇਂ ਮਾਂਵਾਂ ਸਮੇਤ ਅਸੀਂ ਸਾਰੇ ਬੱਚੇ ਉੱਥੋਂ ਇੱਕ ਟਰੱਕ ਦੇ ਪਿਛੇ ਲੱਦ ਲਏ ਗਏ ਅਤੇ ਇੱਕ ਬੇਰੀ ਫ਼ਾਰਮ ਤੇ ਲਿਜਾਏ ਗਏ। ਮੇਰੀਆਂ ਸਹੇਲੀਆਂ ਅਤੇ ਮੈਂ ਘਬਰਾ ਰਹੀਆਂ ਸਾਂ ਕਿ ਸਕੂਲ ਵਿਚੋਂ ਕੋਈ ਇਹ ਜਲਵਾ ਨਾ ਦੇਖ ਲਏ! ਪਰ ਸਾਡੀਆਂ ਮਾਵਾਂ ਨਹੀਂ, ਉਹ ਆਪਣੀ ਚੜ੍ਹਦੀ ਕਲਾ ਵਿਚ ਸਨ, ਫਾਰਮ ਨੂੰ ਜਾਣ ਵਾਲੇ ਸਾਰੇ ਰਾਹ ਵਿਚ ਜਦੋਂ ਉਹ ਗੱਲਾਂ ਕਰ ਰਹੀਆਂ ਸਨ, ਖਿੜ ਖਿੜ ਹੱਸ ਵੀ ਰਹੀਆਂ ਸਨ। ਉਨ੍ਹਾਂ ਦੀਆਂ ਚੁੰਨੀਆਂ ਲਹਿਰਾ ਰਹੀਆਂ ਸਨ। ਨਾ ਕੇਵਲ ਉਹ ਆਪ ਖ਼ੁਸ਼ ਸਨ ਸਗੋਂ ਸਾਨੂੰ ਬੱਚਿਆਂ ਨੂੰ ਵੀ ਹੱਲਾ ਸ਼ੇਰੀ ਦੇ ਰਹੀਆਂ ਸਨ। ਦੁਪਹਿਰ ਦੇ ਖਾਣੇ ਵੇਲੇ ਮਾਂਵਾ ਨੇ ਨਾਲ ਲਿਆਂਦੀਆਂ ਰੋਟੀਆਂ, ਸਬਜ਼ੀਆਂ ਅਤੇ ਆਚਾਰ ਕੱਢ ਲਏ। ਸਭ ਨੇ ਰਲ ਮਿਲ ਕੇ ਵੰਡ ਕੇ ਖਾਣ ਦਾ ਆਨੰਦ ਲਿਆ।

ਸਟਰਾਬਰੀ ਦੀ ਰੁੱਤ ਮੁਕੱਣ ਤੇ ਵੀ ਘਰ ਚੈਨ ਨਹੀਂ ਸੀ। ਸਾਡੇ ਲਈ ਨਾ ਗਰਮੀਆਂ ਦੀਆਂ ਛੁੱਟੀਆਂ ਸਨ ਨਾ ਗਰਮੀਆਂ ਦੇ ਕੈਂਪ। ਅਗਾਂਹ ਲੋਗਨਬੇਰੀ ਸੀ। ਇਹ ਬਹੁਤ ਭੈੜੀ ਸੀ। ਇਸ ਦਾ ਤਾਂ ਸੁਆਦ ਵੀ ਚੰਗਾ ਨਹੀਂ ਸੀ। ਸਾਡੀਆਂ ਉਂਗਲਾਂ ਸਤੰਬਰ ਦੇ ਅੱਧ ਤੱਕ ਜਾਮਨੀ ਰੰਗ ਦੀਆਂ ਹੋਈਆਂ ਰਹੀਆਂ। ਪਰ ਘੱਟੋ ਘਟ ਉਨ੍ਹਾਂ ਨੂੰ ਤੋੜਨ ਲਈ ਖੜੋਣ ਯੋਗ ਤਾਂ ਰਹੇ। ਮਾਂ ਨੇ ਇਉਂ ਕੀਤੀ ਕਮਾਈ ਘਰ ਲਈ ਨਵੀਆਂ ਡਿਸ਼ਾਂ, ਫ਼ਰਨੀਚਰ, ਅਤੇ ਪਰਿਵਾਰ ਲਈ ਹੋਰ ਚੀਜ਼ਾਂ ਖਰੀਦਣ ਤੇ ਖ਼ਰਚੀ। ਹੁਣ ਮਾਂ ਨੂੰ ਆਪਣੀ ਕਮਾਈ ਕਰਨ ਦਾ ਝਸ ਪੈ ਗਿਆ ਸੀ। ਉਸਨੂੰ ਕੋਈ ਰੋਕਣ ਵਾਲਾ ਨਹੀਂ ਸੀ। ਬਸੰਤ ਰੁੱਤ ਵਿਚ ਉਹ ਫ਼ਾਰਮਾਂ ਤੇ ਕੰਮ ਕਰਨ ਲਈ ਜਾਣ ਲੱਗ ਪਈ, ਉੱਥੇ ਪੀਲੇ ਨਰਗਸੀ ਫੁੱਲਾਂ ਨੂੰ ਗੱਠਾਂ ਦਿੰਦੀ ਰਹੀ, ਜਦ ਤੱਕ ਕਿ ਉਸ ਨੂੰ ਹੋ ਗਈ ਅਲਰਜੀ ਨੇ ਰੋਕ ਨਾ ਦਿੱਤਾ। ਉਸ ਨੂੰ ਇਹ ਕੰਮ ਛੱਡਣਾ ਪਿਆ। ਫਿਰ ਉਹ ਇੱਕ ਬੇਕਰੀ ਵਿਚ ਕੰਮ ਕਰਦੀ ਰਹੀ। ਜਦੋਂ ਉਹ 58 ਸਾਲ ਦੀ ਸੀ। ਉਹ ਕਿਸੇ ਤੇਲ ਵਾਲੀ ਥਾਂ ਤੇ ਤਿਲਕ ਗਈ। ਉਸ ਦੇ ਗੁੱਟ ਤੇ ਸੱਟ ਲੱਗੀ। ਜਿਸ ਨੇ ਉਸ ਨੂੰ ਕੰਮ ਕਰਨ ਤੋਂ ਵਰਜ ਦਿੱਤਾ। ਕਾਇਦੇ ਕਾਨੂੰਨ ਨਾ

ਜਾਨਣ ਕਰਕੇ ਮੇਰੀ ਮਾਂ ਆਪਣੀ ਸ਼ਿਫ਼ਟ ਦੇ ਖ਼ਤਮ ਹੋਣ ਤੱਕ ਕੰਮ ਕਰਦੀ ਰਹੀ ਅਤੇ ਫਿਰ ਤੁਰ ਕੇ ਹਸਪਤਾਲ ਗਈ। ਉਸਦਾ ਗੁੱਟ ਟੁੱਟ ਗਿਆ ਸੀ। ਪਰ ਕਿਉਂਕਿ ਉਸਨੇ ਰੀਪੋਰਟ ਨਹੀਂ ਸੀ ਕੀਤੀ। ਉਸਨੂੰ ਕੋਈ ਮੁਆਵਜ਼ਾ ਨਾ ਮਿਲਿਆ। ਮੇਰੀ ਮਾਂ ਜਿੰਨਾ ਆਪ ਕਮਾਈ ਕਰਨ ਤੇ ਖੁਸ਼ ਹੋਈ ਉਨਾ ਪਹਿਲਾਂ ਕਦੇ ਨਹੀਂ ਸੀ ਹੋਈ। ਇਹ ਮੇਰੇ ਲਈ ਇੱਕ ਚੰਗਾ ਸਬਕ ਸੀ ਅਤੇ ਅਜੇ ਤੱਕ ਹੈ।

ਮੇਰੀ ਮਾਂ ਇੰਡੀਆ ਜਾ ਕੈਨੇਡਾ ਵਿਚ ਕਿਸੇ ਸਕੂਲ ਨਹੀਂ ਗਈ ਸੀ। ਉਹ ਪੰਜਾਬੀ ਅਤੇ ਅੰਗ੍ਰੇਜ਼ੀ ਦੋਹਾਂ ਵਲੋਂ ਕੋਰੀ ਅਨਪੜ੍ਹ ਸੀ। ਪਰ ਆਖ਼ਿਰਕਾਰ ਉਸ ਨੇ ਅੰਗ੍ਰੇਜ਼ੀ ਵਿਚ ਆਪਣਾ ਨਾਂ ਲਿਖਣਾ ਸਿੱਖ ਲਿਆ ਸੀ। ਜਿਹੜਾ ਕਿ ਮੈਂ ਉਸਦੇ ਪਾਸਪੋਰਟ ਉਤੇ ਘਬਰਾਹਟ ਜਿਹੀ ਨਾਲ ਲਿਖੇ ਅੱਖਰਾਂ ਵਿਚ ਲਿਖਿਆ ਹੋਇਆ ਦੇਖਿਆ।

ਮੇਰਾ ਵਿਸ਼ਵਾਸ ਹੈ ਕਿ ਇਹ ਉਸ ਨੂੰ ਅਤੇ ਹੋਰ ਪੰਜਾਬੀ ਤੀਵੀਆਂ ਨੂੰ ਪਾਲਦੀ ਵਿਚ ਕਿਸੇ ਮਿਹਰਬਾਨ ਅਧਿਆਪਕਾ ਨੇ ਸਿਖਾਇਆ ਸੀ। ਮੇਰੀ ਮਾਂ ਕੋਲ ਚਾਰ ਪਾਸਪੋਰਟ ਸਨ। ਪਹਿਲਾ ਇੱਕ 1932 ਵਿਚ ਜਾਰੀ ਹੋਇਆ। ਦੂਸਰਾ 1961 ਵਿਚ, ਤੀਸਰਾ ਇੱਕ 1973 ਵਿਚ, ਅਤੇ ਅੰਤਲਾ ਇੱਕ 1979 ਵਿਚ। ਇਵੇਂ ਲੱਗਦਾ ਹੈ, ਕਿ ਜਿਵੇਂ ਮੇਰੀ ਮਾਂ ਸੰਸਾਰ ਭਰ ਦਾ ਸਫ਼ਰ ਕਰਨ ਵਾਲੀ ਹੋਵੇ। ਮੇਰਾ ਅੰਦਾਜ਼ਾ ਹੈ ਕਿ ਉਹ ਸੀ। ਪਰ ਉਹ ਕੇਵਲ ਸਦਾ ਹਿੰਦੁਸਤਾਨ ਹੀ ਗਈ ਸੀ।

ਮੇਰੀ ਮਾਂ, ਮੇਰੀ ਭੈਣ ਅਤੇ ਮੇਰਾ ਆਜ਼ਾਦੀ ਨਾਲ ਵਿਚਰਨਾ ਅਤੇ ਪ੍ਰਾਪਤੀਆਂ ਦੇਖ ਕੇ ਹੈਰਾਨ ਹੁੰਦੀ। ਪਰਤਵੀਂ ਨਜ਼ਰ ਵਿਚ ਮੈਂ ਮਾਂ ਦੇ ਸਾਰੇ ਹਾਲਾਤ ਨੂੰ ਸਹਾਰਨ ਅਤੇ ਉਨ੍ਹਾਂ ਤੇ ਕਾਬੂ ਪਾ ਲੈਣ ਤੇ ਅਸਚਰਜ ਹੁੰਦੀ ਹਾਂ। ਉਸ ਦੇ ਸੁਭਾ ਵਿਚ ਆਜ਼ਾਦ ਤਰੰਗ ਸੀ। ਇਸ ਲਈ ਉਹ ਇੱਕ ਅਕਰਮਕ ਇਸਤਰੀ ਦੇ ਸੱਚੇ ਵਿਚ ਨਾ ਢਲ ਸਕੀ। ਮੈਂ ਤੇ ਮੇਰੀ ਭੈਣ ਕਹਿੰਦੀਆਂ ਹੁੰਦੀਆਂ ਸਾਂ ਕਿ ਜੇ ਸਾਡੀ ਮਾਂ ਕੈਨੇਡਾ ਵਿਚ ਜੰਮੀ ਹੁੰਦੀ ਅਤੇ ਵਿਦਿਆ ਪਰਾਪਤ ਕਰਦੀ, ਕੋਈ ਨਹੀਂ ਕਹਿ ਸਕਦਾ ਸੀ ਕਿ ਉਹ ਕੀ ਕਰਦੀ ਤੇ ਕੀ ਹੁੰਦੀ। ਜਿਵੇਂ ਕਿ ਉਸਨੇ ਆਪਣੇ ਵਰਤਮਾਨ ਹਾਲਾਤ ਅਨੁਸਾਰ ਬਹੁਤ ਕੁਛ ਕੀਤਾ ਹੈ।

ਮੈਨੂੰ ਮਾਂ ਕੋਲੋਂ ਬੜੀਆਂ ਦਾਤਾਂ ਮਿਲੀਆਂ। ਸਹੇਲੀਆਂ ਦੀ ਮਾਨਤਾ, ਪਰਿਵਾਰ ਦੀ ਅਹਿਮੀਅਤ, ਮਾਲੀ ਤੌਰ ਤੇ ਆਜ਼ਾਦ ਰਹਿਣ ਦੀ ਖੁੱਲ, ਵਿਦਿਆ ਦੀ ਮਹੱਤਤਾ ਅਤੇ ਉਸ ਦਾ ਆਪਣੇ ਬੱਚਿਆਂ ਪ੍ਰਤੀ ਮੋਹ। ਉਦੋਂ ਵੀ ਜਦੋਂ ਬੱਚਿਆਂ ਦੀਆਂ ਪਸੰਦਾਂ ਉਸ ਲਈ ਓਪਰੀਆਂ ਹੋਣ। ਹੋਰ ਮੇਰੀ ਮਾਂ ਦਾ ਸੁਭਾ ਬੜਾ ਹੱਸਮੁਖ ਅਤੇ ਮਜ਼ਾਹੀਆ ਸੀ। ਉਸਨੂੰ ਕਹਾਣੀਆਂ ਸੁਣਾਉਣ ਅਤੇ ਐਕਟਿੰਗ ਕਰਕੇ ਦਿਖਾਉਣ ਦਾ ਬੜਾ ਸ਼ੌਕ ਸੀ। ਮੇਰਾ ਖ਼ਿਆਲ ਹੈ, ਮੈਂ ਤੇ ਭੈਣ ਨੇ ਇਹ ਮਾਂ ਕੋਲੋਂ ਹੀ ਵਿਰਸੇ ਵਿਚ ਲਿਆ ਹੈ।

ਮੇਰੇ ਆਪਣੀ ਮਾਂ ਦੇ ਸਬੰਧ ਵਿਚ ਕਈ ਮਿਲੇ ਜੁਲੇ ਮਨੋਭਾਵ ਹਨ। ਕਈ ਵਾਰ ਮੈਂ ਉਦਾਸੀ ਮਹਿਸੂਸ ਕਰਦੀ ਹਾਂ, ਕਿ ਉਸ ਦਾ ਆਪਣੀ ਜੀਵਨ ਦੀ ਸੇਧ ਤੇ ਕੋਈ ਕਾਬੂ ਨਹੀਂ ਸੀ। ਉਸ ਨੂੰ ਜੁਆਨ ਅਵਸਥਾ ਵਿਚ ਹੀ ਆਪਣਾ ਪਰਿਵਾਰ ਛੱਡ ਦੇਣਾ ਚਾਹੀਦਾ ਸੀ। ਸੱਚੀਂ, ਸਦਾ ਲਈ। ਉਸ ਦੇ ਬੱਚੇ ਗੁਣ ਤੇ ਆਦਤਾਂ ਗ਼ਾਲਿਬ ਸਭਿਆਚਾਰ ਤੋਂ ਕਬੂਲ ਕਰ ਰਹੇ ਸਨ। ਕਈਆਂ ਪੱਖਾਂ ਤੋਂ ਕੈਨੇਡੀਅਨ ਜੀਵਨ ਢੰਗ ਉਸ ਲਈ ਵਿਦੇਸ਼ੀ ਸੀ।। ਕੈਨੇਡੀਅਨ ਲਿਹਾਜ਼ ਨਾਲ ਦੇਖੀਏ ਤਾਂ ਮੇਰੀ ਮਾਂ ਜੁਆਨ ਅਵਸਥਾ ਵਿਚ ਹੀ ਚਲ ਵਸੀ। ਸ਼ੂਗਰ ਦੀ ਬਿਮਾਰੀ ਤੋਂ ਪੀੜਤ ਹੋ ਕੇ 67 ਸਾਲ ਦੀ ਉਮਰ ਵਿਚ ਹੀ। ਕਈ ਵਾਰ ਸੋਚਦੀ ਹਾਂ ਕਿ ਸ਼ਾਇਦ ਮੇਰੇ ਵਿਚ ਹਰ ਇੱਕ ਲਈ ਸਮਾਨਤਾ, ਭਾਵੇਂ ਇਸਤਰੀ ਹੋਵੇ ਜਾ ਮਰਦ। ਲਿੰਗ, ਨਸਲ, ਧਰਮ ਅਤੇ ਲਿੰਗ ਮੂਲਕ ਗਿਆਨ ਦੀ ਹਰ ਇੱਕ ਲਈ ਸਮਾਨਤਾ ਦੀ ਮਹੱਤਤਾ ਮੇਰੀ ਮਾਂ ਦੇ ਜੀਵਨ ਨੇ ਹੀ ਮੇਰੇ ਵਿਚ ਦਰਿੜ ਕਰਵਾਈ ਹੈ।

ਮੇਰੀ ਆਪਣੀ ਲੋੜ ਵੀ ਹੈ, ਆਪਣੀ ਹਾਨੀ ਤੋਂ ਬਚਣ ਲਈ, ਨਾ ਕੇਵਲ ਇਸ ਵਿਸ਼ਵਾਸ ਲਈ ਕਿ ਦੁਨੀਆਂ ਨਿਆਂ ਪੂਰਵਕ ਹੋਵੇ, ਬਲਕਿ ਉਨ੍ਹਾਂ ਲਈ ਆਵਾਜ਼ ਉਠਾਉਣੀ, ਜਿਹਨਾਂ ਦੀ ਹਾਸ਼ੀਆ ਬੰਦੀ ਹੋ ਚੁੱਕੀ ਹੋਵੇ।

ਮੇਰਾ ਖ਼ਿਆਲ ਹੈ ਕਿ ਕਿ ਮੇਰੀ ਮਾਂ ਦਾ ਵਿਅਕਤੀਤਵ ਅਤੇ ਉਸ ਦੇ ਸਾਹਸ ਦੀ ਉਦਾਹਰਨ ਨੇ ਸੰਸਾਰ ਬਾਰੇ ਮੇਰੇ ਵਿਚਾਰਾਂ ਅਤੇ ਕਦਰਾਂ ਕੀਮਤਾਂ ਨੂੰ ਰੂਪ ਦਿੱਤਾ ਹੈ। ਇਕ ਅਤਿ ਨਸਲਵਾਦੀ ਸਮੇ ਵਿਚ ਇੱਕ ਘੱਟ ਗਿਣਤੀ ਗਰੁੱਪ ਦੇ ਮੈਂਬਰ ਦੇ ਤੌਰ ਤੇ ਜੀਉਣਾ ਕੋਈ ਸੌਖਾ ਨਹੀਂ। ਪਰ ਮੈਂ ਸੋਚਦੀ ਹਾਂ, ਕਿ ਮੇਰੀ ਮਾਂ ਦਾ ਜੀਵਨ ਮੇਰੇ ਨਾਲੋਂ ਵਧੇਰੇ ਕਠਿਨ ਸੀ, ਕਿਉਂਕਿ ਉਸ ਕੋਲ ਹੋਰ ਕੋਈ ਚਾਰਾ ਨਹੀਂ ਸੀ।

ਅੱਜ ਮੈਂ ਉਸ ਪੰਜਾਬੀ ਪਰਿਵਾਰ ਦੀ ਕ੍ਰਿਤਗਯ ਹਾਂ ਜਿਸ ਵਿਚ ਮੈਂ ਜਨਮ ਲਿਆ। ਸਾਡੇ ਵਿਚ ਵੀ ਹੋਰ ਕਿਸੇ ਪਰਿਵਾਰ ਵਾਂਗ ਕਈ ਉਤਾਰ ਚੜ੍ਹਾ ਆਏ ਪਰ ਅਸੀਂ ਆਪਣੀ ਸਭਿਅਤਾ ਅਤੇ ਪਿਆਰ ਸਦਕੇ ਸਦਾ ਜੁੜੇ ਰਹੇ। ਪਰਤਵੀਂ ਨਜ਼ਰ ਨਾਲ ਮੈਂ ਮਹਿਸੂਸ ਕਰਦੀ ਹਾਂ ਕਿ ਮੇਰੇ ਪੰਜਾਬੀ ਵਿਰਸੇ ਨੇ ਕਿੰਨੇ ਅਮੀਰ ਤਜਰਬੇ ਦੀ ਬਖਸ਼ਿਸ਼ ਦਿੱਤੀ ਹੈ ਅਤੇ ਮੈਂ ਆਪਣੇ ਆਪ ਨੂੰ ਭਾਗਾਂ ਵਾਲੀ ਸਮਝਦੀ ਹਾਂ। ਭਾਵੇਂ ਕਈ ਵਾਰ ਵੱਖਰੀ ਸੋਚ ਸਦਕਾ ਕੁਝ ਮੁਸ਼ਕਿਲਾਂ ਵੀ ਆਈਆਂ। ਮੈਂ ਵਿਸ਼ਵਾਸ ਕਰਦੀ ਹਾਂ ਕਿ ਤਜਰਬਿਆਂ ਨੇ ਮੇਰੇ ਵਿਕਾਸ ਅਤੇ ਸੰਸਾਰ ਨੂੰ ਦੇਖਣ ਦੇ ਦ੍ਰਿਸ਼ਟੀਕੋਣ ਤੇ ਸਕਾਰਾਤਮਕ ਪ੍ਰਭਾਵ ਪਾਇਆ ਹੈ।

ਮੇਰੀ ਮਾਂ ਦੇ ਜੀਵਨ ਨੇ ਮੈਨੂੰ ਜੀਵਨ ਵਿਚ ਮੇਰੇ ਆਪਣੇ ਮਾਰਗ ਦਾ ਫ਼ੈਸਲਾ ਕਰਨ ਦਾ ਹੌਸਲਾ ਬਖ਼ਸ਼ਿਆ ਹੈ। ਮੈਂ ਆਪਣੇ ਮਾਂ ਬਾਪ ਦੀ ਅਹਿਸਾਨਮੰਦ ਹਾਂ ਜਿਨ੍ਹਾਂ ਨੇ ਕੁਰਬਾਨੀਆਂ ਅਤੇ ਔਖਿਆਈਆਂ ਝੱਲ ਕੇ ਕੈਨੇਡਾ ਵਿਚ ਇੱਕ ਨਵਾਂ ਜੀਵਨ ਉਸਾਰਿਆ।

ਮੇਰੀ ਧੀ ਅਮਿਰ 23 ਸਾਲ ਦੀ ਉਮਰ ਵਿਚ ਹਿੰਦੋਸਤਾਨ ਗਈ ਸੀ। ਕੁਝ ਮਹੀਨਿਆਂ ਪਿੱਛੋਂ ਉਹ ਹਿੰਦੋਸਤਾਨ ਦੇ ਪਿਆਰ ਵਿਚ ਫ਼ਾਥੀ ਘਰ ਵਾਪਸ ਮੁੜੀ। ਉਸ ਨੇ ਮੈਨੂੰ ਪੁਛਿਆ ਕਿ ਮੇਰੇ ਮੇਰੇ ਮਾਂ ਬਾਪ ਨੇ ਕਿਵੇਂ ਸਦਾ ਲਈ ਹਿੰਦੋਸਤਾਨ ਛੱਡ ਦਿੱਤਾ ਸੀ? ਕਈ ਵਾਰ ਅਸੀਂ ਖੁਸ਼ ਕਿਸਮਤ ਹੁੰਦੇ ਹਾਂ ਕਿ ਸਾਰਾ ਸਰਕਲ ਦੇਖ ਸਕਦੇ ਹਾਂ। ਉਹ ਹਿੰਦੋਸਤਾਨ ਜੋ ਮੇਰੇ ਮਾਂ ਬਾਪ ਨੇ 1933 ਵਿਚ ਛੱਡਿਆ ਸੀ ਅੱਜ ਦੇ ਹਿੰਦੋਸਤਾਨ ਨਾਲੋਂ ਕਿਤੇ ਵੱਖਰਾ ਸੀ। ਉਨ੍ਹਾ ਦਾ, ਘੱਟੋ ਘੱਟ ਮੇਰੇ ਪਿਤਾ ਦਾ ਇਹ ਸੁਪਨਾ ਸੀ, ਕਿ ਜਿਵੇਂ ਸਾਰੇ ਇਮੀਗਰਾਂਟਸ ਇੱਕ ਵਧੀਆ ਜੀਵਨ ਗੁਜ਼ਾਰਦੇ ਹਨ, ਉਨ੍ਹਾਂ ਦੇ ਬੱਚੇ ਵੀ ਗੁਜ਼ਾਰਨ। ਇਹ ਸੀ ਅਸਲੀ ਕਾਰਨ, ਜਿਸ ਲਈ ਉਹ ਕੈਨੇਡਾ ਆਏ। ਉਹਨਾਂ ਨੂੰ ਇਥੇ ਆਉਣ ਲਈ ਇਸ ਮਹਾਨ ਸੌਦੇ ਵਿਚ ਕਈ ਕੁਝ ਦੇਣਾ ਪਿਆ।ਆਪਣੇ ਪਰਿਵਾਰ, ਆਪਣੀ ਸਭਿਅਤਾ ਦੇ ਕਈ ਪੱਖ, ਇਥੋਂ ਤੀਕਰ ਕਿ ਆਪਣਾ ਖਾਣ ਪੀਣ ਵੀ। ਅੱਜ ਅਸੀਂ ਸ਼ਲਾਘਾ ਕਰ ਸਕਦੇ ਹਾਂ, ਪੰਜਾਬੀ ਸਭਿਅਤਾ ਦੀ ਅਮੀਰੀ ਨੂੰ ਸੰਭਾਲ ਸਕਦੇ ਹਾਂ, ਜੋ ਉਹ ਆਪਣੇ ਨਾਲ ਲਿਆਏ, ਅਤੇ ਜੋ ਕੈਨੇਡਾ ਦੇ ਢਾਂਚੇ ਦਾ ਇੱਕ ਭਾਗ ਬਣ ਗਈ।

ਮੇਰੇ ਮਾਂ ਬਾਪ ਕਮਿਊਨਿਟੀ ਨਾਲ ਆਪਣੇ ਚੰਗੇ ਸਬੰਧਾਂ ਅਤੇ ਉਸ ਪ੍ਰਤੀ ਧਿਆਨ ਪੂਰਵਕ ਹੋਣ ਦੀ ਮਹੱਤਤਾ ਤੇ ਜ਼ੋਰ ਦਿੰਦੇ ਸਨ, ਮੇਰੀਆਂ ਆਪਣੀਆਂ ਧੀਆਂ ਇਹ ਕੁਝ ਸਵੀਕਾਰ ਕਰ ਚੁੱਕੀਆਂ ਹਨ। ਮੇਰਾ ਵਿਸ਼ਵਾਸ ਹੈ, ਕਿ ਮੇਰੇ ਮਾਂ ਬਾਪ ਇਹ ਜਾਣ ਕੇ ਪ੍ਰਸੰਨ ਹੋਣਗੇ ਅਤੇ ਬਹੁਤ ਮਾਣ ਮਹਿਸੂਸ ਕਰਨਗੇ। ●●

ਲੇਖ

# ਮੇਰਾ ਸਾਹਿਤਕ ਪਿਛੋਕੜ



**ਕੁਲਵੰਤ ਸਿੰਘ ਵਿਰਕ**

ਬੀ.ਏ. ਪਾਸ ਕਰਨ ਤੀਕ ਅਰਥਾਤ ਉਨੀ ਵੀਹ ਸਾਲ ਦੀ ਉਮਰ ਤੀਕ ਮੈਨੂੰ ਲਿਖਣ ਦਾ ਕੋਈ ਸ਼ੌਕ ਨਹੀਂ ਸੀ ਤੇ ਨਾ ਹੀ ਮੈਂ ਕਦੀ ਕੁਝ ਲਿਖਿਆ ਸੀ। ਕੋਰਸ ਵਿਚ ਲਗੀਆਂ ਕਿਤਾਬਾਂ ਤੋਂ ਬਾਹਰ ਮੈਂ ਕਦੀ ਪੜ੍ਹਿਆ ਵੀ ਕੁਝ ਨਹੀਂ ਸੀ। ਜੋ ਕੁਝ ਪੜ੍ਹਿਆ ਵੀ ਹੋਵੇਗਾ ਤਾਂ ਪ੍ਰੋਫੈਸਰਾਂ ਦੇ ਕਹਿਣ ਉਤੇ ਅੰਗਰੇਜ਼ੀ ਭਾਸ਼ਾ ਸਿੱਖਣ ਲਈ, ਕਿਸੇ ਸਾਹਿਤਕ ਰੁਚੀ ਕਰਕੇ ਨਹੀਂ। ਐਮ.ਏ. ਵਿਚ ਮੈਂ ਲਾਹੌਰ ਦਾ ਫਾਰਮਨ ਕਰਿਸਚੀਅਨ ਕਾਲਜ ਛੱਡ ਕੇ ਅੰਮ੍ਰਿਤਸਰ ਖਾਲਸਾ ਕਾਲਜ ਚਲਾ ਗਿਆ। ਏਥੇ ਮੈਂ ਕਾਲਜ ਦੇ ਮੈਗਜ਼ੀਨ ਵਿਚ ਪਹਿਲੀ ਵਾਰ ਲਿਖਣਾ ਆਰੰਭਿਆ। ਇਹ ਅੰਗਰੇਜ਼ੀ ਵਿਚ ਸੀ। ਪੰਜਾਬੀ ਵਿਚ ਲਿਖਣਾ ਮੈਨੂੰ ਨਹੀਂ ਆਉਂਦਾ ਸੀ। ਕਾਲਜ ਦੇ ਮੈਗਜ਼ੀਨ ਦੀਆਂ ਪਹਿਲੀਆਂ ਲਿਖਤਾਂ ਤਾਂ ਐਵੇਂ ਟੋਟਕੇ ਹੀ ਸਨ ਜਿਵੇਂ ਮੈਗਜ਼ੀਨਾਂ ਵਿਚ ਹੁੰਦੇ ਹਨ ਪਰ ਹੁਣ ਮੈਨੂੰ ਚੇਤੇ ਆਉਂਦਾ ਏ ਕਿ ਹੌਲੀ ਹੌਲੀ ਉਨ੍ਹਾਂ ਵਿਚ ਕਹਾਣੀਆਂ ਦੇ ਨਕਸ਼ ਆਉਂਦੇ ਗਏ। ਆਪਣੇ ਵਡਿੱਕਿਆਂ ਬਾਰੇ ਸਾਡੇ ਪਿੰਡ ਉਤੇ ਅੰਗਰੇਜ਼ੀ ਕਬਜ਼ਾ ਹੋਣ ਵੇਲੇ ਦੀ ਇਕ ਗੱਲ ਜਿਹੜੀ ਮੈਂ ਸੁਣੀ ਹੋਈ ਸੀ ਉਸ ਨੂੰ ਵੀ ਕਹਾਣੀ ਦੀ ਸ਼ਕਲ ਦੇ ਕੇ ਮੈਂ ਲਿਖਿਆ। ਪ੍ਰੋਫੈਸਰ ਹਰਬੰਸ ਸਿੰਘ ਨੇ ਇਸ ਨੂੰ ਪੰਜਾਬੀ ਵਿਚ ਅਨੁਵਾਦ ਕਰਕੇ 'ਖਾਲਸਾ ਸੇਵਕ' ਦੇ ਇਕ ਖਾਸ ਨੰਬਰ ਵਿਚ ਛਪਵਾਇਆ। ਇਸ ਦੇ ਐਡੀਟਰ ਉਦੋਂ ਗੁਰਨਾਮ ਸਿੰਘ ਤੀਰ ਸਨ। ਇਹ ਗੱਲ 1942 ਦੀ ਹੈ।

ਕਾਲਜ ਛੱਡਣ ਪਿਛੋਂ ਮੈਂ ਫੌਜ ਵਿਚ ਭਰਤੀ ਹੋ ਗਿਆ ਤੇ ਦੋ ਤਿੰਨ ਸਾਲ ਉਥੇ ਰਿਹਾ। ਛੁਟੀਆਂ ਵਿਚ ਇਕ ਵਾਰ ਲਾਹੌਰ ਫਿਰਦਿਆਂ ਮੈਂ ਵੇਖਿਆ ਕਿ ਪੰਜਾਬੀ ਕਿਤਾਬਾਂ ਦੀ ਇਕ ਦੁਕਾਨ 'ਲਾਹੌਰ ਬੁਕ ਸ਼ਾਪ' ਖੁਲ੍ਹ ਗਈ ਹੈ। ਮੈਂ ਉਥੋਂ ਦਸ ਕੁ ਰੁਪਏ ਦੀਆਂ ਪੰਜ ਚਾਰ ਕਿਤਾਬਾਂ ਲੈ ਲਈਆਂ। ਹੁਣ ਯਾਦ ਕਰਕੇ ਹੈਰਾਨੀ ਹੁੰਦੀ ਹੈ ਕਿ ਉਨ੍ਹਾਂ ਵਿਚ ਕਹਾਣੀਆਂ ਦੀ ਕੋਈ ਕਿਤਾਬ ਨਹੀਂ ਸੀ। ਕਹਾਣੀ ਵਿਚ ਮੇਰੀ ਕੋਈ ਉਚੇਚੀ ਦਿਲਚਸਪੀ ਨਹੀਂ ਸੀ। ਇਕ ਕਿਤਾਬ ਈਸ਼ਵਰ ਚਿਤ੍ਰਕਾਰ ਦੀ *ਕਲਮ ਦੀ ਆਵਾਜ਼* ਮੈਨੂੰ ਬਹੁਤ ਚੰਗੀ ਲੱਗੀ। ਇਸ ਤੋਂ ਪਹਿਲਾਂ ਮੈਨੂੰ ਦੁੱਗਲ ਦੀ ਇਕ ਪੁਸਤਕ *ਮੇਰੀ ਚੋਣਵੀਂ ਕਹਾਣੀ* ਕਾਲਜ ਤੋਂ ਇਨਾਮ ਵਿਚ ਮਿਲੀ ਸੀ। ਇਸ ਵਿਚ ਉਸ ਨੇ ਉਸ ਵੇਲੇ ਦੇ ਪ੍ਰਸਿੱਧ ਕਹਾਣੀਕਾਰਾਂ ਦੀ ਇਕ ਇਕ ਕਹਾਣੀ ਦਿੱਤੀ ਹੋਈ ਸੀ। ਸੇਖੋਂ ਦੀ 'ਪ੍ਰੇਮੀ ਦੇ ਨਿਆਣੇ' ਸੀ ਜਿਹੜੀ ਮੈਨੂੰ ਬਹੁਤ ਚੰਗੀ ਲੱਗੀ। ਉਂਜ ਮੈਂ ਸੇਖੋਂ ਦਾ ਨਾਂ ਬਹੁਤ ਪਹਿਲਾਂ ਸੁਣਿਆ ਹੋਇਆ ਸੀ। ਐਫ.ਏ. ਵਿਚ ਪੜ੍ਹਦਿਆਂ ਮੈਂ ਇਕ ਪਰਚੇ ਵਿਚ 'ਭੱਤਾ' ਕਹਾਣੀ ਪੜ੍ਹੀ। ਮੈਨੂੰ ਬੜੀ ਹੈਰਾਨੀ ਹੋਈ ਕਿ ਪੰਜਾਬੀ ਵਿਚ ਕਿੰਨੀਆਂ ਨਿਸ਼ੰਗ ਗੱਲਾਂ ਲਿਖੀਆਂ ਜਾ ਰਹੀਆਂ ਹਨ ਤੇ ਕਿਸ ਤਰ੍ਹਾਂ ਪਿੰਡ ਦੀ ਆਮ ਜਿਹੀ ਗੱਲ ਤੋਂ ਹੀ ਪੜ੍ਹਨ ਯੋਗ ਸਾਹਿਤ ਬਣ ਗਿਆ ਸੀ। ਪਹਿਲਾਂ ਅਸੀਂ ਕਿਤਾਬਾਂ ਵਿਚ ਕੇਵਲ ਵਡੇ ਵਡੇ ਲੋਕਾਂ ਦੇ ਮੂੰਹੋਂ ਗੱਲਾਂ ਸੁਨਣ ਦੇ ਹੀ ਆਦੀ ਸਾਂ। ਇਹ ਕਹਾਣੀ ਮੈਨੂੰ ਕਦੀ ਨਾ ਭੁੱਲੀ ਤੇ ਆਪਣੀ ਕਹਾਣੀ 'ਛਾਹ ਵੇਲਾ' ਮੈਂ ਇਸ ਵਰਗੀ ਕਹਾਣੀ ਲਿਖਣ ਦੀ ਇੱਛਾ ਨਾਲ ਹੀ ਲਿਖੀ।

ਪ੍ਰੋਫੈਸਰ ਸੇਖੋਂ ਐਮ.ਏ. ਵਿਚ ਸਾਨੂੰ ਪੜ੍ਹਾਂਦੇ ਵੀ ਸਨ। ਸਾਨੂੰ ਪੜ੍ਹਾਣ ਵਾਲੇ ਬਾਕੀ ਪ੍ਰੋਫੈਸਰ ਇਨ੍ਹਾਂ ਨਾਲੋਂ ਵੱਧ ਤਨਖਾਹ ਲੈਂਦੇ ਸਨ। ਇਕ ਪ੍ਰੋਫੈਸਰ ਤੇਜਾ ਸਿੰਘ ਸਨ ਤੇ ਕੁਝ ਵਲਾਇਤ ਪਾਸ ਸਿੰਧੀ ਅਤੇ ਬੰਗਾਲੀ ਪ੍ਰੋਫੈਸਰ ਸਨ। ਪਰ ਮੈਂ ਪ੍ਰੋਫੈਸਰ ਸੇਖੋਂ ਨੂੰ ਹੀ ਬਹੁਤਾ ਲਾਇਕ ਅਤੇ ਵਧੀਆ ਆਦਮੀ ਸਮਝਦਾ ਸਾਂ ਅਤੇ ਹੈਰਾਨ ਹੁੰਦਾ ਸਾਂ ਕਿ ਬਾਕੀ ਲੋਕ ਵੀ ਮੇਰੇ ਵਾਂਗ ਕਿਉਂ ਨਹੀਂ ਸੋਚਦੇ। ਪ੍ਰੋਫੈਸਰ ਸੇਖੋਂ ਵੀ ਮੈਨੂੰ ਬੜਾ ਚੁਸਤ ਵਿਦਿਆਰਥੀ ਜਾਣਦੇ ਸਨ ਭਾਵੇਂ ਮੇਰੇ ਨਾਲੋਂ ਵੱਧ ਨੰਬਰ ਲੈਣ ਵਾਲੇ ਕਈ ਸਨ।

ਫੌਜ ਤੋਂ ਜਿਨ੍ਹਾਂ ਛੁੱਟੀਆ ਦੀ ਮੈਂ ਗੱਲ ਕਰ ਰਿਹਾ ਸਾਂ ਉਨ੍ਹਾਂ ਵਿਚ ਹੀ ਲਾਹੌਰ ਫਿਰਦਿਆਂ ਸੁਰਿੰਦਰ ਸਿੰਘ ਨਰੂਲਾ ਮਿਲ ਗਿਆ। ਉਸ ਦਸਿਆ ਕਿ ਉਹ 'ਪੰਜ ਦਰਿਆ' ਵਿਚ ਕੰਮ ਕਰਦਾ ਏ। ਮੈਂ ਚੰਦਾ ਦੇ ਕੇ ਗਾਹਕ ਬਣ ਗਿਆ। ਇਹ 1943 ਦੀ ਗੱਲ ਏ। ਕੁਝ ਮਹੀਨਿਆਂ ਪਿਛੋਂ ਇਸ ਵਿਚ ਦੁੱਗਲ ਦੀ ਕਹਾਣੀ 'ਡੰਗਰ' ਛਪੀ। ਬਿਨਾ ਜਾਣ ਪਛਾਣ ਦੇ ਮੈਂ ਉਸ ਨੂੰ ਫੌਜ ਵਿਚੋਂ ਚਿੱਠੀ ਲਿਖੀ ਕਿ ਤੁਹਾਡੀ ਕਹਾਣੀ ਬਹੁਤ



(ਰਾਸ਼ਟਰਪਤੀ ਜ਼ਾਕਿਰ ਹੁਸੈਨ ਤੋਂ ਸਾਹਿਤ ਅਕਾਦਮੀ ਦਾ ਇਨਾਮ ਪ੍ਰਾਪਤ ਕਰਦਿਆਂ)

ਚੰਗੀ ਏ। ਉਸ ਨੇ ਜਵਾਬ ਦਿੱਤਾ ਕਿ ਤੁਹਾਡੇ ਵਰਗੇ ਸੂਝਵਾਨ ਪਾਠਕਾਂ ਲਈ ਲਿਖਣ ਦਾ ਬੜਾ ਸਵਾਦ ਆਉਂਦਾ ਏ। ਓਦੋਂ ਦੇ ਇਸ ਵੱਟੋ-ਸੱਟੇ ਦਾ ਹੁਣ ਕਦੀ ਚੇਤਾ ਆਉਂਦਾ ਏ ਤਾਂ ਬਹੁਤ ਹਾਸਾ ਆਉਂਦਾ ਏ।

ਅੰਗਰੇਜ਼ ਫੌਜੀ ਅਫਸਰਾਂ ਦੇ ਮਨ ਪ੍ਰਚਾਵੇ ਲਈ ਓਦੋਂ ਬਹੁਤ ਸਾਰੇ ਪਰਚੇ ਵਲਾਇਤੋਂ ਆਉਂਦੇ ਸਨ। ਇਹੋ ਜਿਹੇ ਇਕ ਪਰਚੇ ਵਿਚ ਇਕ ਕਹਾਣੀ ਇਕ ਚਾਚੇ ਬਾਰੇ ਸੀ ਜਿਹੜਾ ਸ਼ਰਾਬ ਪੀ ਕੇ ਆਪਣੇ ਭਤੀਜੇ ਨਾਲ ਬੜੇ ਪਰੇਮ ਦੀਆਂ ਗੱਲਾਂ ਕਰਦਾ ਸੀ। ਮੈਂ ਸੋਚਿਆ ਕਿ ਇਹੋ ਜਿਹੀ ਕਹਾਣੀ ਪੰਜਾਬੀ ਵਿਚ ਲਿਖਣੀ ਚਾਹੀਦੀ ਏ। ਸ਼ਾਇਦ ਉਹ ਵੀ ਛੜਾ ਸੀ। ਪਰ ਅੰਗਰੇਜ਼ਾਂ ਦੇ ਛੜੇ ਸਾਡੇ ਉਸ ਵੇਲੇ ਦੇ ਛੜਿਆਂ ਨਾਲੋਂ ਢੇਰ ਵਖਰੇ ਹੁੰਦੇ ਸਨ। ਜਦੋਂ ਮੈਂ ਆਪਣੇ ਪਿੰਡ ਦੇ ਇਕ ਛੜੇ ਚਾਚੇ ਵਲ ਧਿਆਨ ਮਾਰਿਆ ਤਾਂ ਉਹ ਬਹੁਤ ਬੇਜਾਨ ਜਿਹਾ ਲੱਗਾ। ਉਸ ਤਰ੍ਹਾਂ ਦੇ ਆਦਮੀ ਬਾਰੇ ਮੇਰੀ ਕਹਾਣੀ ਲਿਖਣ ਦੀ ਨੀਯਤ ਨਹੀਂ ਸੀ। ਇਕ ਅੱਧ ਗੱਲ ਤਾਂ ਮੈਂ ਉਸੇ ਦੀ ਲੈ ਲਈ ਪਰ ਬਹੁਤੀਆਂ ਕੋਲੋਂ ਜੋੜ ਕੇ ਮੈਂ ਇਕ ਕਹਾਣੀ ਘੜ ਲਈ। ਚੂੰਕਿ ਉਸ ਦੀ ਕੋਈ ਵਹੁਟੀ ਨਹੀਂ ਸੀ, ਮੈਂ ਸੋਚਿਆ ਉਹ ਇਸ ਗੱਲ ਨੂੰ ਲੁਕਾਣ ਲਈ ਉਸ ਬਾਰੇ ਗੱਲਾਂ ਬਣਾਂਦਾ ਹੋਵੇਗਾ। ਇਹ ਕਹਾਣੀ ਮੈਂ ਸੁਰਿੰਦਰ ਸਿੰਘ ਨਰੂਲਾ ਨੂੰ 'ਪੰਜ ਦਰਿਆ' ਵਿਚ ਛਾਪਣ ਲਈ ਦੇ ਦਿੱਤੀ। ਓਦੋਂ ਤਕ ਨਰੂਲੇ ਨੇ ਅਜੇ ਨਾਵਲ ਤਾਂ ਨਹੀਂ ਸੀ ਲਿਖਿਆ ਪਰ ਕੁਝ ਕਹਾਣੀਆਂ ਲਿਖੀਆਂ ਸਨ। ਮੈਂ ਇਸ ਨੂੰ ਉਸ ਦੀ ਇਕ ਬਹੁਤ ਮਹਾਨ ਪ੍ਰਾਪਤੀ ਸਮਝਦਾ ਸਾਂ ਤੇ ਇਸ ਕਰਕੇ ਉਸ ਨੂੰ ਇਕ ਵਖਰੀ ਭਾਂਤ ਦਾ ਆਦਮੀ ਗਿਣਦਾ ਸਾਂ। ਇਥੋਂ ਤਕ ਕਿ ਜਦੋਂ ਅਸੀਂ ਇਕੱਠੇ ਅਨਾਰਕਲੀ ਵਿਚੋਂ ਲੰਘ ਰਹੇ ਹੁੰਦੇ ਤਾ ਮੈਂ ਆਪ ਕੁਝ ਵੇਖਣ ਦੀ ਥਾਂ ਇਹ ਵੇਖ ਰਿਹਾ ਹੁੰਦਾ ਕਿ ਉਹ ਕੀ ਵੇਖਦਾ ਏ? ਮੈਂ ਇਸ ਗੱਲ ਤੋਂ ਬਹੁਤ ਪ੍ਰਭਾਵਤ ਸਾਂ ਕਿ ਕਿਸ ਤਰ੍ਹਾਂ ਉਹ ਐਵੇਂ ਫਿਰਦਿਆਂ ਟੁਰਦਿਆਂ ਕਹਾਣੀਆਂ ਲੱਭ ਲੈਂਦਾ ਏ ਜਿਥੋਂ ਸਾਨੂੰ ਕੁਝ ਵੀ ਨਹੀਂ ਲੱਭਦਾ। ਮੇਰੀ ਉਹ ਕਹਾਣੀ ਮੋਹਨ ਸਿੰਘ ਨੇ ਬਹੁਤ ਪਸੰਦ ਕੀਤੀ ਅਤੇ ਮੈਨੂੰ ਇਸ ਬਾਰੇ ਚਿੱਠੀ ਲਿਖੀ। ਚਿੱਠੀ ਵਿਚ ਉਨ੍ਹਾਂ ਅੰਗਰੇਜ਼ੀ ਵਿਚ ਲਿਖਿਆ ਕਿ ਮੈਨੂੰ ਤੇਰੇ ਵਿਚ ਇਕ ਬਹੁਤ ਵਡਾ ਲੇਖਕ ਬਣਨ ਦੀਆਂ ਸੰਭਾਵਨਾਵਾਂ ਦਿਸਦੀਆਂ ਹਨ। ਉਨ੍ਹਾਂ ਆਪਣੀ ਰਾਏ ਮੈਨੂੰ ਲਿਖ ਕੇ ਭੇਜੀ ਭਾਵੇਂ ਮੈਂ ਉਸੇ ਸ਼ਹਿਰ ਵਿਚ ਰਹਿੰਦਾ ਸਾਂ ਅਤੇ ਕਈ ਵਾਰ ਉਨ੍ਹਾਂ ਨਾਲ ਟਕਰਾ ਵੀ ਹੁੰਦਾ ਰਹਿੰਦਾ ਸੀ। ਗੱਲ ਤੇ ਕੋਈ ਨਹੀਂ ਸੀ ਹੁੰਦੀ ਕਿਉਂਕਿ ਇਸ ਤੋਂ ਪਹਿਲਾਂ ਗੱਲ ਕੋਈ ਕਰਨ ਨੂੰ ਹੈ ਨਹੀਂ ਸੀ। ਪਿਛੋਂ ਗੱਲਾਂ ਹੋਣ ਲਗ ਪਈਆਂ। ਜਿੰਨਾ ਚਿਰ ਪ੍ਰੋ.ਮੋਹਨ ਸਿੰਘ 'ਪੰਜ ਦਰਿਆ' ਦੇ ਸੰਪਾਦਕ ਰਹੇ ਉਹ, ਜਿਥੇ ਵੀ ਉਨ੍ਹਾ ਨੂੰ ਕਿਸੇ ਦੀ ਕੋਈ ਚੰਗੀ ਲਿਖਤ ਦਿਸਦੀ, ਇਸ ਤਰ੍ਹਾਂ ਦੀਆਂ ਚਿੱਠੀਆਂ ਲਿਖਦੇ ਰਹੇ। ਉਨ੍ਹਾਂ ਦਾ ਇਹ ਕੰਮ ਪੰਜਾਬੀ ਸਾਹਿਤ ਦੀ ਉਨਤੀ ਲਈ ਬਹੁਤ ਹੀ ਮਹੱਤਤਾ ਵਾਲਾ ਹੈ।

ਇਹ ਚਿੱਠੀ ਆਉਣ ਨਾਲ ਮੈਨੂੰ ਇਕ ਤਰ੍ਹਾਂ ਦਾ ਵਖਤ ਪੈ ਗਿਆ। ਇਓਂ ਲਗੇ ਕਿ ਕਹਾਣੀਆਂ ਜ਼ਰੂਰ ਲਿਖਣੀਆਂ ਹਨ ਪਰ ਪਤਾ ਨਹੀਂ ਸੀ ਲਗਦਾ ਕਿ ਕਿਸ ਗੱਲ ਬਾਰੇ ਲਿਖਾਂ? ਉਸ ਤੋਂ ਪਿਛੋਂ ਜਾਂ ਹੁਣ ਤਾਂ ਇਹ ਸਮੱਸਿਆ ਹੁੰਦੀ ਹੈ ਕਿ ਵਿਸ਼ਾ ਸਾਹਮਣੇ ਹੁੰਦਾ ਏ ਪਰ ਉਸ ਨੂੰ ਨਿਭਾਣ ਜਾਂ ਬਿਆਨ ਕਰਨ ਵਿਚ ਢਿਲ ਕਰੀਦੀ ਏ ਜਾਂ ਮੁਸ਼ਕਲ ਆਉਂਦੀ ਏ। ਪਰ ਉਸ ਵੇਲੇ ਵਿਸ਼ਾ ਲੱਭਣਾ ਬਹੁਤ ਔਖਾ ਲਗਦਾ ਸੀ। ਇਹ ਪਤਾ ਨਹੀਂ ਲਗਦਾ ਸੀ ਕਿ ਕਿਹੜਾ ਵਿਸ਼ਾ ਚਲ ਜਾਏਗਾ। ਕਿਹੜੀ ਗੱਲ ਉਤੇ ਲਿਖੀ ਕਹਾਣੀ ਠੀਕ ਰਹੇਗੀ। ਓਦੋਂ ਮੈਨੂੰ ਅੰਗਰੇਜ਼ੀ ਦੀ ਐਮ.ਏ. ਕੀਤਿਆਂ ਤਿੰਨ ਚਾਰ ਸਾਲ ਹੋ ਗਏ ਸਨ। ਉਂਜ ਸਾਹਿਤ ਬਾਰੇ ਮੈਨੂੰ ਕੁਝ ਸੂਝ ਹੈ ਸੀ ਤੇ ਹੋਰਨਾਂ ਦੀਆਂ ਲਿਖੀਆਂ ਪੰਜਾਬੀ ਕਹਾਣੀਆਂ ਨੂੰ ਮੈਂ ਚੰਗੀ ਤਰ੍ਹਾਂ ਪਰਖ ਸਕਦਾ ਸਾਂ ਪਰ ਆਪਣੀਆਂ ਕਹਾਣੀਆਂ ਬਾਰੇ ਮੈਨੂੰ ਕੁਝ ਪਤਾ ਨਾ ਲਗਦਾ। 'ਪੰਜ ਦਰਿਆ' ਦੇ ਦਫਤਰ ਹੇਠਾਂ ਇਕ ਲੈਟਰ ਬਕਸ ਲੱਗਾ ਹੋਇਆ ਸੀ। ਕਹਾਣੀ ਲਿਖ ਲੈਣ ਪਿਛੋਂ ਮੈਂ ਦੁਪਹਿਰ ਵੇਲੇ ਕਦੀ ਜਾਂਦਾ ਅਤੇ ਉਸ ਵਿਚ ਆਪਣੀ ਕਹਾਣੀ ਪਾ ਕੇ ਭੱਜ ਆਉਂਦਾ। ਮੈਨੂੰ ਡਰ ਹੁੰਦਾ ਕਿ ਮੈਨੂੰ ਵੇਖ ਕੇ ਪ੍ਰੋਫੈਸਰ ਮੋਹਨ ਸਿੰਘ ਮੈਨੂੰ ਆਵਾਜ਼ ਮਾਰ ਲੈਣਗੇ। ਫਿਰ ਨਵੀਂ ਕਹਾਣੀ ਦੀ ਗੱਲ ਨਿਕਲ ਆਵੇਗੀ ਤਾਂ ਉਹ ਪੜ੍ਹਨ ਨੂੰ ਕਹਿਣਗੇ। ਸ਼ਾਇਦ ਇਹ ਬਿਲਕੁਲ ਹੀ ਊਲ-ਜਲੂਲ ਹੋਵੇ। ਫਿਰ ਉਹ ਕੀ ਸੋਚਣਗੇ? ਤੇ ਮੈਂ ਉਨ੍ਹਾਂ ਦੇ ਸਾਹਮਣੇ ਕਿਵੇਂ ਖਲੋਵਾਂਗਾ? ਕਈ ਹਫਤੇ ਮੈਂ ਉਸ ਪਾਸਿਓਂ ਲੰਘਦਾ ਹੀ ਨਾ ਕਿ ਕਿਧਰੇ ਮਿਲ ਨਾ ਪੈਣ ਤੇ ਇਹ ਕਹਿ ਨਾ ਦੇਣ ਕਿ ਉਹ ਕਹਾਣੀ ਤਾਂ ਬਹੁਤ ਘਟੀਆ ਸੀ। ਫਿਰ ਜਦੋਂ ਅਗਲਾ ਪਰਚਾ ਨਿਕਲਦਾ ਅਤੇ ਕਹਾਣੀ ਪਹਿਲੇ ਜਾਂ ਦੂਜੇ ਥਾਂ ਉਤੇ ਛਪੀ ਹੁੰਦੀ ਤਾਂ ਮੈਂ ਪੱਕੇ ਪੈਰੀਂ ਹੋ ਜਾਂਦਾ ਕਿ ਠੀਕ ਸੀ ਤਾਂ ਹੀ ਤੇ ਛਪੀ ਏ। ਫਿਰ ਜਿੰਨਾ ਚਿਰ ਅਗਲੀ ਕਹਾਣੀ ਲਿਖ ਕੇ ਮੈਂ ਲੈਟਰ ਬਕਸ ਵਿਚ ਨਾ ਪਾ ਆਉਂਦਾ ਮੈਂ ਆਪਣੇ ਫਿਰਨ ਤੁਰਨ ਉਤੇ ਕੋਈ ਪਾਬੰਦੀ ਨਾ ਲਾਉਂਦਾ। ਮੈਨੂੰ ਕਿਸੇ ਦਾ ਡਰ ਨਹੀਂ ਸੀ। ਪਰ ਅਗਲੀ ਕਹਾਣੀ ਲਿਖਣ ਪਿਛੋਂ ਫਿਰ ਇਸ ਤਰ੍ਹਾਂ ਹੀ ਹੁੰਦਾ। ਪੰਜ ਸੱਤ ਕਹਾਣੀਆਂ ਛਪਣ ਪਿਛੋਂ ਮੈਂ ਪੱਕੇ ਪੈਰੀਂ ਹੋ ਗਿਆ। ਕਈ ਸਾਲਾਂ ਪਿਛੋਂ 'ਜਾਗ੍ਰਤੀ' ਦੀ ਐਡੀਟਰੀ ਦੇ ਜ਼ਮਾਨੇ ਵਿਚ ਜਦੋਂ ਕੋਈ ਕਹਾਣੀ ਵਾਪਸ ਕਰਨੀ ਪੈਂਦੀ ਤਾਂ ਕਿਸੇ ਨਵੇਂ ਲੇਖਕ ਦੀ ਚਿੱਠੀ ਆਉਂਦੀ, 'ਦਸੋ ਮੇਰੀ ਕਹਾਣੀ ਵਿਚ ਨੁਕਸ ਕੀ ਏ?' ਮੈਨੂੰ ਉਨ੍ਹਾਂ ਦੇ ਸਵੈ-ਭਰੋਸੇ ਦੀ ਆਪਣੇ ਪੁਰਾਣੇ ਡਰ ਨਾਲ ਤੁਲਨਾ ਕਰਕੇ ਬੜਾ ਹਾਸਾ ਆਉਂਦਾ।

ਮੈਂ ਪੰਜਵੀਂ ਜਮਾਤ ਵਿਚ ਹੀ ਪਿੰਡੋਂ ਦੂਰ ਨਨਕਾਣੇ ਸਾਹਿਬ ਪੜ੍ਹਨ ਟੁਰ ਗਿਆ ਸਾਂ। ਕੁਝ ਸਾਲ ਉਥੇ ਅਤੇ ਫਿਰ ਸ਼ੇਖੂਪੁਰੇ ਪੜ੍ਹਦਾ ਰਿਹਾ। ਉਸ ਤੋਂ ਮਗਰੋਂ ਕਾਲਜਾਂ ਵਿਚ। ਪਿੰਡ ਮੈਂ ਕੇਵਲ ਛੁਟੀਆਂ ਵਿਚ ਹੀ ਆਉਂਦਾ ਪਰ ਇਸ ਨਾਲ ਵੀ ਮੇਰਾ ਪਿੰਡ ਨਾਲ ਗੂੜ੍ਹਾ ਸਬੰਧ ਬਣਿਆ ਰਿਹਾ। ਮੇਰੇ ਘਰ ਵਾਲੇ ਹੱਥੀਂ ਵਾਹੀ ਕਰਦੇ ਸਨ। ਮੈਂ ਵੀ ਵਿਚੇ ਲਗ ਜਾਂਦਾ। ਇਕ ਕੰਮ ਜਿਹੜਾ ਮੈਂ ਕਦੀ ਨਾ ਕਰ ਸਕਿਆ ਉਹ ਰਾਤ ਨਹਿਰ ਦੇ ਪਾਣੀ ਦੀ ਵਾਰੀ ਲਾਣਾ ਸੀ। ਗਰਮੀਆਂ ਵਿਚ ਜਦੋਂ ਰਾਤ ਛੋਟੀ ਹੁੰਦੀ ਹੈ ਮੈਂ ਇਕ ਵਾਰ ਕੋਸ਼ਸ਼ ਵੀ ਕੀਤੀ ਪਰ ਬਾਰਾਂ ਕੁ ਵਜੇ ਹੀ ਖਾਲ ਦੇ ਨਾਲ ਇਕ ਵਗੀ ਹੋਈ ਪੈਲੀ ਵਿਚ ਸੌਂ ਗਿਆ ਤੇ ਦਿਨ ਚੜ੍ਹੇ ਉਠਿਆ। ਪੈਲੀ ਵਿਚ ਇਕ ਦੋ ਵਾਰ ਮੈਂ ਹਲਾਂ ਦਾ ਪੂਰਾ ਜੋਤਰਾ ਲਗਾ ਦਿੱਤਾ। ਸਾਰਾ ਦਿਨ ਫਲ੍ਹੇ ਵੀ ਗਾਹ ਕੇ ਵੇਖੇ ਹਨ। ਮੱਝਾਂ ਚਾਰਨ ਦੀ ਮੈਨੂੰ ਬਹੁਤ ਚੰਗੀ ਜਾਚ ਸੀ। ਮੱਝਾਂ ਨੂੰ ਸ਼ੌਂਕ ਨਾਲ ਘਾਹ ਚਰਦਿਆਂ ਵੇਖ ਕੇ ਮੈਨੂੰ ਬਹੁਤ ਠੰਢ

ਪੈਂਦੀ। 'ਦੋ ਆਨੇ ਦਾ ਘਾਹ'.ਕਹਾਣੀ ਮੈਨੂੰ ਆਪਣੇ ਇਸੇ ਸ਼ੌਂਕ ਵਿਚੋਂ ਸੁੱਝੀ। ਇਕ ਹੋਰ ਕੰਮ ਜਿਸ ਦਾ ਮੈਂ ਉਸਤਾਦ ਨਿਕਲਿਆ ਉਹ ਘੋੜ ਸਵਾਰੀ ਸੀ। ਘੋੜੀਆਂ ਨੂੰ ਮਛਰਾ ਕੇ, ਪੈਲੀਆਂ ਦੇ ਵਿਚੋਂ ਦੀ ਕਈ ਕਈ ਮੀਲ ਭਜਾ ਕੇ ਮੈਨੂੰ ਬਹੁਤ ਸਵਾਦ ਆਉਂਦਾ। ਉਨ੍ਹਾਂ ਨੂੰ ਵੀ ਬਹੁਤ ਥਕਾ ਦੇਂਦਾ ਤੇ ਆਪ ਵੀ ਬਹੁਤ ਥੱਕ ਜਾਂਦਾ।

ਸਾਉਣ ਭਾਦਰੋਂ ਵਿਚ, ਜਦੋਂ ਕਾਲਜ ਵਿਚ ਛੁਟੀਆਂ ਹੁੰਦੀਆਂ, ਮੈਂ ਪਿੰਡ ਆ ਜਾਂਦਾ। ਉਹ ਬਹੁਤ ਕੰਮ ਕਰਨ ਦੇ ਦਿਨ ਹੁੰਦੇ ਸਨ ਤੇ ਲੋਕਾਂ ਨੂੰ ਬਹੁਤ ਸਵੇਰੇ ਉਠਣਾ ਪੈਂਦਾ। ਦੁਪਹਿਰੀ ਕੁਝ ਚਿਰ ਆਰਾਮ ਕਰਨ ਦਾ ਰਿਵਾਜ਼ ਸੀ। ਇਸ ਆਰਾਮ ਵੇਲੇ ਪਿੰਡ ਦੇ ਇਕ ਸਾਂਝੇ ਛੱਤੇ ਹੋਏ ਥਾਂ ਵਿਚ ਬੜੀ ਸਭਾ ਲਗਦੀ। ਹਰ ਉਮਰ ਦੇ ਲੋਕ ਹੁੰਦੇ। ਬੱਚੇ ਕੌਡੀਆਂ ਖੇਡਦੇ, ਉਸ ਤੋਂ ਵਡੇ ਤਾਸ਼ ਅਤੇ ਉਸ ਤੋਂ ਵੀ ਵਡੇ ਪਾਸ਼ਾ ਖੇਡਦੇ। ਬਹੁਤ ਥੱਕੇ ਹੋਏ ਹਾਲੀ ਸੌਂ ਜਾਂਦੇ। ਬੁੱਢੇ ਗੱਲਾਂ ਕਰਦੇ। ਉਸ ਸਭਾ ਦਾ ਕੋਈ ਪਰਧਾਨ ਨਹੀਂ ਹੁੰਦਾ ਸੀ, ਇਸ ਲਈ ਗਲਬਾਤ ਬੜੀ ਹੁਸ਼ਿਆਰੀ ਨਾਲ ਅਤੇ ਸੁਆਦਲੀ ਕਰਨੀ ਪੈਂਦੀ ਸੀ। ਉੱਚੀ ਆਵਾਜ਼ ਵਾਲਿਆਂ ਨੂੰ ਬੜਾ ਫ਼ਾਇਦਾ ਰਹਿੰਦਾ। ਆਵਾਜ਼ ਆਮ ਕਰਕੇ ਉਨ੍ਹਾਂ ਦੀ ਹੀ ਉੱਚੀ ਹੁੰਦੀ ਜਿਨ੍ਹਾਂ ਦੇ ਸਰੀਰ ਬਹੁਤ ਤਕੜੇ ਹੁੰਦੇ।

ਰਾਤ ਨੂੰ ਬਾਪੂ ਤੇ ਭਰਾ ਵਿਚਕਾਰ ਵਾਹੀ ਬਾਰੇ ਸਲਾਹਾਂ ਹੁੰਦੀਆਂ। ਕਿਸ ਪੈਲੀ ਵਿਚ ਕੀ ਬੀਜਣਾ ਹੈ? ਅਰੂੜੀ ਕਿਥੇ ਪਾਣੀ ਹੈ? ਕਿਸ ਕਿਸ ਪੈਲੀ ਨੂੰ ਪਾਣੀ ਦੀ ਬਹੁਤੀ ਲੋੜ ਹੈ। ਸਲਾਹਾਂ ਤਾਂ ਕੀ ਹੁੰਦੀਆਂ ਉਹ। ਭਰਾ ਦੀ ਐਵੇਂ ਮਾੜੀ ਜਿਹੀ ਵੋਟ ਹੀ ਸੀ। ਚਲਦੀ ਬਾਪੂ ਦੀ ਹੀ। ਮੇਰੀ ਮਾੜੀ ਜਿਹੀ ਵੋਟ ਵੀ ਨਹੀਂ ਸੀ। ਇਥੇ ਬੜੇ ਮਹਤਵਪੂਰਨ ਫੈਸਲੇ ਹੁੰਦੇ ਜਿਨ੍ਹਾਂ ਦੇ ਠੀਕ ਹੋਣ ਨਾਲ ਘਰ ਮਾੜਾ ਮੋਟਾ ਚਲਦਾ ਰਹਿਣਾ ਸੀ ਅਤੇ ਗਲਤ ਹੋਣ ਨਾਲ ਉਜੜ ਜਾਣਾ ਸੀ। ਨਾਲੇ ਮੈਨੂੰ ਸਮਝ ਕੋਈ ਨਹੀਂ ਸੀ। ਮਾੜੀ ਵਾਹੀ ਦੇ ਦੋ ਨੁਕਸਾਨ ਹੁੰਦੇ ਹਨ। ਇਕ ਤਾਂ ਗੁਜ਼ਾਰਾ ਚੰਗਾ ਨਹੀਂ ਚਲਦਾ; ਦੂਜਾ ਪਿੰਡ ਵਿਚ ਇੱਜ਼ਤ ਘਟ ਜਾਂਦੀ ਹੈ। ਜਿਸ ਤਰ੍ਹਾਂ ਸ਼ਹਿਰ ਵਿਚ ਬਹੁਤੀ ਤਨਖਾਹ ਵਾਲਾ ਆਦਮੀ ਨਾਲੇ ਤਾ ਪੈਸੇ ਬਹੁਤ ਘਰ ਲੈ ਜਾਂਦਾ ਹੈ, ਨਾਲੇ ਉਹਦਾ ਸੱਜੇ ਖੱਬੇ ਰੁਹਬ ਹੁੰਦਾ ਏ। ਇਸੇ ਤਰ੍ਹਾਂ ਪਿੰਡ ਵਿਚ ਚੰਗੀ ਵਾਹੀ ਵਾਲੇ ਦਾ ਰੁਹਬ ਹੁੰਦਾ ਹੈ, ਨਾਲੇ ਉਸ ਦੀ ਆਮਦਨੀ ਬਹੁਤੀ ਹੁੰਦੀ ਹੈ।

ਇਹ ਸਲਾਹਾਂ ਅਤੇ ਪਿੰਡ ਦੀਆਂ ਹੋਰ ਗੱਲਾਂ ਬਾਤਾਂ ਸੁਨਣ ਨਾਲ ਅਤੇ ਵਾਹੀ ਵਿਚ ਮਾੜਾ ਮੋਟਾ ਫਸਣ ਨਾਲ ਮੈਨੂੰ ਪੇਂਡੂ ਸਮਾਜ ਦਾ ਕੁਝ ਗਿਆਨ ਹੋ ਗਿਆ, ਜਿਸ ਨੇ ਸਾਹਿਤ ਵਿਚ ਮੇਰੀ ਬੜੀ ਸਹਾਇਤਾ ਕੀਤੀ। 1947 ਤੋਂ ਪਿਛੋਂ ਪੇਂਡੂ ਵਾਤਾਵਰਨ ਵਿਚ ਕਹਾਣੀਆਂ ਲਿਖਣ ਦੀ ਮੇਰੀ ਸਮਰਥਾ ਘਟਦੀ ਗਈ।

ਅੱਠ ਦੱਸ ਕਹਾਣੀਆਂ ਛਪਣ ਪਿਛੋਂ ਮੈਂ ਪ੍ਰੋਫੈਸਰ ਮੋਹਨ ਸਿੰਘ ਹੁਰਾਂ ਨਾਲ ਬੈਠਣ ਅਤੇ ਗੱਲਾਂ ਬਾਤਾਂ ਕਰਨ ਲਗ ਪਿਆ। ਉਹ ਮੇਰੀ ਬਹੁਤ ਉਸਤਤ ਕਰਦੇ ਅਤੇ ਮੈਨੂੰ ਵਡੇ ਵਡੇ ਰੂਸੀ ਅਤੇ ਅੰਗਰੇਜ਼ੀ ਕਹਾਣੀਕਾਰਾਂ ਨਾਲ ਤੁਲਨਾ ਦੇਂਦੇ। ਉਹ ਕਹਿੰਦੇ ਮੈਂ ਛੇਤੀ ਹੀ ਤੇਰੀਆਂ ਕਹਾਣੀਆਂ ਦੀ ਪੁਸਤਕ ਛਾਪਾਂਗਾ। ਇਹੋ ਜਿਹੀਆਂ ਗੱਲਾਂ ਸੁਣ ਕੇ ਮੈਂ ਚਕਰਾ ਜਾਂਦਾ। ਜਿਸ ਕਮਰੇ ਵਿਚ ਬੈਠੇ ਹੁੰਦੇ ਉਹ ਕਮਰਾ ਭੌਂਦਾ ਲਗਦਾ। ਮੈਂ ਨਾ ਕੁਝ ਬੋਲ ਸਕਦਾ, ਨਾ ਕੁਝ ਵੇਖ ਸਕਦਾ। ਬਸ ਕੁਰਸੀ ਨੂੰ ਹੱਥ ਪਾ ਕੇ ਬੈਠਾ ਰਹਿੰਦਾ।

ਉਸ ਵੇਲੇ ਤਕ ਮੈਨੂੰ ਕਹਾਣੀਆਂ ਦੇ ਮੇਰੇ ਨਾਂ ਥਲੇ ਪਰਚਿਆਂ ਵਿਚ ਛਪ ਜਾਣ ਦੇ ਪਿਛੋਂ ਦਾ ਕੁਝ ਪਤਾ ਨਹੀਂ ਸੀ। ਮੈਨੂੰ ਇਹ ਖਿਆਲ ਹੀ ਨਹੀਂ ਸੀ ਕਿ ਜੀਵਨ ਵਿਚ ਮੇਰਾ ਵਡਾ ਕੰਮ ਲਿਖਣਾ ਪੜ੍ਹਨਾ ਤੇ ਇਸ ਬਾਰੇ ਸੋਚਣਾ ਹੀ ਹੈ। ਮੈਂ ਆਪਣੇ ਆਪ ਨੂੰ ਨਿਰੋਲ ਸਾਹਿਤਕ ਵਿਅਕਤੀ ਨਹੀਂ ਸਮਝਦਾ ਸਾਂ ਜਿਵੇਂ ਹੁਣ ਸਮਝਦਾ ਹਾਂ। ਲਿਖਣ ਨੂੰ ਐਵੇਂ ਵਿਹਲੇ ਵੇਲੇ ਦਾ ਕੰਮ ਗਿਣਦਾ ਸਾਂ।

ਮੈਂ ਹਰ ਗੱਲ ਪਿੰਡ ਦੇ ਵਾਤਾਵਰਨ ਵਿਚ ਕਰਨ ਦਾ ਇੱਛਕ ਸਾਂ। ਜੇ ਕੋਈ ਖਿਆਲ ਮੈਨੂੰ ਸ਼ਹਿਰੀ ਜੀਵਨ ਵਿਚੋਂ ਵੀ ਸੁਝਦਾ ਤਾਂ ਮੈਂ ਉਸ ਨੂੰ ਧਿਕ ਕੇ ਪਿੰਡ ਲੈ ਜਾਂਦਾ ਤੇ ਉਥੋਂ ਦੇ ਪਾਤਰਾਂ ਰਾਹੀਂ ਉਘਾੜਦਾ। ਉਥੋਂ ਦੀ ਗੱਲ ਕਰਨਾ ਮੇਰੇ ਲਈ ਸੌਖਾ ਸੀ। 'ਮੂਹਲੀ ਜਿਡੇ ਡੌਲੇ' ਵਾਲੀ ਕਹਾਣੀ ਦਾ ਖਿਆਲ ਮੈਨੂੰ ਲਾਹੌਰ ਰਹਿੰਦਿਆਂ ਉਥੋਂ ਦੇ ਜੀਵਨ ਵਿਚੋਂ ਲਭਾ ਪਰ ਮੈਂ ਉਸ ਨੂੰ ਪਿੰਡ ਵਿਚ ਲੈ ਗਿਆ ਤੇ ਉਥੋਂ ਦੀ ਕਹਾਣੀ ਲਿਖੀ। 'ਪਾਸ਼ੋ' ਕਹਾਣੀ ਇਕ ਜਵਾਨ ਹੋ ਰਹੇ ਮੁੰਡੇ ਦੇ ਉਸ ਅਨੁਭਵ ਬਾਰੇ ਹੈ ਜਦੋਂ ਉਸ ਨੂੰ ਪਹਿਲੀ ਵਾਰ ਇਹ ਪਤਾ ਲਗਦਾ ਹੈ ਕਿ ਉਸ ਦੇ ਨਾਲ ਖੇਡਦੀ ਕੁੜੀ ਉਸ ਦੀ ਖੇਡ ਸਾਥਣ ਹੋਣ ਤੋਂ ਬਿਨਾਂ ਇਕ ਹੋਰ ਕਮਾਲ ਦੀ ਚੀਜ਼ ਵੀ ਹੈ। ਇਹ ਅਨੁਭਵ ਪਿੰਡ ਵਿਚ ਰਹਿੰਦਿਆਂ ਵੀ ਹੋ ਸਕਦਾ ਹੈ ਅਤੇ ਸ਼ਹਿਰ ਵਿਚ ਵੀ। ਮੈਨੂੰ ਪੱਕਾ ਯਾਦ ਤਾਂ ਨਹੀਂ ਪਰ ਹੋ ਸਕਦਾ ਹੈ ਕਿ ਇਹ ਖਿਆਲ ਮੈਨੂੰ ਸ਼ਹਿਰ ਵਿਚ ਹੀ ਆਇਆ ਹੋਵੇ। ਪਰ ਮੈਂ ਇਸ ਨੂੰ ਵੀ ਪਿੰਡ ਦੀ ਕਹਾਣੀ ਬਣਾ ਕੇ ਹੀ ਲਿਖਿਆ। ਇਹ ਝੁਕਾ *ਦੁੱਧ ਦਾ ਛੱਪੜ (1955)* ਤੀਕ ਵੀ ਚਲਦਾ ਰਿਹਾ। ਆਪਣੀ ਵਹੁਟੀ ਸਾਹਮਣੇ ਹੀਣਤ ਹੋਣ ਤੋਂ ਬਚਣ ਲਈ ਇਕ ਆਦਮੀ ਵਧੀਆ ਚਾਲ ਚਲਦਾ ਏ। ਇਹ ਕਹਾਣੀ ਮੈਨੂੰ ਸ਼ਹਿਰ ਵਿਚ ਰਹਿੰਦਿਆ ਸੁੱਝੀ। ਓਦੋਂ ਪਿੰਡ ਨਾਲੋਂ ਮੇਰਾ ਸਬੰਧ ਟੁੱਟਿਆਂ ਅਠ ਸਾਲ ਹੋ ਗਏ ਸਨ ਪਰ ਮੇਰੇ ਮਨ ਵਿਚ ਇਹ ਸਬੰਧ ਹਾਲੇ ਜੀਊਂਦਾ ਸੀ। ਹਰਬੰਸ ਸਿੰਘ ਨੇ ਚਾਰ ਪੰਜ ਸਾਲ ਪਿਛੋਂ ਇਸ ਦਾ ਅੰਗਰੇਜ਼ੀ ਵਿਚ ਅਨੁਵਾਦ ਕੀਤਾ ਤੇ ਮੈਨੂੰ ਕਿਹਾ ਕਿ ਇਸ ਕਹਾਣੀ ਜਿਹਾ ਪੇਂਡੂ ਵਾਤਾਵਰਨ ਸਾਰੇ ਪੰਜਾਬੀ ਸਾਹਿਤ ਵਿਚ ਹੋਰ ਕਿਧਰੇ ਨਹੀਂ ਮਿਲਦਾ। 1960 ਵਿਚ 'ਗੱਲ੍ਹਾਂ' ਛਪੀ ਤਾਂ ਖੁਸ਼ਵੰਤ ਸਿੰਘ ਨੇ ਕਿਹਾ ਹੁਣ ਤੂੰ ਪਹਿਲੇ ਵਾਲਾ ਨਹੀਂ ਰਿਹਾ। ਤੇਰੀ ਕਿਰਤ ਵਿਚੋਂ ਪਿੰਡ ਦਾ ਨਾਂ ਨਿਸ਼ਾਨ ਉੱਡ ਗਿਆ ਹੈ। ਇਹ ਗੱਲ ਠੀਕ ਏ। ਕਿਰਤ ਕਰਦੇ ਪੇਂਡੂ ਦਾ ਹੁਣ ਮੇਰੇ ਮਨ ਵਿਚ ਕੋਈ ਨਕਸ਼ਾ ਨਹੀਂ। ਪਿਛਲੇ ਅਨੁਭਵ ਦੇ ਆਧਾਰ ਉਤੇ ਜੇ ਚਾਹਵਾਂ ਤਾਂ ਨਾਵਲ ਲਿਖ ਸਕਦਾ ਹਾਂ। ਕਹਾਣੀਆ ਲਿਖਣ ਲਈ ਪੁਰਾਣਾ ਅਨੁਭਵ ਕੰਮ ਨਹੀਂ ਆਉਂਦਾ।

ਸਾਡਾ ਪਿੰਡ ਪਾਕਿਸਤਾਨ ਬਣਨ ਪਿਛੋਂ ਉਜੜ ਗਿਆ। ਪਿੰਡ ਵਾਲੇ ਥਾਓਂ ਥਾਈਂ ਖਿੰਡ ਗਏ। ਮੈਂ ਸ਼ਹਿਰ ਵਿਚ ਨੌਕਰੀ ਕਰਨ ਲਗ ਪਿਆ। ਪਿੰਡ ਵਾਲੇ ਕੰਮ ਤਾਂ ਉਹੀ ਕਰਦੇ ਨੇ ਜੋ ਪਹਿਲਾਂ ਕਰਦੇ ਸਨ ਪਰ ਮੇਰੇ ਲਈ ਉਨ੍ਹਾਂ ਦੇ ਹੁਣ ਦੇ ਜੀਵਨ ਦਾ ਅਨੁਭਵ ਅਸੰਭਵ ਏ। ਮੈਂ ਜਦੋਂ ਉਨ੍ਹਾਂ ਕੋਲ ਜਾਵਾਂ ਵੀ ਤਾਂ ਪਿਛਲੇ ਪਿੰਡ ਆਉਣ ਵਾਲਾ ਅਹਿਸਾਸ ਕਦੇ ਨਹੀਂ ਹੁੰਦਾ। ਪਿਛਲੇ ਪਿੰਡ ਦੇ ਇਕ ਭਾਗ ਵਿਚ ਹੀ ਜਾਂਦਾ ਹਾਂ ਕਿਉਂਕਿ ਪਿੰਡ ਤਾਂ ਖਿੰਡ ਗਿਆ ਹੋਇਆ ਹੈ। ਮੈਂ ਜਦੋਂ ਜਾਵਾਂ ਤਾਂ ਉਹ ਇਕ ਦਮ ਸ਼ਰਾਬ ਲਭਣ ਤੇ ਕੁਕੜ ਫੜਨ ਲਗ ਜਾਂਦੇ ਹਨ। ਕੁਕੜ ਫੜਦਿਆਂ ਬਣਦਿਆਂ ਤਾਂ ਦੇਰ ਲਗਦੀ ਏ ਪਰ ਸ਼ਰਾਬ ਉਸੇ ਵੇਲੇ ਸ਼ੁਰੂ ਹੋ ਜਾਂਦੀ ਏ। ਪੰਜ ਸਤ ਬੰਦੇ ਇਕਠੇ ਹੋ ਜਾਂਦੇ ਨੇ। ਕੁਝ ਲਤੀਫ਼ੇਬਾਜ਼ੀ ਚਲਦੀ ਏ, ਕੁਝ ਚੌਧਰ ਨਾਲ ਸਬੰਧ ਰਖਦੇ ਟੋਟਕੇ ਬੋਲੇ ਜਾਂਦੇ ਨੇ ਤੇ ਫਿਰ ਅਜਿਹਾ ਸਮਾਂ ਆ ਜਾਂਦਾ ਏ ਜਦੋਂ ਕਿਸੇ ਗੱਲ ਦਾ ਅਰਥ ਕੋਈ ਮਨੋਵਿਗਿਆਨੀ ਕੱਢ ਸਕੇ ਤਾਂ

ਕੱਢੇ, ਮੇਰੇ ਲਈ ਕੁਝ ਨਹੀਂ ਹੁੰਦਾ। ਬਸ ਆਵਾਜ਼ਾਂ ਤੇ 'ਗਲ ਸੁਣ' ਹੀ 'ਗਲ ਸੁਣ'। ਸਵੇਰੇ ਜਿਣਸਾਂ ਦੇ ਭਾਵਾਂ ਦੀਆਂ, ਬੀਆਂ ਦੀਆਂ, ਖਾਦਾਂ ਦੀਆਂ, ਪਾਣੀਆਂ ਦੀਆ ਗੱਲਾਂ ਹੁੰਦੀਆਂ ਨੇ। ਉਨ੍ਹਾਂ ਦੀਆਂ ਆਪਣੀਆਂ ਹੀ ਕੋਈ ਜੜ੍ਹਾਂ ਨਹੀਂ ਲਗੀਆਂ। ਇਹ ਸ਼ਹਿਰੀ ਵੱਸੋਂ ਦਾ ਗੁਣ ਏ। ਬਹੁਤ ਵਧੀਆ ਫਸਲਾਂ ਹੁੰਦੀਆਂ ਨੇ, ਪਾਣੀ ਲਗਦੇ ਨੇ, ਮਹਿੰਗੇ ਭਾਅ ਵਿੱਕਦੀਆਂ ਨੇ। ਪਰ ਮੈਂ ਨਵੇਂ ਪਿੰਡਾਂ ਬਾਰੇ ਨਵੇਂ ਅਨੁਭਵ ਹਾਸਲ ਕਰਨ ਤੋਂ ਅਸਮਰਥ ਹਾਂ। ਉਨ੍ਹਾਂ ਦਾ ਆਪਣਾ ਵੀ ਕਿਸੇ ਥਾਂ ਨਾਲ ਬਹੁਤਾ ਪਿਆਰ ਨਹੀਂ। ਜ਼ਮੀਨ ਜਿਣਸਾਂ ਪੈਦਾ ਕਰਨ ਦਾ ਇਕ ਕਾਰਖਾਨਾ ਜਿਹਾ ਲਗਦੀ ਏ।

ਪਹਿਲਾਂ ਪਿੰਡ ਹੋਰ ਤਰ੍ਹਾਂ ਦਾ ਸੀ। ਪਿੰਡ ਦੇ ਸੌ ਡੇਢ ਸੌ ਜ਼ਿਮੀਂਦਾਰ ਘਰ ਅਸੀਂ ਇਕੋ ਵਡਿੱਕੇ ਦੀ ਔਲਾਦ ਸਾਂ। ਉਸਦੇ ਅੱਗੋਂ ਦੋ ਪੁੱਤਰ ਸਨ ਜਿਨ੍ਹਾਂ ਦੇ ਨਾਂ ਉਤੇ ਦੋ ਪੱਤੀਆਂ ਸਨ। ਇਕ ਨੂੰ ਚੜ੍ਹਦੀ ਪੱਤੀ ਆਖਦੇ ਸਨ ਤੇ ਦੂਜੀ ਨੂੰ ਲਹਿੰਦੀ ਪੱਤੀ। ਜ਼ਮੀਨ ਅਤੇ ਘਰ ਚੜ੍ਹਦੇ ਅਤੇ ਲਹਿੰਦੇ ਪਾਸੇ ਹੋਣ ਕਰਕੇ ਪਿੰਡ ਵਿਚ ਰਹਿੰਦਿਆਂ ਅਸੀਂ ਚੜ੍ਹਦੀ ਪੱਤੀ ਵਾਲੇ ਲਹਿੰਦੀ ਪੱਤੀ ਨੂੰ ਆਪਣੇ ਤੋਂ ਬਹੁਤ ਦੂਰ ਗਿਣਦੇ ਸਾਂ। ਇਸ ਦਾ ਭਾਵ ਕੇਵਲ ਇਹ ਸੀ ਕਿ ਚੜ੍ਹਦੀ ਪੱਤੀ ਵਾਲੇ ਸਾਨੂੰ ਬਹੁਤ ਨੇੜੇ ਸਨ। ਸੱਤ ਪੀੜੀਆਂ ਉੱਤੇ ਜਾ ਕੇ ਅਸੀਂ ਸਾਰੇ ਇਕ ਹੋ ਜਾਂਦੇ ਸਾਂ।

ਜਿਸ ਸਮੇਂ ਇਹ ਪੀੜ੍ਹੀਆਂ ਟੁਰਦੀਆਂ ਉਦੋਂ ਕੁ ਹੀ ਅਸੀਂ ਅਤੇ ਪੰਜਾਬ ਦੇ ਹੋਰ ਲੋਕ ਕੇਸ ਰੱਖ ਕੇ ਸਿੱਖ ਬਣੇ ਸਾਂ। ਜੇ ਹਿਸਾਬ ਲਾਈਏ ਤਾਂ ਰਾਜੇ ਆਲਾ ਸਿੰਘ ਤੋਂ ਪਿੱਛੋਂ, ਜਿਹੜਾ ਪਟਿਆਲੇ ਦੀ ਗੱਦੀ ਉੱਤੇ ਪਹਿਲਾ ਸਿੱਖ ਰਾਜਾ ਸੀ, ਹੁਣ ਤੱਕ ਸੱਤ ਹੀ ਪੀੜ੍ਹੀਆਂ ਬਣਦੀਆਂ ਨੇ। ਜਦੋਂ ਇਹ ਪੀੜ੍ਹੀਆਂ ਉਤਾਂਹ ਟੁਰਦੀਆਂ ਤਾਂ ਸਾਨੂੰ ਆਲੇ ਦੁਆਲੇ ਦੇ ਹੋਰ ਪਿੰਡਾਂ ਨਾਲ ਜੋੜਦੀਆਂ। ਇਕ ਪੀੜ੍ਹੀ ਉਤਾਂਹ ਟੁਰਨ ਨਾਲ ਇਕ ਦੋ ਪਿੰਡ ਹੋਰ ਨਾਲ ਆ ਰਲਦੇ। ਕਿਉਂਕਿ ਜੇ ਇਕ ਭਰਾ ਦੀ ਔਲਾਦ ਨੇ ਪੂਰਾ ਪਿੰਡ ਵਸਾ ਲਿਆ ਸੀ ਤਾਂ ਦੂਜੇ ਭਰਾ ਜਾਂ ਭਰਾਵਾਂ ਦੀ ਔਲਾਦ ਨੇ ਵੀ ਉਸੇ ਤਰ੍ਹਾਂ ਨੇੜੇ ਦੇ ਪਿੰਡ ਵਸਾਏ ਹੋਏ ਸਨ। ਵਿਰਕਾਂ ਦੇ ਉਥੇ ਕੁੱਲ 125 ਪਿੰਡ ਸਨ। ਦਸ ਪੰਦਰਾਂ ਪੁਸ਼ਤਾਂ ਉਤਾਂਹ ਜਾ ਕੇ ਇਹ ਸਾਰੇ ਇਕ ਹੋ ਜਾਂਦੇ ਹੋਣਗੇ। ਇਸ ਤਰ੍ਹਾਂ ਇਹ ਸਿਲਸਿਲਾ ਸ਼ਾਇਦ ਗੁਰੂ ਨਾਨਕ ਜਾਂ ਉਸ ਤੋਂ ਪਿਛਾਂਹ ਖਿਲਜੀਆਂ ਦੇ ਰਾਜ ਤਕ ਅੱਪੜ ਜਾਂਦਾ ਹੋਵੇਗਾ। ਇਹ ਗੱਲਾਂ ਮੈਨੂੰ ਰੌਚਕ ਲਗਦੀਆਂ ਤੇ ਮੈਂ ਹੈਰਾਨ ਹੁੰਦਾ ਕਿ ਪੰਜਾਬ ਦਾ ਇੰਨਾ ਰੌਚਕ ਅਤੇ ਨਿੱਜੀ ਇਤਿਹਾਸ ਪੜ੍ਹਾਨ ਦੀ ਥਾਂ ਸਾਨੂੰ ਆਪਣੇ ਆਪ ਸਿੱਖਣ ਲਈ ਕਿਉਂ ਛੱਡ ਦਿਤਾ ਜਾਂਦਾ ਹੈ। ਸਕੂਲਾਂ ਕਾਲਜਾਂ ਵਿਚ ਕਿਉਂ ਨਹੀਂ ਦਸਿਆ ਜਾਂਦਾ। ਮੈਂ ਬੀ.ਏ. ਤਕ ਇਤਿਹਾਸ ਪੜ੍ਹਿਆ ਸੀ। ਜੇ ਐਮ.ਏ. ਤਕ ਵੀ ਪੜ੍ਹਦਾ ਤਾਂ ਵੀ ਇਹ ਗੱਲਾਂ ਕਿਸੇ ਨਹੀਂ ਸਨ ਦਸਣੀਆਂ ਤੇ ਸਾਨੂੰ ਆਪ ਹੀ ਅੰਗਰੇਜ਼ ਅਫਸਰਾਂ ਦੇ ਲਿਖੇ ਜ਼ਿਲਾ ਗ਼ਜ਼ਟੀਅਰਾਂ ਜਾਂ ਬੰਦੋਬਸਤ ਰਿਪੋਰਟਾਂ ਆਦਿ ਵਿਚੋਂ ਲਭਣੀਆਂ ਪੈਣੀਆਂ ਸਨ। ਖੈਰ, ਸਾਡੇ ਪਿੰਡਾਂ ਵਾਲਿਆਂ ਨੂੰ ਇਨ੍ਹਾਂ ਗੱਲਾਂ ਦਾ ਪਤਾ ਸੀ ਅਤੇ ਉਨ੍ਹਾਂ ਦੇ ਜੀਵਨ ਇਨ੍ਹਾਂ ਗੱਲਾਂ ਦੁਆਲੇ ਹੀ ਉੱਸਰੇ ਹੋਏ ਸਨ।

ਜੋ ਚਿੰਤਨ ਭਾਰਤ ਵਿਚ ਪਛਮ ਜਾਂ ਕਮਿਊਨਿਸਟ ਪਾਰਟੀ ਦੇ ਅਸਰ ਥੱਲੇ ਹੋਇਆ ਹੈ ਉਸ ਵਿਚ ਇਨ੍ਹਾਂ ਗੱਲਾਂ ਨੂੰ ਛੁਪਾਣ ਦਾ ਜਤਨ ਕੀਤਾ ਗਿਆ ਹੈ। ਮੁੱਖ ਖਿਆਲ ਦੋਹਾਂ ਦਾ ਇੱਕੋ ਹੀ ਸੀ ਕਿ ਇਹ ਗੱਲਾਂ ਬੰਦੇ ਨੂੰ ਬੰਦੇ ਨਾਲੋਂ ਵਖਰਿਆਉਂਦੀਆਂ ਹਨ ਤੇ ਸਾਡਾ ਨਿਸ਼ਾਨਾ ਉਨ੍ਹਾਂ ਨੂੰ ਇਕੱਠੇ ਕਰਨਾ ਹੈ। ਪਰ ਇਕੱਠੇ ਹੋਣ ਦਾ ਸਾਧਨ ਕੀ ਆਪਣਾ ਅਪ ਭੁਲਾਣਾ ਹੀ ਹੈ? ਇਕ ਆਦਮੀ ਨੂੰ ਜੇ ਇਹ ਦੱਸ ਦੇਈਏ ਕਿ ਤੇਰਾ ਪਿਓ ਫਲਾਣਾ ਸੀ ਤੇ ਦਾਦਾ ਫਲਾਣਾ ਸੀ ਤਾਂ ਕੀ ਉਹ ਦੂਜਿਆਂ ਨਾਲ ਬੈਠਣ ਤੋਂ ਨਾਂਹ ਕਰ ਦੇਂਦਾ ਹੈ ਤੇ ਆਪਣੇ ਲਈ ਵਖਰੀ ਬੈਠਕ ਮੰਗਦਾ ਹੈ? ਕੱਲ੍ਹ ਨੂੰ ਜੇ ਉਨ੍ਹਾਂ ਨੂੰ ਕੋਈ ਝੂਠ ਮੂਠ ਇਹ ਕਹਿ ਦੇਵੇ ਕਿ ਇਹ ਧਰਤੀ ਤੁਹਾਡੀ ਨਹੀਂ ਹੈ ਜਾਂ ਤੁਸੀਂ ਇਨ੍ਹਾਂ ਲੋਕਾਂ ਵਿੱਚੋਂ ਨਹੀਂ ਹੋ ਤਾਂ ਉਹ ਕੀ ਜਵਾਬ ਦੇਣਗੇ? ਖੈਰ, ਮੇਰੇ ਮਨ ਅੰਦਰ ਤੇ ਸਾਡੇ ਹੋਰ ਲੋਕਾਂ ਦੇ ਮਨ ਅੰਦਰ ਇਸ ਗੱਲ ਦੀ ਪਕੜ ਸੀ ਕਿ ਅਸੀਂ ਸੈਂਕੜੇ ਸਾਲਾਂ ਤੋਂ ਇਥੇ ਬੈਠੇ ਹੋਏ ਹਾਂ। ਇਸੇ ਧਰਤੀ ਉਤੇ ਪਹਿਲਾਂ ਮੱਝਾਂ ਚਾਰਦੇ ਅਤੇ ਫਿਰ ਵਾਹੀ ਕਰਦੇ ਰਹੇ ਹਾਂ।

ਵਿਰਕਾਂ ਦੇ ਪਿੰਡਾਂ ਤੋਂ ਪਰ੍ਹਾਂ ਪੰਝੀ ਤੀਹ ਮੀਲ ਦੀ ਵਿੱਥ ਉਤੇ ਮੇਰੇ ਨਾਨਕਿਆਂ ਦਾ ਪਿੰਡ ਸੀ। ਉਹ ਚੱਠੇ ਸਨ। ਗੁਜਰਾਂਵਾਲੇ ਦੀ ਹਾਫ਼ਜ਼ਾਬਾਦ ਅਤੇ ਵਜ਼ੀਰਾਬਾਦ ਤਹਿਸੀਲਾਂ ਵਿਚ ਚੱਠਿਆਂ ਦੇ ਬਹੁਤੇ ਸਾਰੇ ਪਿੰਡ ਸਨ। ਇਕ ਪਿੰਡ ਇਕ ਆਦਮੀ ਦਾ ਨਹੀਂ ਸਗੋਂ ਇਕ ਬਰਾਦਰੀ ਜਾਂ ਭਾਈਚਾਰੇ ਦਾ ਹੁੰਦਾ ਹੈ ਤੇ ਹੋ ਸਕਦਾ ਹੈ ਕਿਸੇ ਨੂੰ ਵਿਚੋਂ ਦੋ ਏਕੜ ਭੋਇੰ ਵੀ ਨਾ ਆਉਂਦੀ ਹੋਵੇ। ਚੱਠੇ ਬਹੁਤੇ ਮੁਸਲਮਾਨ ਸਨ ਪਰ ਪਿੱਛੋਂ ਉਹ ਸਾਰੇ ਇਕੋ ਵਡਿੱਕੇ ਦੀ ਔਲਾਦ ਸਨ। ਇਸ ਲਈ ਉਹ ਮੁਸਲਮਾਨ ਵੀ ਸਾਨੂੰ ਹੋਰਨਾਂ ਨਾਲੋਂ ਸਕੇ ਸਨ। ਇਹ ਬਰਾਦਰੀਆਂ ਇਕ ਦੂਜੇ ਤੋਂ ਵੱਡੀਆਂ ਛੋਟੀਆਂ ਨਹੀਂ ਸਨ। ਕੇਵਲ ਕਿਸਾਨ ਸਮਾਜ ਦੀ ਵੰਡ ਦੀ ਗੱਲ ਹੈ। ਜਿਹੜੀਆਂ ਬਰਾਦਰੀਆਂ ਇਕ ਦੂਜੇ ਵਲ ਸਾਕ ਕਰਦੀਆਂ ਹੋਣ ਉਨ੍ਹਾਂ ਦੇ ਵੱਡੇ ਤੇ ਛੋਟੇ ਹੋਣ ਦਾ ਕੋਈ ਸਵਾਲ ਨਹੀਂ। ਮੇਰਾ ਇਕ ਭਰਾ ਜ਼ਿਲ੍ਹਾ ਲਾਹੌਰ ਵਿਚ ਢਿਲ੍ਹੂਆਂ ਦੇ ਘਰ ਵਿਆਹਿਆ ਹੋਇਆ ਸੀ। ਢਿਲ੍ਹੂਆਂ ਦੇ ਪਾਕਿਸਤਾਨੀ ਸਰਹੱਦ ਦੇ ਆਰ ਪਾਰ ਬਹੁਤ ਸਾਰੇ ਪਿੰਡ ਸਨ, ਪਰਤਾਪ ਸਿੰਘ ਕੈਰੋਂ ਤੇ ਗੁਰਦਿਆਲ ਸਿੰਘ ਢਿੱਲੋਂ ਦਾ ਇਲਾਕਾ। ਮੈਂ ਆਪ ਏਧਰ ਆ ਕੇ ਗਰੇਵਾਲਾਂ ਦੇ ਵਿਆਹਿਆ ਗਿਆ ਜਿਹੜੀ ਬਰਾਦਰੀ ਲੁਧਿਆਣੇ ਦੇ ਨੇੜੇ ਦੇ ਇਲਾਕੇ ਵਿਚ ਰਹਿੰਦੀ ਹੈ। ਸਾਰੀਆਂ ਕਿਸਾਨ ਬਰਾਦਰੀਆਂ ਇਕ ਦੂਜੇ ਵਲ ਸਾਕ ਲੈਂਦੀਆਂ ਦੇਂਦੀਆਂ ਹਨ। ਕੋਈ ਵੀ ਵੱਡੀ ਜਾਂ ਛੋਟੀ ਨਹੀਂ।

ਮੈਂ ਦੱਸ ਰਿਹਾ ਸਾਂ ਕਿ ਭਾਰਤ ਵਿਚ ਆ ਕੇ ਜਿਹੜੇ ਨਵੇਂ ਪਿੰਡਾਂ ਵਿਚ ਵਿਰਕ ਵੱਸੇ ਸਨ ਉਨ੍ਹਾਂ ਪਿੰਡਾਂ ਵਿਚ ਅੱਜ ਕਲ੍ਹ ਦਾ ਜੀਵਨ ਕਿਹੋ ਜਿਹਾ ਹੈ, ਮੈਨੂੰ ਇਸਦਾ ਕੋਈ ਅਨੁਭਵ ਨਹੀਂ। ਇਸ ਲਈ ਕਹਾਣੀ ਵਿਚ ਵੀ ਮੈਨੂੰ ਅਜ ਕਲ੍ਹ ਦੇ ਕਿਸੇ ਪਿੰਡ ਵਿਚ ਵੜਨ ਤੋਂ ਡਰ ਲਗਦਾ ਏ। 'ਸ਼ੇਰਨੀਆਂ'ਵਿਚ ਪਿੰਡ ਵਿਚ ਪੜ੍ਹਾਣ ਜਾਂਦੀ ਕੁੜੀ ਨੂੰ ਮੈਂ ਸੜਕ ਤੋਂ ਹੀ ਵਿਦਿਆ ਕਰ ਦਿੰਦਾ ਹਾਂ। ਉਸ ਦੇ ਨਾਲ ਪਿੰਡ ਵਿਚ ਨਹੀਂ ਜਾਂਦਾ। ਝਾਕਾ ਆਉਂਦਾ ਹੈ। 'ਮੁੱਢੋਂ ਸੁਢੋਂ' ਕਹਾਣੀ ਵਿਚ ਮੈਂ ਪਿੰਡ ਵਿਚ ਇਕ ਖਾਸ ਘਟਨਾ ਨੂੰ ਵੇਖਣ ਪਰਦੇਸੀਆਂ ਵਾਂਗ ਜਾਂਦਾ ਹਾਂ, ਜਿਵੇਂ ਹੋਰ ਲੋਕ ਜਾਂਦੇ ਹਨ। ਇਸ ਘਟਨਾ ਬਾਰੇ ਹੀ ਵੇਖ ਸੁਣ ਸਕਦਾ ਹਾਂ, ਪਿੰਡ ਦੇ ਜੀਵਨ ਵਿਚ ਪਰਵੇਸ਼ ਨਹੀਂ ਕਰ ਸਕਦਾ। ਮੇਰਾ ਸ਼ਹਿਰ ਵਿਚ ਰਹਿਣਾ, ਮੇਰਾ ਕੰਮ (ਨੌਕਰੀ), ਸਾਡੇ ਆਪਣੇ ਪਿੰਡ ਦਾ ਉਜੜ ਜਾਣਾ ਤੇ ਏਸ ਪਾਸੇ ਕੋਈ ਪੁਰਾਣਾ ਪਿੰਡ ਨਾ ਹੋਣ ਕਰਕੇ ਕਿਧਰੇ ਜੜ੍ਹਾਂ ਨਾ ਲਗਣੀਆਂ, ਇਹ ਸਭ ਗੱਲਾਂ ਮੇਰੇ ਹੁਣ ਦੇ ਪੇਂਡੂ ਜੀਵਨ ਦੇ ਚਿਤਰਨ ਦੇ ਰਾਹ ਵਿਚ ਰੁਕਾਵਟਾਂ ਹਨ। ਜਿਸ ਗੱਲ ਦੀ ਮੇਰਾ ਦਿਲ ਸਾਖੀ ਨਾ ਭਰੇ ਉਹ ਲਿਖਣ ਤੋਂ ਸੰਕੋਚ ਕਰਦਾ ਹਾਂ। ਅਸਲ ਵਿਚ ਮੇਰੇ ਇਹ ਗੱਲ ਕਰਨ ਦੀ ਲੋੜ ਹੀ ਨਹੀਂ। ਇਸ ਤੋਂ ਕਿਸੇ ਦਾ ਥੁੜ੍ਹਿਆ ਵੀ ਕੀ ਏ!

ਇਹੀ ਗੱਲ ਸਮਾਜ ਦੀ ਸਭ ਤੋਂ ਵਧ ਪੀੜਤ ਸ਼੍ਰੇਣੀ ਦੇ ਮੇਰੇ ਚਿਤਰਨ ਉਤੇ ਵੀ ਢੁਕਦੀ ਹੈ। ਮੈਂ ਇਸ ਵਿਚ ਕਦੀ ਨਹੀਂ ਵੜਿਆ। ਮੈਨੂੰ ਸੰਪਤੀ ਰਹਿਤ ਜਾਂ ਘੋਰ ਨਿਰਾਦਰ ਵਾਲੇ ਜੀਵਨ ਦਾ ਕੋਈ ਅਨੁਭਵ ਨਹੀਂ। ਅਗੇ ਵਾਹੀ ਏਨਾ ਘਾਟੇ ਵਾਲਾ ਸੌਦਾ ਹੁੰਦਾ ਸੀ ਕਿ ਇਹ ਬੁਝਣਾ ਔਖਾ ਹੁੰਦਾ ਸੀ ਕਿ ਜਿਨ੍ਹਾਂ ਹੋਰ ਗਰੀਬਾਂ ਨੂੰ ਜ਼ਿੰਮੀਂਦਾਰ ਅਗੇ ਕੰਮ ਉਤੇ ਲਾਂਦੇ ਹਨ ਉਹ ਵਧ ਸੌਖੇ ਹਨ ਜਾਂ ਉਹ ਆਪ ਕੰਮ ਉਤੇ ਲਾਣ ਵਾਲੇ। ਚੰਗੇ ਕਾਮੇ ਨੂੰ ਸਾਰਾ ਸਾਲ ਰੋਟੀ ਮਾਲਕ ਕਿਸਾਨ ਕੋਲੋਂ ਖਾਣ ਪਿਛੋਂ ਸਾਲ ਦੇ ਅਖੀਰ ਉਤੇ ਚਾਲੀ ਮਣ ਕਣਕ ਮਿਲਦੀ ਸੀ। ਚੂੰਕਿ ਉਹਦੀ ਵਹੁਟੀ ਵੀ ਕਿਸਾਨ ਦੇ ਘਰ ਦਾ ਕੰਮ ਕਰਦੀ ਸੀ ਉਹ ਆਪਣੇ ਜੋਗੀ ਰੋਟੀ ਲੈ ਜਾਂਦੀ ਹੋਵੇਗੀ। ਕਈ ਕਿਸਾਨ, ਭਾਵੇਂ ਉਹ ਮੂੰਹੋਂ ਨਾ ਕਹਿੰਦੇ ਹੋਣ, ਸਾਲ ਦੇ ਅੰਤ ਉਤੇ ਇਤਨੀ ਬੱਚਤ ਲਈ ਤਰਸਦੇ ਹੋਣਗੇ। ਉਨ੍ਹਾਂ ਮਾਮਲਾ ਤਾਰਨ ਲਈ ਸ਼ਾਇਦ ਕਰਜ਼ਾ ਚੁੱਕਣਾ ਹੁੰਦਾ ਸੀ। ਪਰ ਇਹ ਵਖ਼ਤਾਂ ਅਤੇ ਕਰਜ਼ਿਆਂ ਵਾਲਾ ਜੀਵਨ ਜਿਉਂਦਾ ਹੋਇਆਂ ਵੀ ਉਹ ਪਿੰਡ ਵਿਚ ਇਕ (ਜ਼ਮੀਨ ਦਾ) ਮਾਲਕ ਸੀ। ਤੇ ਉਥੋਂ ਦੇ ਅਤੇ ਹੋਰ ਨੇੜੇ ਤੇੜੇ ਦੇ ਵੱਡੇ ਤੋਂ ਵੱਡੇ ਆਦਮੀ ਦੇ ਬਰਾਬਰ ਸੀ। ਠਾਣੇਦਾਰ ਜਾਂ ਤਹਿਸੀਲਦਾਰ ਦੀ ਗੱਲ ਵੱਖਰੀ ਸੀ। ਆਮ ਕਰਕੇ ਕਿਸੇ ਹੋਰ ਕਾਮੇ ਨੂੰ ਉਹ ਬੜੀ ਮਿੰਨਤ ਨਾਲ ਕੰਮ ਕਰਨ ਆਉਣ ਲਈ ਆਖਦਾ ਸੀ। ਪਰ ਆਖਦਾ ਤਾਂ ਆਖਰ ਇਹ ਹੀ ਸੀ ਕਿ ਨਾ ਕਿ ਮੇਰੇ ਖੇਤ ਵਿਚ ਕੰਮ ਕਰਨ ਆਵੀਂ। ਇਨ੍ਹਾਂ ਪਿੰਡਾਂ ਦੇ ਬੇਜ਼ਮੀਨ ਕਾਮਿਆਂ ਦੇ ਘਰਾਂ ਵਿਚ ਕਿਵੇਂ ਹੁੰਦਾ ਸੀ, ਇਸ ਦਾ ਮੈਨੂੰ ਚੰਗਾ ਅਨੁਭਵ ਨਹੀਂ। ਖੇਤ ਕਾਮਿਆਂ ਤੋਂ ਬਿਨਾਂ ਪਿੰਡਾਂ ਵਿਚ ਹੋਰ ਬੇ-ਜ਼ਮੀਨੇ (ਮੁਸਲਮਾਨ) ਲੋਕ ਵੀ ਬਹੁਤ ਹੁੰਦੇ ਸਨ। ਅਸਲ ਵਿਚ ਛੋਟੀ ਮਾਲਕੀ ਦੇ ਪਿੰਡਾਂ ਵਿਚ ਬਹੁ ਗਿਣਤੀ ਇਨ੍ਹਾਂ ਦੀ ਹੀ ਹੁੰਦੀ (ਜੇ ਇਹ ਗੱਲ ਨਾ ਹੁੰਦੀ ਤਾਂ ਪਾਕਿਸਤਾਨ ਦੀ ਸਰਹੱਦ ਅੰਮ੍ਰਿਤਸਰ ਦੇ ਏਨੀ ਨੇੜੇ ਨਾ ਬਣਦੀ)। ਇਨ੍ਹਾਂ ਦੇ ਘਰਾਂ ਦਾ ਵੀ ਮੈਨੂੰ ਕੋਈ ਪਤਾ ਨਹੀਂ ਸੀ। ਪਿੰਡਾਂ ਵਿਚ ਮੁੰਡਿਆਂ ਦੇ ਇਕ ਦੂਜੇ ਦੇ ਘਰ ਜਾਣ ਦਾ ਕੋਈ ਰਿਵਾਜ਼ ਨਹੀਂ ਸੀ। ਉਹ ਖੇਡਣ ਲਈ ਪਿੰਡ ਦੇ ਬਾਹਰ ਹੀ ਇਕੱਠੇ ਹੁੰਦੇ ਅਤੇ ਕੰਮ ਦੂਰ ਖੇਤਾਂ ਵਿਚ ਕਰਦੇ। ਕੁੜੀਆ ਹੀ ਇਕ ਦੂਜੀ ਦੇ ਘਰਾਂ ਵਿਚ ਜਾਂਦੀਆਂ ਸਨ।

ਕੁਝ ਮਿੱਤਰ ਇਹ ਕਹਿੰਦੇ ਹਨ ਕਿ ਭਾਵੇਂ ਮੈਂ ਸਮਾਜ ਦੀ ਤੋਰ ਨੂੰ ਜਾਂਚ ਕੇ ਰੂਪਮਾਨ ਵੀ ਕਰ ਸਕਦਾ ਹਾਂ ਮੈਂ ਉਸ ਨੂੰ ਕਮਿਊਨਿਸਟ ਦਰਸ਼ਨ ਅਨੁਸਾਰ ਬਦਲਦਾ ਨਹੀਂ ਚਿਤਰਦਾ। ਕਿਧਰੇ ਕਰਾਂਤੀ ਦੀ ਗੱਲ ਨਹੀਂ, ਨਾ ਹੀ ਮੈਂ ਕੋਈ ਕਰਾਂਤੀਕਾਰੀ ਪਾਤਰ ਚਿਤਰਿਆ ਹੈ। ਇਹ ਗੱਲ ਠੀਕ ਹੈ। ਜੇ ਆਪਣੇ ਕੋਲੋਂ ਘੜ ਕੇ ਹੀ ਕੁਝ ਚਿਤਰਨਾ ਹੈ ਤਾਂ ਕਮਿਊਨਿਸਟ ਆਪ ਹੀ ਚਿਤਰ ਸਕਦੇ ਹਨ। ਕਿਸੇ ਲੇਖਕ ਦੀ ਕੀ ਲੋੜ ਹੈ? ਅਸਾਂ ਆਪਣੀ ਸੰਭਾਲ ਵਿਚ ਕੋਈ ਕਰਾਂਤੀ ਨਹੀਂ ਵੇਖੀ। ਸਮਝੋਤੇ ਹੁੰਦੇ ਹੀ ਵੇਖੇ ਹਨ। ਅਕਾਲੀਆਂ ਦਾ ਤੇ ਕਦੀ ਕਮਿਊਨਿਸਟਾਂ ਦਾ ਕਾਂਗਰਸ ਨਾਲ ਸਮਝੋਤਾ। ਕਮਿਊਨਿਸਟਾਂ (ਖੱਬੇ ਤੇ ਸੱਜੇ ਦੋਹਾਂ) ਦਾ ਅਕਾਲੀਆਂ ਅਤੇ ਜਨ ਸੰਘ ਨਾਲ ਸਮਝੋਤਾ ਆਦਿ। ਫਿਰ ਕਰਾਂਤੀ ਕਿਵੇਂ ਚਿਤਰਾਂ?

ਉਂਜ ਮੈਂ ਆਲੇ ਦੁਆਲੇ ਦੇ ਲੋਕਾਂ ਬਾਰੇ ਕਾਫੀ ਚਿੰਤਾਤੁਰ ਰਹਿੰਦਾ ਹਾਂ। ਦੋ ਵੱਡੇ ਕੰਮ ਗਰੀਬੀ ਹਟਾਣਾ ਤੇ ਲੋਕਾਂ ਨੂੰ ਨਵੇਂ ਜ਼ਮਾਨੇ ਬਾਰੇ ਗੱਲਾਂ ਦੱਸਣੀਆਂ ਹਨ। ਕਈ ਵਾਰੀ ਮੇਰੇ ਲਈ ਭਲੇ ਬੁਰੇ ਦੀ ਪਛਾਣ ਮੁਸ਼ਕਲ ਹੁੰਦੀ ਏ। ਪਰ ਜਿਨ੍ਹਾਂ ਗੱਲਾਂ ਬਾਰੇ ਮੈਂ ਪੱਕਾ ਨਹੀਂ ਉਨ੍ਹਾਂ ਵਿਚੋਂ ਇਕ ਲਿੰਗ ਸਬੰਧ ਹਨ। ਇਸ ਬਾਰੇ ਬਹੁਤਾ ਰੋਲ ਘਚੋਲਾ ਇਸ ਕਰਕੇ ਹੈ ਕਿ ਲੋਕ ਆਪਣੇ ਲਈ ਹੋਰ ਤਰ੍ਹਾਂ ਸੋਚਦੇ ਹਨ ਤੇ ਲੋਕਾਂ ਲਈ ਹੋਰ ਤਰ੍ਹਾਂ। ਲੜਕੀਆਂ ਲੜਕਿਆਂ ਦੀ ਇਕੱਠੀ ਪੜ੍ਹਾਈ ਦੇ ਇਕ ਕਾਲਜ ਵਿਚ ਮੈਂ ਵੇਖਿਆ ਕਿ ਉਥੇ ਕੁੜੀਆਂ ਮੁੰਡਿਆਂ ਨੂੰ ਆਪੋ ਵਿਚ ਗੱਲ ਕਰਨੀ ਵੀ ਮਨ੍ਹਾਂ ਸੀ। ਪ੍ਰਿੰਸੀਪਲ ਦੇ ਇਕ ਇਸਤਰੀ ਪ੍ਰੋਫੈਸਰ ਨਾਲ ਗੂੜ੍ਹੇ ਸਬੰਧ ਸਨ ਤੇ ਉਹ ਦੋਵੇਂ ਮਿਲ ਕੇ ਇਸ ਨਿਯਮ ਦੀ ਕਰੜੀ ਪਾਲਣਾ ਕਰਵਾਉਂਦੇ। 'ਸਾਡੇ ਉਤੇ ਬਹੁਤ ਵੱਡੀ ਜ਼ੁੰਮੇਵਾਰੀ ਹੈ, ਉਹ ਆਖਦੇ ਤੇ ਜਿਹੜੇ ਸਬੰਧ ਉਨ੍ਹਾਂ ਦੇ ਆਪੋ ਵਿਚ ਦੇ ਸਬੰਧਾਂ ਦੇ ਪਾਸਕੂ ਵੀ ਨਾ ਹੁੰਦੇ ਉਨ੍ਹਾਂ ਲਈ ਸਜ਼ਾਵਾਂ ਦਿੰਦੇ। ਅੱਜ ਤੋਂ ਪੰਦਰਾਂ ਸਾਲ ਪਹਿਲਾਂ ਮੈਂ ਇਕ ਕਹਾਣੀ 'ਦੋ ਝਾਕੀਆਂ' ਲਿਖੀ ਸੀ। ਉਸ ਵਿਚ ਇਕ ਪਤੀਵਰਤਾ ਇਸਤਰੀ ਅਤੇ ਇਕ ਖੁਲ੍ਹੇ ਸੁਭਾ ਦੀ ਇਸਤਰੀ ਵਖਾਈ ਸੀ। ਮੈਨੂੰ ਦੋਵੇਂ ਚੰਗੀਆਂ ਲਗੀਆਂ ਸਨ। ਭਾਵੇਂ ਖੁਲ੍ਹੇ ਸੁਭਾ ਵਾਲੀ ਇਸਤਰੀ ਨੇ ਪੜ੍ਹ ਕੇ ਸ਼ਿਕਾਇਤ ਕੀਤੀ ਸੀ ਕਿ ਉਸ ਦਾ ਚਰਿਤ੍ਰ ਖਰਾਬ ਵਿਖਾਇਆ ਗਿਆ ਹੈ।

ਇਸ ਵੇਲੇ ਮਨ ਦੀ ਹਾਲਤ ਇਹ ਹੈ ਕਿ ਹੋਰ ਕਿਸੇ ਪ੍ਰਕਾਰ ਦੀ ਸੰਭਵ ਪ੍ਰਾਪਤੀ ਨਾਲੋਂ ਕੁਝ ਜਾਨਣ, ਸਮਝਣ ਅਤੇ ਲਿਖਣ ਵਿਚ ਪ੍ਰਾਪਤੀ ਨੂੰ ਉੱਤਮ ਗਿਣਦਾ ਹਾਂ ਅਤੇ ਇਸ ਵਿਚ ਹੀ ਬਹੁਤਾ ਮਨ ਲਗਦਾ ਹੈ। ਮੈਨੂੰ ਸਾਹਿਤ ਵਿਚ ਅਯੋਗ ਆਦਰ ਮਿਲੇ ਹੋਣ ਦਾ ਵੀ ਕੁਝ ਅਹਿਸਾਸ ਹੈ। ਤੇ ਉਸ ਦਾ ਭਾਰ ਲਾਹਣ ਲਈ ਵੀ ਮੈਂ ਲਿਖਦੇ ਰਹਿਣਾ ਚਾਹੁੰਦਾ ਹਾਂ।●

(ਫ਼ਿਲਹਾਲ - ਪੁਸਤਕ ਲੜੀ 7- ਵਿੱਚੋਂ ਧੰਨਵਾਦ ਸਹਿਤ)

ਫ਼ਿਲਹਾਲ ਲਈ ਸੰਪਰਕ:
ਸੰਪਾਦਕ: ਗੁਰਬਚਨ e-mail: guru534@gmail.com Ph: (Mob.) 9872506926 - 0172-4624504

ਫੋਟੋ: ਹੇਠਲੇ ਵੈੱਬਸਾਈਟ ਤੋਂ ਧੰਨਵਾਦ ਸਹਿਤ
http://www.ksvirk.in/english/pictures.html

ਪੁਰਾਣਾ ਸਾਹਿਤ ਪੜ੍ਹਦਿਆਂ

### ਗੁਰਬਖਸ਼ ਸਿੰਘ ਦੇ ਨਾਵਲ

# ਅਣਵਿਆਹੀ ਮਾਂ

### ਬਾਰੇ ਇਕ ਟਿੱਪਣੀ




## ਸਾਧੂ ਬਿਨਿੰਗ

ਮੈਂ ਗੁਰਬਖਸ਼ ਸਿੰਘ ਦਾ ਇਹ ਨਾਵਲ 'ਅਣਵਿਆਹੀ ਮਾਂ' ਬਹੁਤ ਦੇਰ ਪਹਿਲਾਂ ਪੜ੍ਹਿਆ ਸੀ। ਇਸ ਬਾਰੇ ਚੇਤੇ ਵਿੱਚੋਂ ਬਹੁਤਾ ਕੁਝ ਕਿਰ ਚੁੱਕਾ ਸੀ।

ਉਸ ਨੇ ਇਹ ਨਾਵਲ 1940 ਦੇ ਦੁਆਲੇ ਲਿਖਿਆ ਸੀ। ਪਹਿਲਾਂ ਇਹ 'ਪ੍ਰੀਤ ਲੜੀ' ਅਤੇ 'ਪ੍ਰੀਤ ਕਹਾਣੀਆਂ' ਵਿਚ ਛਪਿਆ ਤੇ ਫੇਰ 1942 ਵਿਚ ਪਹਿਲੀ ਵਾਰੀ ਕਿਤਾਬੀ ਰੂਪ ਵਿਚ। ਹੁਣ ਤੱਕ ਇਸ ਦੇ ਕਈ ਐਡੀਸ਼ਨ ਛਪ ਚੁੱਕੇ ਹਨ।

ਇਹ ਨਾਵਲ ਯਥਾਰਥਵਾਦੀ ਨਹੀਂ ਸਗੋਂ ਚੇਤਨ ਤੌਰ 'ਤੇ ਸਮਾਜ ਨੂੰ ਬਦਲਣ ਦੇ ਇਰਾਦੇ ਨਾਲ ਲਿਖਿਆ ਗਿਆ ਹੈ। ਇਹ ਮਨ ਘੜਤ ਹੈ ਤੇ ਹਿੰਦੀ ਫਿਲਮਾਂ ਵਾਂਗ ਇਸ ਵਿਚਲੇ ਮੌਕਾ ਮੇਲ ਕਾਫੀ ਨਿਰਾਸ਼ਾ ਵਾਲੇ ਵੀ ਹਨ। ਪਰ ਜਿਸ ਸਮੇਂ ਇਹ ਲਿਖਿਆ ਗਿਆ ਅਤੇ ਜਿਸ ਇਰਾਦੇ ਨਾਲ ਲਿਖਿਆ ਗਿਆ ਉਸ ਨੂੰ ਧਿਆਨ ਵਿਚ ਰੱਖ ਕੇ ਦੇਖਿਆਂ ਇਸ ਦੀ ਹਰ ਤਰ੍ਹਾਂ ਸਿਫਤ ਕਰਨੀ ਬਣਦੀ ਹੈ। ਸਿਫਤ ਵਾਲੀ ਗੱਲ ਇਹ ਵੀ ਹੈ ਕਿ ਗੁਰਬਖਸ਼ ਸਿੰਘ ਨਾਵਲ ਦੇ ਸ਼ੁਰੂ ਵਿਚ ਲਿਖੇ ਸ਼ਬਦਾਂ ਰਾਹੀ ਆਪਣੀ ਲਿਖਤ ਦੇ ਇਸ ਪੱਖ ਨੂੰ ਬਹੁਤ ਹੀ ਪ੍ਰਭਾਵਸ਼ਾਲੀ ਤਰੀਕੇ ਨਾਲ ਪੇਸ਼ ਕਰਦਾ ਹੈ:

> "ਮੇਰੀ ਕੋਈ ਕਹਾਣੀ ਨੁਕਤਾਚੀਨੀ ਤੋਂ ਬਿਨਾਂ ਪੜ੍ਹੀ ਜਾਣ ਵਾਲੀ ਨਹੀਂ ਹੁੰਦੀ -ਕਿਉਂਕਿ ਅਜੇ ਤਕ ਕਦੀ ਆਪਣੇ ਜਾਂ ਦੂਜਿਆਂ ਦੇ ਦਿਲ-ਪਰਚਾਵੇ ਲਈ ਮੈਂ ਕੁਝ ਨਹੀਂ ਲਿਖ ਸਕਿਆ। ਮੇਰੀ ਲੇਖਣੀ ਦਾ ਹਰ ਭਾਗ ਗਲਤ ਕੀਮਤਾਂ ਦੇ ਖਿਲਾਫ ਪ੍ਰਗਟ ਜਾਂ ਅਪ੍ਰਗਟ ਗਿਲਾ ਹੈ। ਮੇਰਾ ਯਕੀਨ ਹੈ ਕਿ ਮਨੁੱਖ ਦੀ ਤਕਦੀਰ ਵਿਚ ਸਿਵਾਏ ਉਸ ਦੀਆਂ ਆਪ ਪ੍ਰਚੱਲਤ ਕੀਤੀਆਂ ਗਲਤ ਕੀਮਤਾਂ ਦੇ ਹੋਰ ਕੋਈ ਵੀ ਦੁੱਖ ਨਹੀਂ। ਜ਼ਿੰਦਗੀ ਹਰ ਕਿਸੇ ਲਈ ਇਕ ਦਿਲਚਸਪ ਘਟਨਾ ਹੈ। ਨਾ ਜ਼ਿੰਦਗੀ ਤੋਂ ਪਹਿਲਾਂ ਕੋਈ ਮੁਸੀਬਤ ਸੀ, ਨਾ ਜ਼ਿੰਦਗੀ ਤੋਂ ਪਿੱਛੋਂ ਕੋਈ ਹੋਵੇਗੀ। ਸਾਰੀਆਂ ਮੁਸੀਬਤਾਂ ਦਾ ਜਾਲ ਮਨੁੱਖ ਨੇ ਗਲਤ ਕੀਮਤਾਂ ਤੇ ਗਲਤ ਅਨੁਮਾਨਾਂ ਨਾਲ ਆਪ ਉਣਿਆਂ ਹੈ। ਜਦੋਂ ਵੀ ਮਨੁੱਖ ਇਸ ਜਾਲ ਨੂੰ ਤੋੜਨ ਦਾ ਹੌਂਸਲਾ ਕਰ ਲਵੇਗਾ।, ਉਦੋਂ ਹੀ ਉਸ ਲਈ ਜ਼ਿੰਦਗੀ ਇਕ ਅਨੂਪਮ ਰਚਨਾ ਬਣ ਸਕਦੀ ਹੈ।"

ਨਾਵਲ 'ਅਣਵਿਆਹੀ ਮਾਂ' ਵਿਚ ਬਹੁਤ ਕੁਝ ਇਸ ਤਰ੍ਹਾਂ ਵੀ ਲਗਦਾ ਹੈ ਜਿਸ ਤਰ੍ਹਾਂ ਗੁਰਬਖਸ਼ ਸਿੰਘ ਨੇ ਕਿਸੇ ਅੰਗਰੇਜ਼ੀ ਦੇ ਨਾਵਲ ਦੀ ਨਕਲ ਕੀਤੀ ਹੋਵੇ। ਕਈ ਵਾਰੀ ਕਈ ਵਾਕ ਤੇ ਮੁਹਾਵਰਾ ਵੀ ਅੰਗਰੇਜ਼ੀ ਦਾ ਭੁਲੇਖਾ ਪਾਉਂਦੇ ਹਨ। ਨਾਵਲ ਵਿਚ ਵਰਤੀ ਗਈ ਬੋਲੀ ਬੜੀ ਗਿਣੀ ਮਿਥੀ ਅਤੇ 'ਫਾਰਮਲ' ਜਾਪਦੀ ਹੈ। ਨਾਵਲ ਦੀ ਪਾਤਰ ਇਕ ਬੰਗਾਲੀ ਔਰਤ ਹੈ ਅਤੇ ਉਹ ਕਿਹੜੀ ਬੋਲੀ ਬੋਲਦੀ ਹੈ ਇਸ ਗੱਲ ਦਾ ਵੀ ਕੁਝ ਸਾਫ ਸਾਫ ਪਤਾ

ਨਹੀਂ ਲਗਦਾ। ਇਸ ਕਿਸਮ ਦੀਆਂ ਕਈ ਗੱਲਾਂ ਨਾਵਲ ਪੜ੍ਹਨ ਸਮੇਂ ਰੜਕਦੀਆਂ ਹਨ। ਮੇਰੀ ਨਜ਼ਰ ਵਿਚ ਇਹ ਸਾਰੀਆਂ ਤਰੁੱਟੀਆਂ ਵੀ ਇਸ ਨਾਵਲ ਦੀ ਵਡਿਆਈ ਵਿਚ ਕੋਈ ਫਰਕ ਨਹੀਂ ਪਾਉਂਦੀਆਂ।



(ਗੁਰਬਖਸ਼ ਸਿੰਘ)

ਨਾਵਲ ਦੀ ਕਹਾਣੀ ਇਸ ਤਰ੍ਹਾਂ ਹੈ (ਪਾਠਕਾਂ ਤੋਂ ਮੁਆਫੀ ਸਹਿਤ): ਪੁਲੀਸ ਇਕ ਕੈਦੀ ਨੂੰ ਲਈ ਜਾ ਰਹੀ ਹੈ ਜਿਸ ਨੂੰ ਕਿਸੇ ਕਤਲ ਬਦਲੇ ਫਾਂਸੀ ਦੀ ਸਜ਼ਾ ਮਿਲੀ ਹੈ। ਪੁਲੀਸ ਦੀ ਲਾਰੀ ਦੀ ਟੱਕਰ ਹੁੰਦੀ ਹੈ ਅਤੇ ਉਨ੍ਹਾਂ ਨੂੰ ਬਾਕੀ ਦਾ ਰਾਹ ਤੁਰ ਕੇ ਜਾਣਾ ਪੈਂਦਾ ਹੈ। ਉੱਥੇ ਹੀ ਸੈਰ ਕਰਦੀ ਇਕ ਕੁੜੀ ਉਨ੍ਹਾਂ ਨੂੰ ਮਿਲਦੀ ਹੈ। ਉਹ ਕੈਦੀ ਨੂੰ ਜਾਣਦੀ ਹੈ ਜੋ ਉਹਦੇ ਨਾਲ ਕਾਲਜ ਵਿਚ ਪੜ੍ਹਦਾ ਸੀ। ਉਹ ਉਸ ਨੂੰ ਮਿਲੀ ਸਜ਼ਾ ਸੁਣ ਕੇ ਉਸ ਨਾਲ ਹਮਦਰਦੀ ਕਰਦੀ ਹੈ ਅਤੇ ਰਾਤ ਉਸ ਨਾਲ ਗੁਜ਼ਾਰਦੀ ਹੈ। ਦੂਜੇ ਦਿਨ ਉੱਥੇ ਇਕ ਭੁਚਾਲ ਆਉਂਦਾ ਹੈ ਅਤੇ ਬਹੁਤ ਸਾਰੇ ਲੋਕ ਮਰ ਜਾਂਦੇ ਹਨ। ਮਰਨ ਵਾਲਿਆਂ ਵਿਚ ਉਸ ਕੈਦੀ ਦਾ ਨਾਂਅ ਵੀ ਸ਼ਾਮਲ ਹੈ ਪਰ ਉਹ ਅਸਲ ਵਿਚ ਮਰਦਾ ਨਹੀਂ। ਕੁੜੀ ਗਰਭਵਤੀ ਹੈ ਅਤੇ ਉਸ ਦੇ ਘਰ ਦੇ ਉਸ ਨੂੰ ਅਬੋਰਸ਼ਨ ਲਈ ਕਹਿੰਦੇ ਹਨ ਪਰ ਉਹ ਇਨਕਾਰ ਕਰਦੀ ਹੈ ਅਤੇ ਆਪਣੀ ਮਰਜ਼ੀ ਨਾਲ ਘਰੋਂ ਨਿਕਲ ਜਾਂਦੀ ਹੈ ਪਰ ਘਰਦਿਆਂ ਨੂੰ ਇਹ ਭੁਲੇਖਾ ਪਾ ਦਿੰਦੀ ਹੈ ਕਿ ਉਹ ਮਰ ਗਈ ਹੈ। ਇੱਥੋਂ ਹੀ ਨਾਵਲ ਦੀ ਅਸਲੀ ਗੱਲ ਸ਼ੁਰੂ ਹੁੰਦੀ ਹੈ। ਉਸ ਕੁੜੀ ਨੂੰ ਕਿਤੇ ਵੀ ਸਹਾਰਾ ਨਹੀਂ ਮਿਲਦਾ। ਗੁਰਬਖਸ਼ ਸਿੰਘ ਉਸ ਕੁੜੀ ਨੂੰ ਪੰਜਾਬੀ ਸਮਾਜ ਵਿਚ ਵਿਚਰਦਿਆਂ ਦਰਸਾਉਂਦਾ ਹੈ ਅਤੇ ਸਮਾਜ ਵਿਚ ਕੋਈ ਵੀ ਅਜਿਹੀ ਜਗ੍ਹਾ ਨਹੀਂ ਜਿੱਥੇ ਉਹ ਕੁੜੀ ਮਰਦਾਂ ਦੀਆਂ ਕਾਮ ਭੁੱਖੀਆਂ ਅੱਖਾਂ ਤੋਂ ਬਚ ਕੇ ਰਹਿ ਸਕੇ। ਉਹ ਸਾਰੇ ਧਰਮਾਂ ਦਾ ਦਰ ਖੜਕਾਉਂਦੀ ਹੈ ਪਰ ਉਸ ਨੂੰ ਉੱਥੇ ਵੀ ਉਸੇ ਕਿਸਮ ਦਾ ਤਰਜਰਬਾ ਹੁੰਦਾ ਹੈ। ਅਖੀਰ ਵਿਚ ਉਸ ਨੂੰ ਇਕ ਇਸਾਈ ਧਾਰਮਿਕ ਅਦਾਰੇ ਵਿਚ ਸਿਰ ਲੁਕੋਣ ਦੀ ਥਾਂ ਮਿਲਦੀ ਹੈ। ਉੱਥੇ ਉਹ ਆਪਣੇ ਮੁੰਡੇ ਨੂੰ ਜਨਮ ਦਿੰਦੀ ਹੈ। ਅਖੀਰ ਉਸ ਨੂੰ ਉੱਥੋਂ ਵੀ ਇਕ ਸਾਲ ਬਾਅਦ ਨਿਕਲਣਾ ਪੈਂਦਾ ਹੈ। ਫੇਰ ਉਹ ਇਕ ਸਿਆਣੀ ਉਮਰ ਦੇ ਡਾਕਟਰ ਕੋਲ ਰਹਿੰਦੀ ਹੈ ਜੋ ਉਸ ਨੂੰ ਆਪਣੀ ਧੀ ਸਮਝਦਾ ਹੈ ਪਰ ਲੋਕ ਉਸ ਉੱਪਰ ਸ਼ੱਕ ਕਰਦੇ ਹਨ।

ਗੁਰਬਖਸ਼ ਸਿੰਘ ਨੇ ਇਹ ਨਾਵਲ ਲਿਖਿਆ ਹੀ ਇਸ ਇਰਾਦੇ ਨਾਲ ਹੈ ਕਿ ਸਮਾਜ ਦੇ ਇਸ ਘਿਨਾਉਣੇ ਪੱਖ ਨੂੰ ਲੋਕਾਂ ਸਾਹਮਣੇ ਰੱਖਿਆ ਜਾਵੇ। ਉਹਦੇ ਆਪਣੇ ਕਹਿਣ ਅਨੁਸਾਰ ਉਸ ਵੇਲੇ ਬਹੁਤ ਸਾਰੇ ਲੋਕ ਉਸ ਨਾਲ ਗੁੱਸੇ ਹੋ ਗਏ ਸਨ ਕਿ ਉਸ ਨੇ ਇਕ ਗਲਤ ਚਾਲ ਚਲਣ ਵਾਲੀ ਕੁੜੀ ਨੂੰ ਨਾਵਲ ਦੀ ਹੀਰੋਇਨ ਬਣਾਇਆ। ਲੇਖਕ ਦੇ ਆਪਣੇ ਸ਼ਬਦਾਂ ਵਿਚ: "ਪਰ ਅਣਵਿਆਹੀ ਮਾਂ ਮੇਰੀ ਉਹ ਲਿਖਤ ਹੈ ਜਿਸ ਨੇ ਮੈਥੋਂ ਮੇਰੇ ਕਈ ਸਨੇਹੀ ਖੋਹ ਲਏ, ਕਈਆਂ ਦੇ ਘਰਾਂ ਵਿਚੋਂ ਮੈਨੂੰ ਤੇ ਪ੍ਰੀਤ ਲੜੀ ਨੂੰ ਹਮੇਸ਼ਾਂ ਲਈ ਕਢਾ ਦਿੱਤਾ; ਕਈਆਂ ਕੋਲੋਂ, ਜਿਹੜੇ ਮੈਨੂੰ ਚੰਗਾ ਆਦਮੀ ਸਮਝਿਆ ਕਰਦੇ ਸਨ, 'ਬਦਮਾਸ਼' ਦਾ ਲਕਬ ਦੁਆਇਆ ਹੈ"। ਪਰ ਉਸ ਨੇ ਜਿਸ ਤਰ੍ਹਾਂ ਕੁੜੀ ਦਾ ਪਾਤਰ ਚਿਤਰਣ ਕੀਤਾ ਹੈ ਉਹ ਭਾਵੇਂ ਅਸਲੀ ਤਾਂ ਨਹੀਂ ਜਾਪਦਾ ਪਰ ਹੈ ਬੜਾ ਕਮਾਲ ਦਾ। ਕੁੜੀ ਬਹੁਤ ਜਿਗਰੇ ਵਾਲੀ ਹੈ ਅਤੇ ਉਸ ਦੀ ਸੋਚ ਤਰਕਵਾਦੀ ਹੈ। ਉਹ ਹਰ ਜਗ੍ਹਾਂ ਆਪਣੀ ਸਥਿਤੀ ਵਿਰੁੱਧ ਹਿੰਮਤ ਨਾਲ ਲੜਦੀ ਹੈ। ਇਸ ਵਾਸਤੇ ਉਸ ਨੂੰ ਪੈਰ ਪੈਰ 'ਤੇ ਕੀਮਤ ਵੀ ਚੁਕਾਉਣੀ ਪੈਂਦੀ ਹੈ ਪਰ ਉਹ ਸਾਬਤ ਰਹਿੰਦੀ ਹੈ।

ਪੰਜਾਬੀ ਸਮਾਜ ਦੀ ਸਥਿਤੀ ਕਿੰਨੀ ਕੁ ਬਦਲ ਚੁੱਕੀ ਹੈ ਇਸ ਬਾਰੇ ਤਾਂ ਮੈਂ (ਬਾਹਰ ਵਸਦਾ ਹੋਣ ਕਾਰਨ) ਬਹੁਤਾ ਕੁਝ ਨਹੀਂ ਕਹਿ ਸਕਦਾ ਪਰ ਕਈ ਵਾਰੀ ਕੁੜੀਆਂ ਦੇ ਹਰ ਦਿਸਦੇ ਅਣਦਿਸਦੇ ਕਾਰਨਾਂ ਵੱਸ ਹੁੰਦੇ ਕਤਲ ਸੁਣ ਕੇ ਸਵਾਲ ਜ਼ਰੂਰ ਪੈਦਾ ਹੁੰਦੇ ਰਹਿੰਦੇ ਹਨ। ਮੇਰੇ ਲਈ ਇਹ ਵੀ ਫੈਸਲਾ ਕਰਨਾ ਸੰਭਵ ਨਹੀਂ ਕਿ ਅਜੋਕੇ ਪੰਜਾਬੀ ਸਮਾਜ ਵਿਚ ਇਸ ਨਾਵਲ ਦੀ ਪਾਤਰ ਵਰਗੀਆਂ ਕੁੜੀਆਂ ਹੋਣਗੀਆਂ ਜਾਂ ਨਹੀਂ ਜਾਂ ਕਿੰਨੀਆਂ ਕੁ ਹੋਣਗੀਆਂ। ਮੈਂ ਜਦੋਂ ਲਗਾਤਾਰ ਅਜੋਕੇ ਪੰਜਾਬੀ ਗੀਤਾਂ ਵਿਚ ਔਰਤ ਦੀ ਪੇਸ਼ ਕੀਤੀ ਜਾਂਦੀ ਤਸਵੀਰ ਦੇਖਦਾ ਸੁਣਦਾ ਹਾਂ ਤਾਂ ਸਵਾਲ ਜ਼ਰੂਰ ਪੈਦਾ ਹੁੰਦੇ ਹਨ। ਪੰਜਾਬੀ ਸਮਾਜ ਵਿਚ ਮਾਰੀਆਂ ਜਾ ਰਹੀਆਂ ਅਣਜੰਮੀਆਂ ਕੁੜੀਆਂ ਬਾਰੇ ਵੀ ਬਹੁਤੇ ਰੋਣ ਧੋਣ ਪੰਜਾਬੀ ਮਰਦ ਕਵੀ ਤੇ ਗੀਤਕਾਰ ਹੀ ਕਰਦੇ ਜਾਪਦੇ ਹਨ। ਸਮਾਜ ਨਾਲ ਟੱਕਰ ਲੈਣ ਵਾਲੀਆਂ ਤੇ ਇਸ ਨੂੰ ਬਦਲਣ ਵਾਲੀਆਂ ਕੁੜੀਆਂ ਬਹੁਤੀਆਂ ਨਹੀਂ ਦਿਸਦੀਆਂ।

ਇਸ ਸਥਿਤੀ ਨੂੰ ਧਿਆਨ 'ਚ ਰੱਖ ਕੇ ਦੇਖਿਆਂ ਇਸ ਨਾਵਲ ਦੀ ਸਾਰਥਿਕਤਾ ਸਾਫ ਨਜ਼ਰ ਆਉਂਦੀ ਹੈ। ਗੁਰਬਖਸ਼ ਦੀ ਆਸ ਅਨੁਸਾਰ ਇਸ ਗੱਲ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ ਕਿ ਜੋ ਵੀ ਕੋਈ ਪਾਠਕ, ਖਾਸ ਕਰ ਨੌਜਵਾਨ ਕੁੜੀਆਂ ਇਸ ਨਾਵਲ ਨੂੰ ਪੜ੍ਹਦੀਆਂ ਹੋਣਗੀਆਂ ਉਨ੍ਹਾਂ ਨੂੰ ਇਸ ਕੁੜੀ ਦੇ ਗੁਣਾਂ ਦਾ ਪਤਾ ਲਗਦਾ ਹੋਵੇਗਾ ਅਤੇ ਉਨ੍ਹਾਂ ਅੰਦਰ ਇਹੋ ਜਿਹੀ ਕੁੜੀ ਬਣਨ ਦੀ ਖਾਹਿਸ਼ ਪੈਦਾ ਹੁੰਦੀ ਹੋਵੇਗੀ। ਇਹੋ ਇਸ ਨਾਵਲ ਦੀ ਸਾਰਥਿਕਤਾ ਹੈ।

ਆਪਣੀ ਸ਼ੈਲਫ 'ਤੇ ਪਿਆ ਇਹ ਨਾਵਲ ਦੁਬਾਰਾ ਪੜ੍ਹਨਾ ਮੈਨੂੰ ਬਹੁਤ ਚੰਗਾ ਲੱਗਾ। ਨੌਜਵਾਨਾਂ ਤੇ ਵਿਦਿਆਰਥੀਆਂ ਨੂੰ ਇਹ ਨਾਵਲ ਪੜ੍ਹਨ ਦੀ ਸਿਫਾਰਿਸ਼ ਕਰਨੀ ਚਾਹੀਦੀ ਹੈ।●●

# ਪਾਸ਼ ਅਤੇ ਹਰਿੰਦਰ ਸਿੰਘ ਮਹਿਬੂਬ

ਹਰਿੰਦਰ ਸਿੰਘ ਮਹਿਬੂਬ ਵੱਲੋਂ ਗੁਰਦਿਆਲ ਬੱਲ ਨੂੰ ਲਿਖੇ ਖ਼ਤ ਵਿਚਲੀਆਂ ਇਨ੍ਹਾਂ ਨਿਮਨ ਲਿਖਤ ਸਤਰਾਂ ਦੇ ਪ੍ਰਤੀਕਰਮ ਵਜੋਂ ਵਰਿਆਮ ਸੰਧੂ ਅਤੇ ਸੁਰਿੰਦਰ ਧੰਜਲ ਦੀਆਂ ਟਿੱਪਣੀਆਂ:

***"ਮੈਨੂੰ ਪਾਸ਼ ਦੀ ਮੌਤ ਉੱਤੇ ਬਹੁਤ ਤਰਸ ਆਇਆ। ਅਸੀਂ ਇਕ ਅਜੀਬ ਬੇਰਹਿਮ ਸਮੇਂ ਵਿਚੋਂ ਗੁਜ਼ਰ ਰਹੇ ਹਾਂ। ਪਾਸ਼ ਈਮਾਨਦਾਰ ਜ਼ਰੂਰ ਸੀ ਪਰ ਅਜਿਹੇ ਸੰਕਟ ਲੱਦੇ ਸਮੇਂ ਵਿਚ ਜ਼ਖ਼ਮੀ ਦਿਲਾਂ ਦੇ ਸਭ ਪਹਿਲੂਆਂ ਦਾ ਜਾਇਜ਼ਾ ਲਏ ਬਿਨਾਂ ਈਮਾਨਦਾਰੀ ਦਾ ਹਥਿਆਰ ਵਰਤਣਾ ਗ਼ਲਤੀ ਵੀ ਹੋ ਸਕਦੀ ਹੈ। ਹੋ ਸਕਦਾ ਹੈ ਕਤਲ ਹੋਣ ਵਾਲੇ ਦੀ ਈਮਾਨਦਾਰੀ ਦਾ ਘੇਰਾ ਛੋਟਾ ਹੋਵੇ ਤੇ ਕਾਤਲ ਦੇ ਜ਼ਖ਼ਮੀ ਦਿਲ ਦੀ ਪੀੜ ਵੱਡੀ ਹੋਵੇ। ਫਿਰ ਵੀ ਅਸੀਂ ਇਨਸਾਨ ਹਾਂ, ਤੇ ਰਹਿਮ ਦੇ ਸਹਾਰੇ ਹੀ ਦਿਲ ਦਾ ਲਹੂ ਜ਼ਿੰਦਾ ਹੈ। ਈਮਾਨ ਦੇ ਕਿਸੇ ਵੀ ਨੁਕਤੇ ਉੱਤੇ ਖਲੋ ਕੇ ਰਹਿਮ ਕੀਤਾ ਜਾ ਸਕਦਾ ਹੈ।" – ਹਰਿੰਦਰ ਸਿੰਘ (ਗੜ੍ਹਦੀ ਵਾਲਾ) 31-3-88***

**ਵਰਿਆਮ ਸਿੰਘ ਸੰਧੂ**

ਹਰਿੰਦਰ ਸਿੰਘ ਮਹਿਬੂਬ ਵੱਲੋਂ ਇਹ ਖ਼ਤ 31-3-88 ਨੂੰ ਪਾਸ਼ ਦੇ ਕਤਲ ਤੋਂ ਹਫ਼ਤਾ ਕੁ ਬਾਅਦ ਦਾ ਲਿਖਿਆ ਹੋਇਆ ਹੈ। ਮੈਂ ਸਿਰਫ਼ ਇਸ ਖ਼ਤ ਦਾ ਉਹੋ ਹਿੱਸਾ ਉਧਰਿਤ ਕੀਤਾ ਹੈ, ਜੋ ਪਾਸ਼ ਦੇ ਕਤਲ ਨਾਲ 'ਤੇ ਮਹਿਬੂਬ ਵੱਲੋਂ ਕੀਤੇ 'ਅਫ਼ਸੋਸ' ਨਾਲ ਸੰਬੰਧਿਤ ਹੈ। ਇਹ ਖ਼ਤ ਅਮਰੀਕਾ ਤੋਂ ਛਪਦੀ ਅਖ਼ਬਾਰ 'ਪੰਜਾਬ ਟਾਈਮਜ਼' ਦੇ 27 ਫਰਵਰੀ ਦੇ 'ਸ਼ਿਕਾਗੋ ਐਡੀਸ਼ਨ' ਵਿਚ ਛਪਿਆ ਹੈ।

ਮੇਰੀ ਅਲਪ-ਬੁੱਧ ਨੂੰ ਤਾਂ ਇਹੋ ਹੀ ਲੱਗਾ ਹੈ ਕਿ ਇਹ ਖ਼ਤ ਪਾਸ਼ ਦੇ ਕਤਲ ਨੂੰ ਹੱਕ-ਬ-ਜਾਨਬ ਠਹਿਰਾਉਂਦਾ ਹੈ। ਮਹਿਬੂਬ ਪਾਸ਼ ਨੂੰ 'ਈਮਾਨਦਾਰ' ਤਾਂ ਆਖਦਾ ਹੈ ਪਰ ਉਸਦੀ 'ਈਮਾਨਦਾਰੀ' ਨਾਲ ਧਿਰ ਬਣ ਕੇ ਖਲੋਤਾ ਨਹੀਂ ਹੋਇਆ ਸਗੋਂ 'ਕਾਤਲ ਧਿਰ ਦੇ ਜ਼ਖ਼ਮੀ ਦਿਲ ਦੀ ਵੱਡੀ ਪੀੜ' ਨਾਲ ਖਲੋਤਾ ਨਜ਼ਰ ਆਉਂਦਾ ਹੈ। ਉਹ 'ਈਮਾਨ' ਦੇ 'ਕਿਸੇ ਹੋਰ' ਨੁਕਤੇ 'ਤੇ ਖਲੋਤਾ ਹੈ। ਇਸ ਨੁਕਤੇ ਤੋਂ ਉਸਦੀ 'ਈਮਾਨਦਾਰ' ਨਜ਼ਰ ਨੂੰ ਪਾਸ਼ ਦਾ ਕਤਲ ਕਰਨ ਵਾਲੀ ਧਿਰ ਦਾ 'ਐਕਸ਼ਨ' ਠੀਕ ਲੱਗਦਾ ਜਾਪਦਾ ਹੈ। ਪਾਸ਼ ਦੀ ਈਮਾਨਦਾਰੀ ਦਾ ਘੇਰਾ ਛੋਟਾ ਆਖਣ ਤੋਂ ਭਾਵ ਉਸਨੂੰ ਇਕ ਤਰ੍ਹਾਂ 'ਬੇਸਮਝ' ਆਖਣ ਤੋਂ ਵੀ ਹੈ ਜਿਹੜਾ 'ਸਮੇਂ ਦੀ ਨਬਜ਼' ਨਹੀਂ ਸੀ ਪਛਾਣ ਸਕਿਆ ਤੇ ਜਿਸ ਵਿਚ 'ਕਾਤਲਾਂ ਦੇ ਜ਼ਖ਼ਮੀ ਦਿਲ ਦੇ ਦਰਦ' ਨੂੰ ਸਮਝਣ ਤੇ ਮਹਿਸੂਸਣ ਦੀ ਸੋਝੀ ਨਹੀਂ ਸੀ। ਮਹਿਬੂਬ ਕਹਿੰਦਾ ਲੱਗਦਾ ਹੈ ਕਿ ਪਾਸ਼ ਨੇ 'ਜ਼ਖ਼ਮੀ ਦਿਲਾਂ ਨੂੰ ਦੁਖਾ ਕੇ ਗ਼ਲਤੀ ਕੀਤੀ ਤੇ ਉਸਦਾ ਫ਼ਲ਼ ਉਸਨੂੰ ਭੁਗਤਣਾ ਹੀ ਪੈਣਾ ਸੀ!' ਮਹਿਬੂਬ ਸ਼ਾਇਦ ਇਹ ਕਹਿਣਾ ਚਾਹ ਰਿਹਾ ਹੈ ਕਿ 'ਪਾਸ਼ ਵਰਗੇ ਅਜਿਹੇ ਬੰਦੇ ਅਣਆਈ-ਮੌਤ ਮਰਦੇ ਹੀ ਹੁੰਦੇ ਨੇ!'

ਪਾਸ਼ ਦੀ ਮੌਤ 'ਤੇ ਉਸ ਵੱਲੋਂ ਕੀਤਾ 'ਅਫ਼ਸੋਸ' ਵੀ 'ਈਮਾਨ' ਦੇ ਓਸ ਨੁਕਤੇ ਤੇ ਖਲੋ ਕੇ ਹੀ ਕੀਤਾ ਗਿਆ ਹੈ ਜਿਥੋਂ 'ਪਾਸ਼ ਦੀ ਈਮਾਨਦਾਰੀ' ਨੂੰ 'ਈਮਾਨਦਾਰੀ' ਆਖਣਾ ਵੀ ਐਵੇਂ ਸ਼ਬਦਾਂ ਦਾ ਹੇਰ-ਫ਼ੇਰ ਹੀ ਹੈ। ਅਸਲ ਵਿਚ ਏਥੇ 'ਈਮਾਨਦਾਰੀ' ਦੇ ਅਰਥ 'ਮੂਰਖ਼ਤਾ' ਨਿਕਲਦੇ ਜਾਪਦੇ ਨੇ।

ਜੇ ਮੇਰੇ ਵਿਚਾਰਾਂ ਦੀ ਕੋਈ ਤੁਕ ਬਣਦੀ ਹੈ ਤਾਂ ਮੇਰੀ ਇਛਾ ਹੈ ਕਿ 'ਮਹਾਨ ਸਿੱਖ ਵਿਦਵਾਨ' ਕਰ ਕੇ ਜਾਣੇ ਤੇ ਪਰਚਾਰੇ ਜਾਂਦੇ ਮਹਿਬੂਬ ਦੀ 'ਸਿੱਖੀ' ਤੇ ਉਸਦਾ 'ਦਰਦਮੰਦ ਦਿਲ' ਵੀ ਲੋਕ ਵੇਖ ਲੈਣ।

**ਸੁਰਿੰਦਰ ਧੰਜਲ (ਕਨਵੀਨਰ, ਪਾਸ਼ ਯਾਦਗਾਰੀ ਕੌਮਾਂਤਰੀ ਟ੍ਰਸਟ)**

ਪਾਸ਼ ਦਾ ਕਤਲ 23 ਮਾਰਚ 1988 ਨੂੰ ਹੋਇਆ ਸੀ। ਇਹ ਖ਼ਤ ਪਾਸ਼ ਦੇ ਕਤਲ ਤੋਂ ਅੱਠ ਕੁ ਦਿਨ ਬਾਅਦ ਦਾ ਲਿਖਿਆ ਹੋਇਆ ਹੈ। ਏਥੇ ਇਸ ਖ਼ਤ ਦਾ ਸਿਰਫ਼ ਉਹੋ ਹਿੱਸਾ ਦਰਜ ਕੀਤਾ ਗਿਆ ਹੈ, ਜੋ ਪਾਸ਼ ਦੇ ਕਤਲ ਨਾਲ ਅਤੇ ਮਹਿਬੂਬ ਵੱਲੋਂ ਕੀਤੇ 'ਤਰਸ', 'ਰਹਿਮ', ਅਤੇ 'ਅਫ਼ਸੋਸ' ਨਾਲ ਸੰਬੰਧਿਤ ਹੈ।

ਇਸ ਖ਼ਤ ਨੂੰ ਘੋਖਣ ਤੋਂ ਬਾਅਦ ਸ਼ੱਕ ਦੀ ਕੋਈ ਗੁੰਜਾਇਸ਼ ਹੀ ਨਹੀਂ ਰਹਿ ਜਾਂਦੀ ਕਿ ਹਰਿੰਦਰ ਸਿੰਘ ਮਹਿਬੂਬ ਦਾ ਇਹ ਖ਼ਤ ਪਾਸ਼ ਦੀ ਈਮਾਨਦਾਰੀ ਨੂੰ ਗ਼ਲਤ ਜਾਂ ਛੋਟੀ ਸਾਬਤ ਕਰਨ ਲਈ, ਅਤੇ ਪਾਸ਼ ਦੇ ਕ਼ਤਲ ਨੂੰ ਜਾਇਜ਼ ਠਹਿਰਾਉਣ ਲਈ ਲਿਖਿਆ ਗਿਆ ਹੈ।

"... ਗ਼ਲਤੀ ਵੀ ਹੋ ਸਕਦੀ ਹੈ" ਅਤੇ "... ਹੋ ਸਕਦਾ ਹੈ" ਵਰਗੀ ਸ਼ਬਦਾਵਲੀ ਵਰਤਕੇ ਮਹਿਬੂਬ ਨੇ ਜਿਸ ਡਾਵਾਂਡੋਲ ਮਾਨਸਿਕ ਅਵਸਥਾ ਦੀ ਪ੍ਰਦਰਸ਼ਨੀ ਕੀਤੀ ਹੈ, ਅਜਿਹੀ ਡਾਵਾਂਡੋਲਤਾ ਤੋਂ ਉੱਪਰ ਉੱਠੀ ਹੋਈ ਨਿਧੜਕ ਕਾਵਿਕ-ਅਵਾਜ਼ ਦਾ ਨਾਮ ਹੀ ਪਾਸ਼ ਹੈ/ਸੀ। ਪਾਸ਼ ਦਾ ਜੀਵਨ, ਜਾਂ ਪਾਸ਼ ਦੀ ਮੌਤ ਕਿਸੇ ਦੇ ਤਰਸ ਜਾਂ ਰਹਿਮ ਦੀ ਪਾਤਰ ਨਹੀਂ, ਸਗੋਂ ਸਮਕਾਲ ਦੇ ਨਾਲ ਨਾਲ, ਆਉਣ ਵਾਲੀਆਂ ਪੀੜ੍ਹੀਆਂ ਲਈ ਵੀ ਚਾਨਣ-ਮੁਨਾਰਾ ਹੈ। ਏਹੀ ਕਾਰਨ ਹੈ ਕਿ 'ਜ਼ਖ਼ਮੀ ਦਿਲ ਦੀ ਵੱਡੀ ਪੀੜ' ਵਾਲੇ ਪਾਸ਼ ਦੇ ਕਾਤਲਾਂ ਦਾ ਕੋਈ ਨਾਮ ਤੱਕ ਵੀ ਨਹੀਂ ਜਾਣਦਾ ਅਤੇ ਪਾਸ਼ ਦਾ ਨਾਮ ਦਿਨੋ ਦਿਨ ਹਰਮਨ-ਪਿਆਰਾ ਹੋ ਰਿਹਾ ਹੈ।

'ਈਮਾਨ' ਦੇ ਜਿਸ ਨੁਕਤੇ 'ਤੇ ਖਲੋ ਕੇ, ਪਾਸ਼ ਦੇ ਕਾਤਲਾਂ ਦੇ ਹੱਕ ਵਿੱਚ ਭੁਗਤਦਿਆਂ, ਮਹਿਬੂਬ ਜੀ ਨੇ ਬੇਰਹਿਮ ਡਾਵਾਂਡੋਲਤਾ ਨਾਲ 'ਤਰਸ', 'ਰਹਿਮ' ਅਤੇ 'ਈਮਾਨ' ਦੀ ਗੱਲ ਛੋਹੀ ਹੈ, ਉਸ ਨੁਕਤੇ 'ਤੇ ਉਹਨਾਂ ਦੀ ਇਹ ਲਿਖਤ ਖ਼ੁਦ ਹੀ ਤਰਸਯੋਗ ਬਣ ਗਈ ਹੈ।

ਪਹਿਲੀ ਵਾਰ ਹੈਰਾਨੀ ਉਦੋਂ ਹੋਈ ਸੀ ਜਦੋਂ ਮਾਓ-ਜ਼ੇ-ਤੁੰਗ ਦੇ ਲੰਮੇ ਸਫ਼ਰ (ਦੀ ਲੌਂਗ ਮਾਰਚ) ਨੂੰ 'ਪੜਤਾਲਣ ਅਤੇ ਘੋਖਣ ਦਾ ਸ਼ੌਕੀਨ' ਮਹਿਬੂਬ, ਮਾਰਕਸਵਾਦ ਨੂੰ 'ਚਿੰਤਨ ਦੀਆਂ ਮਸਨੂਈ ਤਦਬੀਰਾਂ ਦਾ ਗ਼ੁਲਾਮ' ਲਿਖਣ ਲੱਗ ਪਿਆ ਸੀ (**ਝਨਾਂ ਦੀ ਰਾਤ**, ਮੁੱਖਬੰਧ)।

ਦੂਜਾ ਝਟਕਾ ਉਦੋਂ ਵੱਜਿਆ ਸੀ ਜਦੋਂ ਅਗਸਤ 1965 ਵਿੱਚ ਲਿਖੀ "ਸ਼ਹੀਦ ਭਗਤ ਸਿੰਘ ਨੂੰ ਆਵਾਜ਼ਾਂ" ਵਰਗੀ ਕਵਿਤਾ ਦਾ ਰਚਨਾਕਾਰ ਮਹਿਬੂਬ, 25-7-89 ਨੂੰ ਸੁਚੇਤ ਤੌਰ 'ਤੇ ਇਕਬਾਲ ਕਰਦਾ ਹੈ ਕਿ ਉਹ 'ਭਗਤ ਸਿੰਘ ਦਾ ਜ਼ਿਕਰ ਕਰਨਾ ਅਚੇਤ ਹੀ ਭੁੱਲ ਗਿਆ', ਜਾਂ 'ਭਗਤ ਸਿੰਘ ਦੀ ਅਹਿਮੀਅਤ ਆਮ ਨੇਕ ਆਦਮੀ ਨਾਲੋਂ ਕੁਝ ਹੀ ਵੱਧ ਰਹਿ ਜਾਂਦੀ ਹੈ', ਜਾਂ ਭਗਤ ਸਿੰਘ ਜਿਸ 'ਵੰਨਗੀ ਦੇ ਸ਼ਹੀਦ' ਹਨ, 'ਉਹਨਾਂ ਦੇ ਆਦਰਸ਼ ਨੂੰ ਸ਼ੁਹਰਤਾਂ ਦੀ ਦੁਨਿਆਵੀ ਲਾਲਸਾ ਸਮੁੱਚੀ ਜ਼ਿੰਦਗੀ ਉੱਤੇ ਫੈਲਣ ਨਹੀਂ ਦਿੰਦੀ', ਜਾਂ ਭਗਤ ਸਿੰਘ ਹੁਣ 'ਮੇਰੇ ਕਾਵਿ-ਅਨੁਭਵ ਵਿਚ ਨਹੀਂ ਰਹੇ' (**ਝਨਾਂ ਦੀ ਰਾਤ,** ਸਫ਼ਾ 114, ਸਫ਼ਾ 726, ਅਤੇ ਮੁੱਖਬੰਧ)।

ਮਹਿਬੂਬ ਦਾ ਉਪਰੋਕਤ ਖ਼ਤ ਹੈਰਾਨੀ ਦੀ ਤੀਜੀ ਸਿਖਰ ਹੈ। ●

**ਪੁਸਤਕ ਜਾਣਪਛਾਣ**

# 'ਬਲੈਕ ਐਂਡ ਬਲੂਅ ਸਾੜ੍ਹੀ' ਘਰੇਲੂ ਹਿੰਸਾ ਦੀ ਵਾਰਤਾ

(ਲੇਖਕ ਕਮਲ ਢਿੱਲੋਂ)

ਪਿਛਲੇ ਦਿਨੀ 'ਬਲੈਕ ਐਂਡ ਬਲੂਅ ਸਾੜ੍ਹੀ' ਨਾਂ ਦੀ ਇਕ ਕਿਤਾਬ ਪੜ੍ਹਣ ਨੂੰ ਮਿਲੀ। ਇਹ ਕਿਤਾਬ ਕਮਲ ਢਿੱਲੋਂ ਦੀ ਸਵੈ-ਜੀਵਨੀ ਹੈ। ਉਸਦੇ ਹੱਡੀਂ ਹੰਡਾਏ ਦੀ ਵਾਰਤਾ। ਕਮਲ ਢਿੱਲੋਂ ਮੈਟਰੋ ਵੈਨਕੂਵਰ ਦੀ ਵਸਨੀਕ ਹੈ। ਅੰਗਰੇਜ਼ੀ ਵਿਚ ਲਿਖੀ ਇਹ ਕਿਤਾਬ ਵਹਿਸ਼ੀ ਪਤੀ ਵੱਲੋਂ ਕੀਤੇ ਜ਼ੁਲਮਾਂ ਦੀ ਗਾਥਾ ਹੈ। 292 ਸਫ਼ਿਆਂ ਵਿਚ ਫੈਲੀ ਇਸ ਕਿਤਾਬ ਨੂੰ 'ਲੋਟਸ ਸਪੀਕਿੰਗ ਐਂਡ ਰਾਈਟਿੰਗ ਸਰੀ,ਬੀ ਸੀ' ਨੇ ਛਾਪਿਆ ਹੈ।

ਲੇਖਕ ਆਪਣੇ ਮਾਂ-ਬਾਪ ਨਾਲ ਸੋਲ੍ਹਾਂ ਸਾਲ ਦੀ ਉਮਰ ਵਿਚ ਕਨੇਡਾ ਆਈ। ਉਹ ਨੌਂ ਭੈਣ-ਭਰਾਵਾਂ ਵਿੱਚੋਂ ਸੱਤਵੇਂ ਨੰਬਰ 'ਤੇ ਹੈ। ਕਨੇਡਾ 'ਚ ਜਦ ਉਸਨੇ ਬਾਰ੍ਹਵੀਂ ਜਮਾਤ ਪਾਸ ਕੀਤੀ, ਮਾਪਿਆਂ ਨੇ ਉਸ ਲਈ ਵਰ ਲੱਭਣਾ ਸ਼ੁਰੂ ਕਰ ਦਿੱਤਾ। ਛੇਤੀਂ ਹੀ ਮਾਪਿਆਂ ਨੇ ਇੱਕ ਪੜ੍ਹਿਆ-ਲਿਖਿਆ ਤੇ ਸੋਹਣਾ- ਸੁਨੱਖਾ ਮੁੰਡਾ ਉਸ ਲਈ ਵਰ ਚੁਣ ਲਿਆ। ਮੁੰਡਾ ਕਨੇਡਾ ਵਿਚ ਪੜ੍ਹਾਈ ਕਰਨ ਆਇਆ ਹੋਇਆ ਸੀ। ਮੁੰਡੇ ਦੇ ਪਰਿਵਾਰ ਦਾ ਇੰਡੀਆ ਵਿਚ ਚੰਗਾ ਕਾਰੋਬਾਰ ਸੀ। ਲੇਖਕ ਨੂੰ ਉਸਦੇ ਮਾਪਿਆਂ ਨੇ ਵਰ ਚੁਨਣ ਲੱਗਿਆਂ ਉਸਦੀ ਮਰਜ਼ੀ ਨਹੀਂ ਪੁੱਛੀ ਪਰ ਲੇਖਕ ਖੁਸ਼ ਸੀ। ਉਸ ਨੂੰ ਆਪਣਾ ਵਰ ਆਪਣੀਆਂ ਹੋਰ ਭੈਣਾਂ ਦੇ ਘਰਵਾਲਿਆਂ ਨਾਲੋਂ ਜਿਆਦਾ ਪੜ੍ਹਿਆ ਤੇ ਸੋਹਣਾ ਲੱਗਾ। ਪਰ ਉਹ ਵਹਿਸ਼ੀ ਨਿਕਲਿਆ। ਰੱਜ ਕੇ ਸ਼ਰਾਬ ਪੀਂਦਾ। ਲੇਖਕ ਨੂੰ ਕੁੱਟਦਾ। ਸ਼ਿਕਾਇਤ ਨਾ ਕਰਨ ਅਤੇ ਹੋਰਾਂ ਨੂੰ ਨਾ ਦੱਸਣ ਦੀ ਧਮਕੀ ਦਿੰਦਾ ਆਖਦਾ ਕਿ ਉਹ ਲੇਖਕ ਤੇ ਉਸਦੇ ਮਾਪਿਆਂ ਨੂੰ ਮਾਰ ਦੇਵੇਗਾ। ਕਮਲ ਢਿੱਲੋਂ ਇਸ ਜ਼ੁਲਮ ਨੂੰ ਚੁੱਪ-ਚਾਪ ਸਹਿਣ ਕਰਦੀ ਰਹੀ। ਦਿਨੋ-ਦਿਨ ਮਾਰ-ਕੁੱਟ ਵਧਦੀ ਗਈ। ਦੋ ਬੱਚੇ ਹੋ ਗਏ। ਉਹ ਵੈਨਕੂਵਰ ਤੋਂ ਇੰਡੀਆ ਰਹਿਣ ਲਈ ਚਲੇ ਗਏ। ਉੱਥੇ ਘਰਵਾਲੇ ਦੇ ਨਾਲ-ਨਾਲ ਉਸਦੀ ਮਾਂ ਤੇ ਪ੍ਰੀਵਾਰ ਦੇ ਹੋਰ ਜੀਅ ਵੀ ਲੇਖਕ ਨਾਲ ਬਦਸਲੂਕੀ ਕਰਦੇ। ਉਥੇ ਦੋ ਹੋਰ ਬੱਚੇ ਪੈਦਾ ਹੋ ਗਏ। ਬਹੁਤ ਸਾਲ ਲੇਖਕ ਅਤਿਆਚਾਰ ਸਹਿੰਦੀ ਰਹੀ। ਫਿਰ ਉਸ ਅੰਦਰ ਬਲ ਉਪਜਿਆ ਤੇ ਉਸ ਨੇ ਜ਼ੁਲਮ ਵਿਰੁਧ ਲੜ੍ਹਣ ਦੀ ਠਾਣ ਲਈ। ਉਸ ਲਈ ਰਸਤੇ ਸਾਫ਼ ਹੋਣ ਲੱਗੇ ਤੇ ਉਹ ਆਪਣੇ ਬਲਬੂਤੇ 'ਤੇ ਬੱਚਿਆਂ ਦਾ ਪਾਲਣ-ਪੋਸਣ ਕਰਨ ਲੱਗੀ। ਘਰਵਾਲੇ ਦੀ ਉਨ੍ਹਾਂ ਪਾਣੀਆਂ ਵਿਚ ਹੀ ਡੁੱਬ ਕੇ ਮੌਤ ਹੋ ਗਈ, ਜਿਨ੍ਹਾਂ ਪਾਣੀਆਂ ਵਿਚ ਕਦੇ ਉਹ ਲੇਖਕ ਨੂੰ ਧੱਕ ਕੇ ਮਾਰਨਾ ਚਾਹੁੰਦਾ ਸੀ। ਅੱਜ-ਕੱਲ੍ਹ ਬਿਰਤਾਂਤਕਾਰ ਕੋਲ ਆਪਣਾ ਘਰ ਹੈ। ਬੱਚੇ ਪੜ੍ਹ-ਲਿਖ ਗਏ ਹਨ। ਵੱਡੀ ਬੇਟੀ ਦਾ ਵਿਆਹ ਹੋ ਗਿਆ ਹੈ। ਲੇਖਕ ਜ਼ੁਲਮ ਝੱਲ ਰਹੀਆਂ ਔਰਤਾਂ ਨੂੰ ਜ਼ੁਲਮ ਨਾਲ ਟੱਕਰ ਲੈਣ ਲਈ ਪ੍ਰੇਰਦੀ ਹੈ। ਉਹ ਰੇਡੀਓ, ਟੈਲੀਵਿਜ਼ਨ ਅਤੇ ਇੱਕਠਾਂ ਵਿਚ ਜਾ ਕੇ ਆਪਣੀ ਗਾਥਾ ਸੁਣਾਉਂਦੀ ਹੈ ਤਾਂ ਕਿ ਹੋਰਾਂ ਨੂੰ ਰਾਹ ਦਿਖਾ ਸਕੇ।

ਕਿਤਾਬ ਪੜ੍ਹਦਿਆਂ ਲੂੰਅ-ਕੰਢੇ ਖੜ੍ਹੇ ਹੋ ਗਏ। ਐਨਾਂ ਜ਼ੁਲਮ ਕੋਈ ਕਿਵੇਂ ਕਰ ਲੈਂਦਾ ਹੈ! ਐਨਾ ਜ਼ੁਲਮ ਕੋਈ ਕਿਵੇਂ ਸਹਿ ਲੈਂਦਾ ਹੈ! ਪਾਠ ਕਰਦਿਆਂ ਜ਼ੁਲਮ ਕਰਨ ਵਾਲੇ 'ਤੇ ਹਰਖ਼ ਆਇਆ ਤੇ ਜ਼ੁਲਮ ਸਹਿਣ ਵਾਲੀ ਤੇ ਤਰਸ। ਫਿਰ ਖਿਝ ਵੀ ਆਈ ਕਿ ਕਿਓਂ ਉਹ ਵਾਰ-ਵਾਰ ਉਸਦੇ ਚੁੰਗਲ 'ਚੋਂ ਨਿਕਲ ਕੇ ਵਾਪਸ ਪਰਤ ਜਾਂਦੀ ਰਹੀ। ਉਹ ਨਵੀਂ ਆਸ ਨਾਲ ਉਸ ਕੋਲ ਮੁੜ ਜਾਂਦੀ ਕਿ ਸ਼ਾਇਦ ਇਸ ਵਾਰ ਉਹ ਸੁਧਰ ਜਾਵੇ।

ਕਿਤਾਬ ਦੇ ਅਖੀਰ ਵਿਚ ਬਿਰਤਾਂਤਕਾਰ ਦੇ ਚਾਰਾਂ ਬੱਚਿਆਂ ਵੱਲੋਂ ਕੁਝ ਸਤਰਾਂ ਦਿੱਤੀਆਂ ਗਈਆਂ ਹਨ। ਪੁੱਤਰ, ਟੋਨੀ ਦੀ ਇਕ ਸਤਰ ਵਾਰ-ਵਾਰ ਯਾਦ ਆਉਂਦੀ ਹੈ। ਉਸ ਨੇ ਲਿਖਿਆ ਹੈ: ਜਿੱਥੋਂ ਤੱਕ ਮੈਨੂੰ ਯਾਦ ਹੈ, ਮੇਰਾ ਪਿਤਾ ਇੱਕ ਚੰਗਾ ਵਿਅਕਤੀ ਸੀ ਪਰ ਉਹ ਦੁਸ਼ਟ ਵੀ ਸੀ, ਜਿਹੜਾ ਬਹੁਤ ਸ਼ਰਾਬ ਪੀਂਦਾ ਸੀ। ਇਸ ਕਿਤਾਬ ਵਿੱਚੋਂ ਉਹ ਚੰਗਾ ਵਿਅਕਤੀ ਗਾਇਬ ਹੈ। ਲੇਖਕ ਉਸਦੇ ਜ਼ੁਲਮਾਂ ਦਾ ਖੁਲ੍ਹ ਕੇ ਵਰਨਣ ਕਰਦੀ ਹੈ ਪਰ ਉਸਦੀ ਕਿਸੇ ਵੀ ਅਛਾਈ ਦਾ ਜ਼ਿਕਰ ਕਰਨ ਲੱਗੀ ਸ਼ਰਮਾ ਜਾਂਦੀ ਹੈ। ਇਹ ਵੀ ਹੋ ਸਕਦਾ ਹੈ ਕਿ ਐਨੇ ਤਸੀਹਿਆਂ ਨੂੰ ਝੱਲਦਿਆਂ ਉਹ ਉਸ ਬੰਦੇ ਦਾ ਚੰਗਾ ਪਾਸਾ ਦੇਖਣ ਤੋਂ ਅਸਮਰੱਥ ਹੋ ਗਈ ਹੋਵੇ। ਕਿਤਾਬ ਲੇਖਕ ਜਾਂ ਉਸਦੇ 'ਆਪਣਿਆਂ' ਦੀਆਂ ਕਮਜ਼ੋਰੀਆਂ ਦੀ ਵੀ ਗੱਲ ਨਹੀਂ ਕਰਦੀ। ਜੇ ਇਹ ਜ਼ਿਕਰ ਹੋ ਵੀ ਜਾਂਦਾ ਤਾਂ ਹਿੰਸਾ ਫਿਰ ਵੀ ਉਨ੍ਹੀਂ ਹੀ ਨਿੰਦਣਯੋਗ ਹੁੰਦੀ, ਜਿੰਨੀ ਹੁਣ ਹੈ ਪਰ ਇਸ ਨਾਲ ਕਿਤਾਬ ਵਿਚ ਹੋਰ ਸੰਤੁਲਨ ਆ ਜਾਂਦਾ ਅਤੇ ਉਸ ਆਦਮੀ ਦੇ ਵਤੀਰੇ ਨੂੰ ਸਮਝਣ ਵਿਚ ਅਸਾਨੀ ਹੁੰਦੀ। ਕਿਤਾਬ ਦੇ ਮਗਰਲੇ ਹਿੱਸੇ ਨੂੰ ਪੜ੍ਹਦਿਆਂ ਕਿਤੇ ਕਿਤੇ ਇਕ ਧਰਮ ਦੇ ਪ੍ਰਚਾਰ ਦੀ ਝਲਕ ਪਈ। ਇਹ ਸੁਭਾਵਿਕ ਵੀ ਹੋ ਸਕਦਾ ਹੈ। ਉਸ ਧਾਰਮਿਕ ਅਸਥਾਨ ਦੇ ਲੋਕਾਂ ਨੇ ਔਖੇ ਵੇਲੇ ਲੇਖਕ ਦੀ ਬਾਂਹ ਫੜੀ ਤੇ ਉਸਦੇ ਮਨੋਬਲ ਨੂੰ ਉੱਪਰ ਚੁੱਕਿਆ। ਇਹ ਕਿਤਾਬ ਹਿੰਸਾਗ੍ਰਸਤ ਔਰਤਾਂ ਨੂੰ ਹਿੰਸਕ ਦੇ ਚੁੰਗਲ 'ਚੋਂ ਨਿਕਲਣ ਲਈ ਪ੍ਰੇਰਦੀ ਹੈ। (ਹਰਪ੍ਰੀਤ ਸੇਖਾ)

# ਪੰਜਾਬੀ ਬੋਲੀ ਦੀ ਵਿਰਾਸਤ

(ਲੇਖਕ ਡਾ: ਸਾਧੂ ਸਿੰਘ)

'ਪੰਜਾਬੀ ਬੋਲੀ ਦੀ ਵਿਰਾਸਤ' ਨਾਂ ਦੀ ਕਿਤਾਬ ਸੱਜਰੀ ਹੀ ਛਪੀ ਹੈ। 285 ਸਫ਼ਿਆਂ ਦੀ ਇਹ ਕਿਤਾਬ ਡਾ: ਸਾਧੂ ਸਿੰਘ ਦੀ ਮੇਹਨਤ ਦਾ ਨਤੀਜਾ ਹੈ। ਚੇਤਨਾ ਪ੍ਰਕਾਸ਼ਨ ਨੇ ਇਸ ਨੂੰ ਛਾਪਿਆ ਹੈ।

ਇਸ ਕਿਤਾਬ ਵਿਚ ਪੰਜਾਬੀ ਬੋਲੀ ਨਾਲ ਸਬੰਧਤ ਉਨ੍ਹਾਂ ਕੁਝ ਸ਼ਬਦਾਂ ਅਤੇ ਮੁਹਾਵਰਿਆਂ ਨੂੰ ਸਾਂਭਿਆ ਗਿਆ ਹੈ, ਜਿਹੜੇ ਬੋਲ-ਚਾਲ ਵਿਚ ਤਾਂ ਵਰਤੇ ਜਾਂਦੇ ਹਨ ਪਰ ਉਹ ਲਿਖਤੀ ਰੂਪ ਵਿਚ ਨਹੀਂ ਮਿਲਦੇ।

ਕਿਤਾਬ ਦੇ ਮੁਢਲੇ ਲੇਖ 'ਪੰਜਾਬੀ ਬੋਲੀ ਦਾ ਸ਼ਬਦ ਭੰਡਾਰ' ਵਿਚ ਲੇਖਕ ਪੰਜਾਬੀ ਬੋਲੀ ਦੀ ਅਮੀਰੀ ਦੀ ਗੱਲ ਕਰਦਿਆਂ ਲਿਖਦਾ ਹੈ:

ਉਦਾਹਰਣ ਵਜੋਂ ਕੱਪੜਿਆਂ ਦੇ ਰੰਗਾਂ ਦੀ ਗੱਲ ਕਰਦਿਆਂ ਅੱਜ-ਕੱਲ੍ਹ ਕਰੀਮ, ਕੋਕਾ ਕੋਲਾ, ਪਿੰਕ ਤੇ ਔਰੈਂਜ ਕਲਰਾਂ ਦਾ ਜ਼ਿਕਰ ਆਮ ਸੁਣਨ ਵਿੱਚ ਆਉਂਦਾ ਹੈ। ਪਰ ਕੀ ਸਾਡੀ ਰੰਗਾਂ ਦੀ ਦੁਨੀਆਂ ਏਨੀ ਹੀ ਗਰੀਬ ਹੈ ਕਿ ਇਨ੍ਹਾਂ ਦਾ ਸਧਾਰਨ ਜ਼ਿਕਰ ਕਰਨ ਲਈ ਵੀ ਸਾਨੂੰ ਅੰਗ੍ਰੇਜ਼ੀ ਵੱਲ ਝਾਕਣਾ ਪਵੇ? ਨਹੀਂ, ਇਵੇਂ ਤਾਂ ਕਤਈ ਨਹੀਂ ਹੈ। ਸਾਡੇ ਕੋਲ਼ ਨੀਲੇ, ਪੀਲ਼ੇ, ਲਾਲ, ਕਾਲ਼ੇ, ਚਿੱਟੇ, ਹਰੇ ਜਿਹੇ ਬੁਨਿਆਦੀ ਰੰਗਾਂ ਤੋਂ ਬਿਨ੍ਹਾਂ ਕੇਸਰੀ, ਕਪਾਹੀ, ਸਰਦਈ, ਅੰਗੂਰੀ, ਅੰਬਰੀ, ਕਥਈ, ਬਲੰਭਰੀ, ਦਾਲਚੀਨੀ, ਮੂੰਗੀਆ, ਕਿਰਮਚੀ, ਤੋਤਾ-ਰੰਗੀ, ਅੰਡਰਈ, ਫਿਰੋਜ਼ੀ, ਬਦਾਮੀ, ਬਿਸਕੁਟੀ, ਲਾਜਵਰੀ, ਮੋਤੀਆ, ਕੱਦੂ-ਮੋਤੀਆ, ਵੱਡ-ਮੋਤੀਆ, ਪਿਆਜ਼ੀ, ਹਵਾ-ਪਿਆਜ਼ੀ, ਅਸਮਾਨੀ, ਮਹਿੰਦੀ-ਰੰਗਾ, ਘੁੱਗੀ ਰੰਗਾ, ਤਰਬੂਜ਼ੀਆ,ਖੱਟਾ, ਸੁਨਹਿਰੀ, ਊਦਾ, ਗੇਰੂਆ, ਭਗਵਾ, ਗੁਲਾਨਾਰੀ, ਉਨਾਬੀ, ਜਾਮਣੀ, ਗੁਲਾਬੀ, ਸਲੇਟੀ, ਘਿਉ-ਕਪੂਰੀ, ਕਾਸਣੀ, ਜੋਗੀਆ, ਅੰਬਰਸੀਆ, ਦਾਖੀ, ਖਾਕੀ, ਚਾਂਦੀ-ਵੰਨਾ ਤੇ ਸੁਨਹਿਰੇ ਰੰਗਾਂ ਦੀ ਬਾਤ ਪਾਉਣ ਵਾਲੇ ਬਹੁਤ ਸਾਰੇ ਸ਼ਬਦ ਮੌਜੂਦ ਹਨ। ਰੰਗਾਂ ਦੀਆਂ ਹਲਕੀਆਂ, ਗੂੜ੍ਹੀਆਂ ਤੇ ਸਫਿਆਨੀਆਂ ਭਾਹਾਂ ਦਰਸਾਉਣ ਵਾਲੇ ਅੱਡਰੇ ਸ਼ਬਦਾਂ ਤੋਂ ਬਿਨ੍ਹਾਂ ਬਹੁਤ ਹੀ ਗੂੜ੍ਹੇ ਰੰਗਾਂ ਦਾ ਜ਼ਿਕਰ ਕਰਨ ਲਈ ਲਾਲ-ਸੂਹਾ, ਚਿੱਟਾ-ਸਫੈਦ ਤੇ ਪੀਲਾ-ਜ਼ਰਦ ਜਿਹੇ ਦੋਹਰੇ ਸ਼ਬਦ-ਜੁੱਟ ਹਨ।




ਰੰਗਾਂ ਦੀ ਹੀ ਗੱਲ ਤੁਰੀ ਹੈ ਤਾਂ ਇੱਥੇ ਇਸ ਗੱਲ ਦਾ ਜ਼ਿਕਰ ਕਰ ਦੇਣਾ ਵੀ ਜ਼ਰੂਰੀ ਹੈ ਕਿ ਸਾਡੀ ਬੋਲੀ ਵਿੱਚ ਬੰਦਿਆਂ ਦੇ ਰੰਗਾਂ ਲਈ ਹੋਰ ਸ਼ਬਦ ਹਨ, ਵਾਲ਼ਾਂ ਲਈ ਹੋਰ ਤੇ ਡੰਗਰਾਂ ਦੇ ਰੰਗਾਂ ਲਈ ਹੋਰ। ਉਦਾਹਰਣ ਲਈ ਕਣਕ-ਵੰਨਾਂ ਜਾਂ ਮੁਸ਼ਕੀ ਰੰਗ ਕੇਵਲ ਔਰਤਾਂ-ਮਰਦਾਂ ਦਾ ਹੀ ਹੁੰਦਾ ਹੈ। ਬੰਦਿਆਂ ਦਾ ਗੋਰਾ ਰੰਗ ਹੋਰ ਹੈ, ਡੰਗਰਾਂ ਦਾ ਹੋਰ, ਡੰਗਰਾਂ ਦੇ ਸੰਦਰਭ ਵਿੱਚ ਜਦ ਅਸੀਂ ਬੱਗੇ, ਗੋਰੇ, ਪੀਲ਼ੇ, ਸਾਵੇ ਪਸ਼ੂ ਦੀ ਗੱਲ ਕਰਦੇ ਹਾਂ ਤਾਂ ਸਾਡੀ ਮੁਰਾਦ ਅਸਲੋਂ ਹੀ ਹੋਰ ਰੰਗਾਂ ਤੋਂ ਹੁੰਦੀ ਹੈ। ਮਹਿਰੂ ਤਾਂ ਕਾਲੇ ਹੋ ਸਕਦੇ ਹਨ ਪਰ ਇਸੇ ਰੰਗ ਦੇ ਗੋਕੇ ਲਾਖੇ ਹੁੰਦੇ ਹਨ। ਲੋਹੀ ਮੱਝ ਦਾ ਰੰਗ ਕਿਸੇ ਹੋਰ ਵਸਤੂ ਦੇ ਰੰਗ ਨਾਲ ਮੇਲ ਨਹੀਂ ਖਾਂਦਾ। ਬੂਰੇ ਕੇਵਲ ਝੋਟੇ-ਝੋਟੀਆਂ ਹੀ ਹੁੰਦੇ ਹਨ ਤੇ ਭੂਸਲੇ ਕੁੱਤੇ। ਚੀਨੇ ਕਬੂਤਰ ਹੁੰਦੇ ਹਨ ਜਾਂ ਕੁੱਕੜ, ਬਦਲ਼ੀਆਂ ਤਿੱਤਰ-ਖੰਭੀਆਂ ਵੀ ਹੁੰਦੀਆਂ ਹਨ। ਕੱਕਾ ਰੰਗ ਕੇਵਲ ਬੰਦਿਆਂ ਦੇ ਵਾਲ਼ਾ ਦਾ ਹੁੰਦਾ ਹੈ ਜਾਂ ਫਿਰ ਕੱਕਾ ਹੁੰਦਾ ਹੈ ਬਲਵੰਤ ਗਾਰਗੀ ਦੇ ਬਠਿੰਡੇ ਵਾਲਾ ਰੇਤਾ। ਧੌਲ਼ੇ ਸਿਰਫ਼ ਬੰਦਿਆਂ ਦੇ ਵਾਲ ਹੁੰਦੇ ਹਨ ਹੋਰ ਪ੍ਰਾਣੀਆਂ ਦੇ ਨਹੀਂ, ਏਸ ਤਰ੍ਹਾਂ ਹੀ ਅੱਖਾਂ ਰੰਗਾਂ ਲਈ ਸਾਡੇ ਕੋਲ਼ ਅੱਡ ਸ਼ਬਦ ਹਨ। ਰੰਗ-ਵੰਨਗੀਆਂ ਨਾਲ ਸਬੰਧਤ ਅੰਗ੍ਰੇਜ਼ੀ ਵਿੱਚ ਅਜਿਹੀ ਭਿੰਨ-ਭਿੰਨ ਸ਼ਬਦਾਵਲੀ ਹੋਏ, ਇਸ ਗੱਲ ਬਾਰੇ ਸ਼ੱਕ ਹੈ। ਪਰ ਫੇਰ ਵੀ ਸਾਡੇ ਪੜ੍ਹੇ-ਲਿਖੇ ਪੰਜਾਬੀ ਬਗਾਨੀ ਖੁਰਲੀ ਵਿੱਚ ਹੀ ਮੂੰਹ ਮਾਰ ਕੇ ਖੁਸ਼ ਹੁੰਦੇ ਹਨ।

ਇਸ ਕਿਤਾਬ ਵਿਚ ਲੇਖਕ ਨੇ ਪੰਜਾਬੀ ਜੀਵਨ ਦੇ ਬਹੁਤ ਸਾਰੇ ਪੱਖਾਂ ਨਾਲ ਸੰਬੰਧਤ ਵਸਤਾਂ ਲਈ ਵਰਤੇ ਜਾਂਦੇ ਸ਼ਬਦਾਂ ਦੇ ਅਰਥ ਦਸਦਿਆਂ, ਉਹਨਾਂ ਵਸਤਾਂ ਦੀ ਪੰਜਾਬੀ ਸਭਿਆਚਾਰ ਵਿੱਚ ਥਾਂ ਬਾਰੇ ਵੀ ਨੋਟ ਦਰਜ ਕੀਤੇ ਹਨ। ਇਸ ਸੰਬੰਧ ਵਿੱਚ ਕੁੱਝ ਉਦਾਹਰਨਾਂ ਪੇਸ਼ ਹਨ:

**ਫੁਲਕੇ:** ਫੁਲਕੇ ਦਾ ਆਕਾਰ ਰੋਟੀ ਨਾਲੋਂ ਵਡੇਰਾ ਹੁੰਦਾ ਹੈ। ਫੁਲਕੇ ਤਵੀ ਉੱਪਰ ਪਕਾਏ ਜਾਂਦੇ ਹਨ... ਲੰਗਰਾਂ, ਜੱਗਾਂ ਜਾਂ ਹੋਰ ਵਡੇਰੇ ਸਮਾਗਮਾਂ ਦੇ ਅਵਸਰ 'ਤੇ ਜਿੱਥੇ ਵਧੇਰੇ ਰਸਦ ਦੀ ਲਾਗਤ ਹੋਵੇ, ਆਮ ਤੌਰ ਤੇ ਫੁਲਕੇ ਹੀ ਪਕਾਏ ਜਾਂਦੇ ਹਨ।

**ਰੋਟ:** ਥਾਲੀ ਜਾਂ ਕਈ ਸੂਰਤਾਂ ਵਿਚ ਪਰਾਤ ਜਿੱਡੀ ਵੱਡੀ ਸਾਰੀ ਰੋਟੀ ਨੂੰ ਰੋਟ ਕਿਹਾ ਜਾਂਦਾ ਹੈ। ਰੋਟ ਪਾਥੀਆਂ ਜਾਂ ਗਹੂੜੀ ਦੀ ਅੱਗ ਵਿੱਚ ਪਕਾਇਆ ਜਾਂਦਾ ਹੈ... ਡੰਗਰਾਂ ਦੀ ਤੰਦਰੁਸਤੀ ਹਿਤ ਕੀਤੇ ਟੂਣੇ ਜਾਂ ਕਿਸੇ ਪੀਰ ਫਕੀਰ ਦੇ ਮਜ਼ਾਰ 'ਤੇ ਸੁੱਖੀ ਸੁੱਖ ਨੂੰ ਉਤਾਰਨ ਲਈ ਰੋਟ ਪਕਾ ਕੇ ਵੰਡਿਆ ਜਾਂਦਾ ਹੈ।

**ਚੂਰੀ**: ਘਿਓ ਤੇ ਮਿੱਠਾ ਪਾ ਕੇ ਹੱਥਾਂ ਦੇ ਪੋਟਿਆਂ ਨਾਲ਼ ਮਲੀ ਹੋਈ ਰੋਟੀ ਨੂੰ ਚੂਰੀ ਕਿਹਾ ਜਾਂਦਾ ਹੈ। 'ਹੀਰ ਵਾਰਿਸ' ਵਿੱਚ ਇਸ ਦਾ ਜ਼ਿਕਰ ਆਉਣ ਕਾਰਨ ਪੰਜਾਬੀ ਸਭਿਆਚਾਰ ਵਿੱਚ ਚੂਰੀ ਦਾ ਵਿਸ਼ੇਸ਼ ਸਥਾਨ ਹੈ।

**ਗੋਤ-ਕੁਨਾਲਾ**: ਦਾਲ ਜਾਂ ਦੁੱਧ ਆਦਿ ਵਿੱਚ ਕੁੱਟੀ ਹੋਈ ਚੂਰੀ ਨੂੰ ਗੋਤ-ਕੁਨਾਲਾ ਕਿਹਾ ਜਾਂਦਾ ਹੈ। ਗੋਤ-ਕੁਨਾਲਾ ਸ਼ਬਦ ਦੀ ਵਰਤੋਂ ਜ਼ਰਾ ਤ੍ਰਿਸਕਾਰ ਸੂਚਕ ਅਰਥਾਂ ਵਿੱਚ ਹੀ ਕੀਤੀ ਜਾਂਦੀ ਹੈ।

**ਜੰਮਣ:** ਜੰਮਣ ਉਸ ਲੱਸੀ ਜਾਂ ਦਹੀਂ ਨੂੰ ਕਿਹਾ ਜਾਂਦਾ ਹੈ, ਜਿਸ ਨਾਲ ਦੁੱਧ ਨੂੰ ਜਾਗ ਲਾਇਆ ਜਾਵੇ। ਜੰਮਣ ਨੂੰ ਜਾਗ ਵੀ ਕਿਹਾ ਜਾਂਦਾ ਹੈ... ਕਈ ਵਾਰ ਪੇਂਡੂ ਭਾਈਚਾਰੇ ਵਿੱਚ ਇਹ ਗੱਲ ਬੜੇ ਮਾਨ ਨਾਲ ਕਹੀ ਜਾਂਦੀ ਹੈ ਕਿ ਕਈ ਪੁਸ਼ਤਾਂ ਤੋਂ ਜੰਮਣ ਸਾਡੇ ਘਰ ਦਾ ਹੀ ਚੱਲਿਆ ਆ ਰਿਹਾ ਹੈ। ਘਰ ਦਾ ਜੰਮਣ ਇਸ ਗੱਲ ਦਾ ਸੂਚਕ ਹੁੰਦਾ ਹੈ ਕਿ ਸੰਬੰਧਿਤ ਘਰ ਵਿੱਚ ਕੋਈ ਨਾ ਕੋਈ ਲਵੇਰਾ ਜ਼ਰੂਰ ਰਿਹਾ ਹੈ। ਲਵੇਰੇ ਦੀ ਸਦੀਵੀ ਹੋਂਦ ਨੂੰ ਲਹਿਰ ਬਹਿਰ ਦਾ ਚਿੰਨ ਸਮਝਿਆ ਜਾਂਦਾ ਹੈ।

ਸ਼ਬਦਾਂ ਦੇ ਅਰਥ ਦੱਸਣ ਦੇ ਨਾਲ ਨਾਲ ਉਹਨਾਂ ਬਾਰੇ ਕੀਤੀਆਂ ਇਹ ਸਭਿਆਚਾਰਕ ਟਿੱਪਣੀਆਂ ਪਾਠਕ ਨੂੰ ਪੰਜਾਬੀ ਸਭਿਆਚਾਰ ਬਾਰੇ ਵੱਡਮੁੱਲੀ ਜਾਣਕਾਰੀ ਪ੍ਰਦਾਨ ਕਰਦੀਆਂ ਹਨ।

ਕਿਤਾਬ ਪੜ੍ਹ ਕੇ ਜਿੱਥੇ ਪੰਜਾਬੀ ਬੋਲੀ ਦੀ ਵਿਰਾਸਤ ਅਤੇ ਸਮਰੱਥਾ ਦਾ ਅਹਿਸਾਸ ਹੁੰਦਾ ਹੈ ਉੱਥੇ ਇਸ ਗੱਲ ਦਾ ਵੀ ਅਹਿਸਾਸ ਹੁੰਦਾ ਹੈ ਕਿ ਕਿੰਨੀ ਵੱਡੀ ਗਿਣਤੀ ਵਿੱਚ ਪੰਜਾਬੀ ਦੇ ਸ਼ਬਦ ਸਾਡੀ ਰੋਜ਼ਾਨਾ ਬੋਲਚਾਲ ਦਾ ਹਿੱਸਾ ਨਹੀਂ ਰਹੇ। ਜੇ ਇਹਨਾਂ ਸ਼ਬਦਾਂ ਦਾ ਕੋਈ ਲਿਖਤੀ ਰਿਕਾਰਡ ਨਾ ਰੱਖਿਆ ਗਿਆ ਤਾਂ ਆਉਣ ਵਾਲੇ ਬਹੁਤ ਥੋੜ੍ਹੇ ਸਮੇਂ ਵਿੱਚ ਇਹ ਸ਼ਬਦ ਪੰਜਾਬੀ ਬੋਲੀ ਦੇ ਸ਼ਬਦ ਭੰਡਾਰ ਵਿੱਚੋਂ ਅਲੋਪ ਹੋ ਜਾਣਗੇ। ਅਜਿਹਾ ਹੋਣ ਨਾਲ ਪੰਜਾਬੀ ਬੋਲੀ ਨੂੰ ਇਕ ਬਹੁਤ ਵੱਡਾ ਘਾਟਾ ਪਵੇਗਾ।

ਕਿਤਾਬ ਵਿੱਚ ਸ਼ਬਦਾਂ ਬਾਰੇ ਕਿਸੇ ਇੰਡੈਕਸ ਦੀ ਅਣਹੋਂਦ ਬਹੁਤ ਖੜਕਦੀ ਹੈ। ਇਸ ਨਾਲ ਕਿਤਾਬ ਵਿੱਚ ਸ਼ਬਦਾਂ ਨੂੰ ਲੱਭਣਾ ਬਹੁਤ ਮੁਸ਼ਕਿਲ ਬਣ ਜਾਂਦਾ ਹੈ।

ਕਿਤਾਬ ਦੇ ਮੁੱਢਲੇ ਲੇਖ ਵਿੱਚ ਲੇਖਕ ਪੰਜਾਬੀ ਬੋਲੀ ਦੀ ਸਮਰੱਥਾ ਬਾਰੇ ਸਿੱਟਾ ਕੱਢਦਿਆਂ ਲਿਖਦਾ ਹੈ:

> ਸਿੱਟੇ ਵਜੋਂ ਆਖਿਆ ਜਾ ਸਕਦਾ ਹੈ ਕਿ ਪੰਜਾਬੀ ਬੋਲੀ ਦੇ ਸ਼ਬਦ ਭੰਡਾਰ ਦੀ ਸੀਮਾ ਨੂੰ ਐਵੇਂ ਅਗਿਆਨ ਵੱਸ ਹੀ ਨੌਲਣ ਦੀ ਥਾਂ ਜੇ ਇਸ ਦੇ ਕਲਾਸੀਕੀ ਲਿਖਤੀ, ਲੋਕਯਾਨਕ ਤੇ ਮੌਖਿਕ ਸੋਮਿਆਂ ਨੂੰ ਪੂਰੇ ਸਿਦਕ ਤੇ ਸਿਰੜ ਨਾਲ ਗੌਲਿਆ ਜਾਏ ਤਾਂ ਇਹ ਬੋਲੀ ਕੇਵਲ ਗੰਭੀਰ ਤੇ ਸੂਖਮ ਵਾਰਤਾਲਾਪ ਦੀਆਂ ਲੋੜਾਂ ਹੀ ਨਹੀਂ, ਸਗੋਂ ਅਧੁਨਿਕ ਵਿਦਿੱਆ ਦੇ ਮਾਧਿਅਮ ਦੇ ਤੌਰ 'ਤੇ ਵੀ ਆਪਣੀ ਸਮਰੱਥਾ ਨੂੰ ਉਜਾਗਰ ਕਰਨ ਵਿੱਚ ਪੂਰੀ ਤਰ੍ਹਾਂ ਕਾਰਗਾਰ ਸਿੱਧ ਹੋ ਸਕਦੀ ਹੈ।

ਅਸੀਂ ਇਸ ਵੱਡਮੁੱਲੀ ਕਿਤਾਬ ਨੂੰ ਜੀਅ ਆਇਆਂ ਆਖਦੇ ਹਾਂ ਅਤੇ ਡਾ। ਸਾਧੂ ਸਿੰਘ ਹੋਰਾਂ ਦੇ ਇਸ ਉੱਦਮ ਦੀ ਸ਼ਲਾਘਾ ਕਰਦੇ ਹਾਂ। (ਹਰਪ੍ਰੀਤ ਸੇਖਾ)

## ਮੇਰੇ ਆਪਣੇ

(ਲੇਖਕ ਸੁਖਦੇਵ ਸਿੱਧੂ)




ਦੁਆਬੀ ਦੀ ਚਾਹਣੀ ਵਾਲ਼ੀ ਠੇਠ ਪੰਜਾਬੀ 'ਚ ਲਿਖੀ **ਮੇਰੇ ਅਪਣੇ** ਕਿਤਾਬ ਦੀ ਦੁਨੀਆ ਦੇਖਣ ਨੂੰ ਬਹੁਤੀ ਵੱਡੀ ਨਹੀਂ ਲਗਦੀ। ਇਹ ਪੜ੍ਹਦਿਆਂ ਮੈਨੂੰ ਕੁਝ ਦਿਨ ਹੀ ਪਹਿਲਾਂ ਛਪੀ ਸਾਇੰਸਦਾਨਾਂ ਦੀ ਸਾਡੇ ਬ੍ਰਹਿਮੰਡ ਦੀ ਖਿੱਚੀ ਪੋਸਟਕਾਰਡ ਜਿੱਡੀ ਤਸਵੀਰ ਦਾ ਚੇਤਾ ਆਉਂਦਾ ਰਿਹਾ। ਹਰ ਬੰਦੇ ਦਾ ਅਪਣਾ ਬ੍ਰਹਿਮੰਡ ਹੈ; ਸਾਇੰਸਦਾਨਾਂ ਦਾ ਹੋਰ। ਦੇਸ ਦੁਆਬੇ ਦੇ ਨਕੋਦਰ ਕੋਲ਼ ਸਤਲੁੱਜ ਦੇ ਬੇਟ ਦੇ 'ਵਲੈਤੀਆਂ ਦੇ ਪਿੰਡ' ਉੱਧੋਵਾਲ਼ ਤੇ ਲਾਗਲੇ ਪਿੰਡਾਂ ਦਾ ਵਲ਼ ਹੀ ਇਸ ਕਿਤਾਬ ਦਾ ਜੁਗਰਾਫ਼ੀਆ ਹੈ। ਜਿਵੇਂ ਪਾਸ਼ ਅਪਣੀ ਕਵਿਤਾ ਨੂੰ ਅਪਣੇ ਪਿੰਡ ਦੇ ਦੁਆਲ਼ੇ ਦੇ ਵੀਹ ਮੀਲਾਂ ਦੇ ਘੇਰੇ ਦੀ ਕਵਿਤਾ ਦਸਦਾ ਹੈ, ਓਵੇਂ ਸੁਖਦੇਵ ਸਿੱਧੂ ਦੀ ਕਿਤਾਬ **ਮੇਰੇ ਅਪਣੇ** ਇਹਦੇ ਪਿੰਡ ਦੁਆਲ਼ੇ ਦੇ ਵੀਹ ਮੀਲਾਂ ਦੇ ਪਿੰਡਾਂ ਦੇ ਇਹਦੇ ਅਪਣਿਆਂ ਦੀ ਵਾਰਤਾ ਹੈ। ਕਰੁਣਾ (ਸਹਿਅਨੁਭੂਤੀ-ਹਮਦਰਦੀ) ਹੀ ਉੱਚੀ-ਸੁੱਚੀ ਕਲਾ ਦਾ ਗੁਣ ਹੁੰਦਾ ਹੈ। ਇਹ ਗੁਣ ਇਸ ਲਿਖਤ 'ਚ ਸਾਕਾਰ ਹੈ। ਇਸ ਵਿਚ ਮੌਜੂਦ ਹਰ ਜੀਅ ਜਨੌਰ ਭਗਤ ਕਾਲ਼ਾ ਕੁੱਤਾ, ਹਿਰਨ, ਮੋਰ ਤੇ ਹੋਰ ਤਾਂ ਹੋਰ ਬਦਮਾਸ਼ ਵੀ ਪਾਠਕ ਨੂੰ ਅਪਣੇ-ਅਪਣੇ ਲਗਦੇ ਹਨ। ਇਸ ਵਿਚ ਸੋਚ ਤੇ ਭਾਵਨਾ ਇਕਸੁਰ ਹੈ। ਭਾਵਨਾ ਬਾਹਰ ਨਹੀਂ ਡੁੱਲ੍ਹਦੀ ਫਿਰਦੀ। ਭਾਵੁਕ ਸੰਜਮ ਅਜੋਕੇ ਪੰਜਾਬੀ ਸਾਹਿਤ ਵਿਚ ਦੁਰਲੱਭ ਹੈ।

ਇਹ ਨਕੋਦਰ ਲਾਗਲੇ ਬੇਟ ਦੀ ਅੱਧੀ ਸਦੀ ਦੀ ਵਾਰਤਾ ਹੈ। ਇਹ ਕਿਤਾਬ ਬੀਤ ਗਏ ਵੇਲੇ ਦਾ ਮਰਸੀਆਂ ਨਹੀਂ, ਉਹਦਾ ਜਸ਼ਨ ਹੈ। ਇਹ ਥਾਂ ਮੇਰੀ ਦੇਖੀ ਹੋਈ ਹੈ ਤੇ ਲੋਕ ਵੀ। ਏਸ ਲਈ ਵੀ ਮੈਂ ਇਹ ਕਿਤਾਬ ਚਾਅ ਨਾਲ਼ ਪੜ੍ਹੀ ਤੇ ਇਹ ਮੈਨੂੰ ਧੂਹ ਪਾਉਂਦੀ ਹੈ।

ਸੰਤਾਲ਼ੀ ਤੋਂ ਪਹਿਲਾਂ ਪੰਜਾਬੀ ਸਾਹਿਤ ਵਿਚ ਪੋਠੋਹਾਰ ਦੀ ਅੱਕਾਸੀ ਹੁੰਦੀ ਰਹੀ। ਫੇਰ ਗੁਰਦਿੱਤ ਸਿੰਘ ਦੀ ਕਿਤਾਬ **ਮੇਰਾ ਪਿੰਡ** ਛਪਣ ਮਗਰੋਂ ਮਾਲਵਾ ਦੇਸ ਦੀ। ਦੁਆਬੇ ਦੀ ਉੱਤਮ ਅੱਕਾਸੀ ਮਹਿੰਦਰ ਸਿੰਘ ਰੰਧਾਵੇ ਨੇ **ਆਪਬੀਤੀ** (ਨਵਯੁਗ 1985) ਵਿਚ ਕੀਤੀ ਸੀ। ਸਾਧੂ ਸਿੰਘ ਧਾਮੀ ਦੀਆਂ ਅੰਗਰੇਜ਼ੀ ਲਿਖਤਾਂ ਵਿਚ ਵੀ ਹੁਸ਼ਿਆਰਪੁਰੀ ਝਲਕਾਰੇ ਹਨ। ਪਰਮਜੀਤ ਝੱਜ ਦੀ ਅੰਗਰੇਜ਼ੀ 'ਚ ਲਿਖੀ ਕਿਤਾਬ ਦਾ ਕੁਚੱਜੀ ਪੰਜਾਬੀ 'ਚ ਕੀਤਾ ਅਨੁਵਾਦ ਪਿੱਛੇ ਜਿਹੇ ਛਪਿਆ ਸੀ। ਜਲੰਧਰ ਵਾਲ਼ੇ ਪਾਸੇ ਦੀ ਕਸਰ ਹੁਣ ਸੁਖਦੇਵ ਸਿੱਧੂ ਨੇ ਪੂਰੀ ਕਰ ਦਿੱਤੀ ਹੈ।

ਪਰਵਾਸ ਤੇ ਸੰਨ ਸੰਤਾਲ਼ੀ ਵੀਹਵੀਂ ਸਦੀ ਦੇ ਪੰਜਾਬ ਦੇ ਮਹਾਨ ਦੁਖਾਂਤ ਹਨ। ਪਰਵਾਸ ਦੇ ਬੜੇ ਲੋਕਗੀਤ ਮਿਲ਼ਦੇ ਹਨ, ਜਿਨ੍ਹਾਂ ਵਿਚ ਔਰਤ ਘਰ ਦਾ ਦਲਿੱਦਰ ਧੋਣ ਪਰਦੇਸੀਂ ਕਮਾਈ ਕਰਨ ਗਏ ਅਪਣੇ ਆਦਮੀ ਨੂੰ ਦੰਮਾਂ ਦਾ ਲੋਭੀ ਆਖ ਕੇ ਆਰਾਂ ਲਾਉਂਦੀ ਹੈ। ਕੋਈ ਗੀਤ ਨਹੀਂ ਦਸਦਾ ਕਿ ਉਸ ਆਦਮੀ 'ਤੇ ਕਿਸੇ ਦੇ ਪੁੱਤ ਕਿਸੇ ਦੇ ਪਤੀ ਤੇ ਕਿਸੇ ਦੇ ਪਿਉ 'ਤੇ ਕੀ ਬੀਤਦੀ ਹੋਊਗੀ। **ਤਾਇਆ ਸਰਦਾਰਾ ਸਿੰਘ** ਲਿਖਤ ਵਿਚ ਦਿਲ ਪਸੀਜਣ ਵਾਲ਼ਾ ਬਿਆਨ ਹੈ:

ਵਿਛੜਨ ਲੱਗੇ ਮੇਰੇ ਬਾਪ ਨੇ ਮੈਨੂੰ ਪਿਆਰ ਦਿੱਤਾ ਤੇ ਕਿਹਾ: ਘਰ ਦਾ ਚੇਤਾ ਨਾ ਭੁੱਲੀਂ।ਤਾਏ ਨੇ ਮੇਰੀ ਜੱਫੀ ਭਰੀ; ਅੱਡੀਆਂ ਚੁੱਕ ਕੇ ਮੇਰੇ ਬਰੋਬਰ ਹੋਇਆ। ਮੈਂ ਰਤਾ ਕੁ ਨਿਵਿਆਂ। ਇਹਨੇ ਮੇਰਾ ਮੱਥਾ ਚੁੰਮਿਆ। ਜੱਫੀ ਕਸ ਲਈ। ਸਿਰ 'ਤੇ ਪਿਆਰ ਦਿੱਤਾ। ਫੇਰ ਮੂੰਹ ਪਰ੍ਹਾਂ ਨੂੰ ਕਰ ਲਿਆ। ਕਿਹਾ ਕੁਛ ਨਹੀਂ। ਮੈਂ ਪਹਿਲੀ ਵਾਰ ਤਾਇਆ ਰੋਂਦਾ ਦੇਖਿਆ, ਉਹ ਵੀ ਲੁਕ ਕੇ। (ਸਫ਼ਾ 40)

ਲੇਖਕ ਦਾ ਜਨਮ ਤਾਂ ਸੰਤਾਲ਼ੀ ਮਗਰੋਂ ਦਾ ਹੈ, ਪਰ ਬਾਰ ਚੋਂ ਉੱਜੜ ਕੇ ਆਏ ਅਪਣੇ ਘਰਦਿਆਂ ਤੋਂ ਨਿਤ ਸੁਣ-ਸੁਣ ਕੇ ਲਿਖਿਆ ਦੂਣੀ ਦੇ ਪਹਾੜੇ ਵਾਂਗ ਯਾਦ ਕੀਤਾ ਬਿਰਤਾਂਤ ਜ਼ਬਾਨੀ ਤਵਾਰੀਖ਼ਦਾਨੀ ਦਾ ਖਰਾ ਨਮੂਨਾ ਹੈ। ਇਨ੍ਹਾਂ ਦੇ ਪਿੰਡ ਦੀ ਮੁਸਲਮਾਨ ਦਾਈ ਸੰਤਾਲ਼ੀ ਵੇਲੇ ਪਿੰਡ ਹੀ ਟਿਕੀ ਰਹੀ ਤੇ ਬਰਕਤੇ ਤੋਂ ਹਰਨਾਮ ਕੌਰ ਹੋ ਗਈ ਤੇ ਸਾਰੀ ਉਮਰ ਅਪਣਾ ਕਰਮ ਨਿਭਾਈ ਗਈ। ਉਹਦੇ ਬਾਰੇ ਲਿਖਤ ਦਾ ਆਖ਼ਿਰੀ ਵਾਕ ਹੈ: ਜੇ ਸਾਡੀ ਮਾਂ ਬਰਕਤੇ ਪਾਕਿਸਤਾਨ ਚਲੇ ਜਾਂਦੀ, ਤਾਂ ਸਾਨੂੰ ਹਰਨਾਮ ਕੌਰ ਕਿੱਥੋਂ ਲੱਭਣੀ ਸੀ। (ਸਫ਼ਾ 80)

ਸੰਤਾਲੀ ਪਹਿਲਾਂ ਸਾਰੇ ਪੰਜਾਬੀ ਪੱਗ ਬੰਨ੍ਹਦੇ ਹੁੰਦੇ ਸੀ। ਪਿਛਲੀ ਸਦੀ ਦੇ ਸ਼ੁਰੂ ਵਿਚ ਪਰਦੇਸੀ ਹੋਏ ਸਿੱਖਾਂ ਨੇ ਅਪਣੀ ਪੱਗ ਅਪਣੇ ਕੇਸ ਅਪਣੇ ਹੱਥੀਂ ਲਾਹ ਦਿੱਤੇ। ਸਰਾਭੇ ਵਾਲ਼ੇ ਕਰਤਾਰ ਸਿੰਘ ਦੀ ਬੋਦਿਆਂ ਵਾਲ਼ੀ ਅਮਰੀਕਾ 'ਚ ਖਿੱਚੀ ਤਸਵੀਰ ਨੂੰ ਗ਼ਦਰੀ-ਕਿਰਤੀ ਬਾਬਿਆਂ ਐਵੇਂ ਨਹੀਂ ਸੀ ਪੱਗ ਬੰਨ੍ਹ ਦਿੱਤੀ। ਕੇਸ ਕਤਲ ਕਰਵਾਉਣ ਦਾ ਟੁੰਬਵਾਂ ਬਿਆਨ ਸਾਧੂ ਸਿੰਘ ਧਾਮੀ ਦੇ ਨਾਵਲ ਮਲੂਕੇ 'ਚ ਹੈ। ਬਲਵੰਤ ਗਾਰਗੀ ਨੇ ਇਸ ਦੁੱਖ ਦਾ ਬਿਆਨ ਜਿਵੇਂ ਅਪਣੀ ਕਹਾਣੀ **ਝੱਗ** ਚ ਕੀਤਾ ਸੀ, ਓਵੇਂ ਕੋਈ ਸਿੱਖ ਲਿਖਾਰੀ ਨਹੀਂ ਕਰ ਸਕਿਆ। 'ਮੋਨੇ ਸਿੱਖਾਂ' 'ਰੁਮਾਲ ਵਾਲ਼ੇ ਸਿੱਖਾਂ' ਦੀ ਨਵੀਂ ਫ਼ਸਲ ਪਰਦੇਸਾਂ ਦੀ ਹੀ ਪੈਦਾਵਾਰ ਹੈ। ਸੰਨ ਪੰਜਾਹਾਂ ਤੋਂ ਬਾਅਦ ਭਗਤ ਸਿੰਘ ਦੀ ਰੀਸੇ ਪੰਜਾਬ ਚ ਕੇਸ ਕਟਾਉਣ ਤੇ ਸਿਗਟਾਂ ਪੀਣ ਦਾ ਨਵਾਂ ਫ਼ੈਸ਼ਨ ਕਮਿਉਨਿਸਟਾਂ 'ਚ ਆਮ ਸੀ ਤੇ ਨਾਸਤਿਕਤਾ ਐਵੇਂ ਵਾਧੂ ਦੀ। ਮੈਂ ਆਪ ਕੇਸ ਕਤਲ ਕਰਵਾਉਣ ਪਿੱਛੋਂ ਕਈ ਸਾਲਾਂ ਬਾਅਦ ਕਵਿਤਾ **ਕੇਸ** ਲਿਖੀ ਤੇ ਮੁੜ ਕੇ ਕੇਸ ਰਖ ਲਏ। ਸੰਨ 1899 ਵਿਚ ਅਮਰੀਕਾ 'ਚ ਜਾ ਕੇ ਵਸੇ ਪਹਿਲੇ ਪੰਜਾਬੀ ਸੁਰ ਸਿੰਘ ਪਿੰਡ ਦੇ ਬਖ਼ਸ਼ੀਸ਼ ਸਿੰਘ ਢਿੱਲੋਂ ਦੀ ਪੜਦੋਹਤੀ ਤੇ ਰੂਸ ਦੋ ਵਾਰੀ ਗਏ ਗ਼ਦਰੀ ਬੁੱਧ ਸਿੰਘ ਦੀ ਭੈਣ ਦੀ ਦੋਹਤੀ ਐਰਿਕਾ ਸੂਰਤ ਐਂਡਰਸਨ* ਨੇ ਹੁਣ ਜਾ ਕੇ ਫ਼ਿਲਮ **ਟਰਬਨਜ਼** ਬਣਾਈ ਹੈ, ਜਿਸ ਵਿਚ ਕੇਸ ਲਹਾਉਂਦੇ ਸਿੱਖ ਮੁੰਡੇ ਦਾ ਸੀਨ ਹੈ ਤੇ ਇਹਦਾ ਬਹੁਤੇ ਸਿੱਖਾਂ ਨੇ ਬੁਰਾ ਤਾਂ ਮਨਾਉਣਾ ਹੀ ਸੀ। ਹੁਣ ਤਾਂ ਪੰਜਾਬ ਵਿਚ ਵੀ ਸਿੱਖ ਟੱਬਰਾਂ ਦੇ ਪੱਗ ਵਾਲ਼ੇ ਵਿਰਲੇ ਨੌਜਵਾਨ ਨਜ਼ਰ ਆਉਂਦੇ ਹਨ। ਸੁਖਦੇਵ ਸਿੱਧੂ ਨੇ **ਕਤਲ ਕੇਸ** ਲਿਖਤ ਵਿਚ ਅਪਣੀ ਹੱਡਬੀਤੀ ਲਿਖੀ ਹੈ ਕਿ ਇਹਦੇ ਘਰਦਿਆਂ 'ਤੇ ਕੀ ਬੀਤੀ; ਪਰ ਅਪਣੇ ਮਨ ਦੀ ਗੱਲ ਦੱਸਣੋਂ ਜਕ ਗਿਆ।

**ਨਾਨਕਾ ਮੇਲ਼ ਰੇਲ ਗੱਡੀ** (ਸਫ਼ਾ 97) 'ਚ ਸੁਖਦੇਵ ਨੇ ਨਕੋਦਰ-ਜਲੰਧਰ ਰਸਤੇ ਜਮਸ਼ੇਰ ਕੋਲ਼ ਅਪਣੇ ਨਾਨਕੀਂ ਜਾਣ ਦੀ ਸਵਾਦਲੀ ਯਾਤਰਾ ਲਿਖੀ ਹੈ। ਇਹ ਤਾਂ ਗਾਹੇ-ਬਗਾਹੇ ਨਾਨਕੀਂ ਜਾਂਦਾ ਹੋਣਾ, ਮੈਂ ਤਿੰਨ ਸਾਲ ਹਰ ਰੋਜ਼ ਨਕੋਦਰੋਂ ਜਲੰਧਰ ਰੇਕ ਗੱਡੀ ਚ ਕੌਲਿਜ ਦੀ ਪੜ੍ਹਾਈ ਕਰਨ ਜਾਂਦਾ ਰਿਹਾ। ਹੁਣ ਤਾਂ ਨਕੋਦਰ ਕਈ ਕੌਲਿਜ ਖੁੱਲ੍ਹੇ ਹੋਏ ਹਨ, ਮੇਰੇ ਵੇਲੇ ਇਕ ਵੀ ਨਾ ਸੀ। ਰਸਤੇ ਦੇ ਸਾਰੇ ਟੇਸ਼ਣ – ਸ਼ੰਕਰ, ਥਾਬਲ਼ਕੇ, ਜਮਸ਼ੇਰ ਤੇ ਲਾਇਲਪੁਰ ਖ਼ਾਲਸਾ ਕੌਲਿਜ ਹਾਲਟ – ਦੁਨੀਆ ਦੇ ਸੁਹਣੇ ਤੋਂ ਸੁਹਣੇ ਟੇਸ਼ਣਾਂ ਤੋਂ ਵਧ ਕੇ ਹਨ। ਮੈਂ ਇਸ ਸਫ਼ਰ ਬਾਬਤ **ਰੇਲ ਗੱਡੀ** ਕਵਿਤਾ ਲਿਖੀ ਹੈ: ਏਨੀ ਲੰਬੀ ਗੱਡੀ ਮੈਂ ਹੋਰ ਕਿਤੇ ਨਹੀਂ ਦੇਖੀ/ ਏਨੀ ਲੰਬੀ ਜਿੰਨਾ ਨਕੋਦਰੋਂ ਜਲੰਧਰ/ ਇਹ ਗੱਡੀ ਰੁਕਦੀ ਨਹੀਂ ਕਦੇ/ ਪਹੀਏ ਘੁੰਮਦੇ ਓਸੇ ਥਾਂ ਆਉਂਦੇ ਰਹਿੰਦੇ ਹਨ। (*ਛੰਨਾ ਨਵਯੁਗ 1998*)।

ਪੰਜਾਬੀ ਧਰਾਤਲ (ਲੈਂਡਸਕੇਪ) ਦੇ ਕੁਦਰਤ ਦੀ ਰੁਣ-ਝੁਣ ਦੇ ਗੁਰਬਾਣੀ ਵਿਚ ਤਾਂ ਕਿਧਰੇ-ਕਿਧਰੇ ਦਰਸ਼ਨ ਹੁੰਦੇ ਹਨ; ਪਰ ਅਜੋਕੇ ਸਾਹਿਤ, ਚਿਤ੍ਰਕਲਾ ਵਿਚ ਇਹ ਦੁਰਲਭ ਹੈ। ਅਧਿਆਤਮ ਤੋਂ ਬਿਨਾਂ ਵੀ ਸੁੰਦਰਤਾ ਦੀ ਵਡਿਆਈ ਹੁੰਦੀ ਹੈ। ਭਾਈ ਵੀਰ ਸਿੰਘ ਦੀ ਕਵਿਤਾ **ਕਿੱਕਰ ਦਾ ਰੁੱਖ,** ਪੂਰਨ ਸਿੰਘ ਦੀ ਕਿਤਾਬ **ਖੁੱਲ੍ਹੇ ਮੈਦਾਨ,** ਲਾਲਾ ਧਨੀ ਰਾਮ ਚਾਤ੍ਰਿਕ ਦੀ ਸ਼ਾਹਪੁਰ ਕੰਢੀ ਵਾਲ਼ੀ ਕਵਿਤਾ **ਪੇਂਡੂ ਜੀਵਨ** ਤੇ **ਬਾਰਾਂਮਾਹ** ਅਤੇ ਸੰਤੋਖ ਸਿੰਘ ਧੀਰ ਦੀ ਕਵਿਤਾ **ਨਿੱਕੀ ਸਲੇਟੀ ਸੜਕ ਦਾ ਟੋਟਾ** ਪੰਜਾਬੀ ਲੈਂਡਸਕੇਪ ਦੀ ਵਿੱਕੋਲਿਤਰੀਆਂ ਮਿਸਾਲਾਂ ਹਨ। **ਮੇਰੇ ਅਪਣੇ** ਦਾ ਲੇਖਕ ਇਹ ਕੰਮ ਨਸਰ ਵਿਚ ਅਚੇਤ ਕਰ ਗਿਆ ਲਗਦਾ ਹੈ। ਸੁਹਣੀ ਮਿਸਾਲ:

ਸਉਣ ਭਾਦੋਂ ਦੇ ਦਿਨੀਂ ਮੀਂਹ ਪੈਣੇ ਤੇ ਝੱਲ ਚ ਚਹਿਲ-ਪਹਿਲ ਹੋ ਜਾਣੀ। ਰੇਤ ਦੇ ਟਿੱਬੇ ਵੀ ਹਰਿਆਲੀ ਨਾਲ਼ ਚਹਿਕਣੇ। ਸਲਵਾੜ ਕਾਹੀ ਦੇ ਬੂਝੇ ਵਧ ਜਾਣੇ। ਭੱਖੜਾ ਵੀ ਹਰਾ-ਭਰਾ ਹੋ ਜਾਣਾ। ਅੱਕ ਫੰਭੜੇ ਹੋਣੇ। ਖੱਬਲ਼ ਘਾਹ ਜਾਂ ਦੁੱਬ ਹੋ ਜਾਣੀ ਤੇ ਖੁੰਬਾਂ ਉਗ ਆਉਣੀਆ। ਤੁੰਮਿਆਂ ਦੀਆਂ ਵੇਲਾਂ ਵਧ ਜਾਣੀਆਂ। ਗੇਂਦਾਂ ਵਾਗੂੰ ਰਿੜ੍ਹਦੇ ਫਿਰਨੇ। ਵਿਚ ਵਿਚ ਪਸੂਆਂ ਨੇ ਖਾ ਵੀ ਲੈਣੇ। (ਸਫ਼ਾ 48)

ਲਿਖਾਰੀ ਦੀ ਇਹ ਸ਼ਿਕਾਇਤ ਹੈ ਕਿ ਇਨ੍ਹਾਂ ਦੇ ਪਿੰਡ ਦੇ ਗ਼ਦਰੀ ਰਲ਼ਾ ਸਿੰਘ ਦੀ ਕਿਤੇ ਯਾਦਗਾਰ ਨਹੀਂ ਬਣੀ; ਉਹਨੂੰ ਕੋਈ ਯਾਦ ਨਹੀਂ ਕਰਦਾ। ਏਨਾ ਹੀ ਬਹੁਤ ਹੀ ਨਹੀਂ ਕਿ ਰਲ਼ਾ ਸਿੰਘ ਦੇ ਪਿੰਡ ਦੇ ਮੁੰਡੇ ਨੇ ਬਾਬੇ ਨੂੰ ਮਨ ਵਿਚ ਵਸਾ ਕੇ ਤੇਹੁ ਨਾਲ਼ ਇਹ ਲੇਖ ਲਿਖਿਆ ਹੈ। ਸ਼ਬਦ-ਸਿਮਰਤੀ ਕਿਸੇ ਵੀ ਪੱਥਰ ਦੇ ਬੁੱਤ ਨਾਲ਼ੋਂ ਵਧ ਕੇ ਹੈ। ਸਾਡੇ ਸਾਹਿਤ ਚ ਭਲਾ ਕਿੰਨੇ ਕੁ ਯਾਦਗਾਰੀ ਸ਼ਬਦ-ਚਿਤ੍ਰ ਹਨ? **ਭੂਆ ਚੰਨੋ**, **ਵੱਡਾ ਸਾਧੂ ਸੋਂਹ** ਤੇ **ਤਾਇਆ ਸਰਦਾਰਾ ਸਿੰਘ** ਐਸੀਆਂ ਯਾਦਗਾਰੀ ਲਿਖਤਾਂ ਚ ਗਿਣੀਆਂ ਜਾਇਆ ਕਰਨਗੀਆਂ। **ਸਾਧਾਂ ਦਾ ਭੇੜ** ਜਿਵੇਂ ਅਜੋਕੇ ਪੂਰਬੀ ਪੰਜਾਬ ਦੀ ਸਿਆਸਤ ਦੀ ਫ਼ਿਲਮ ਬਣੀ ਪਈ ਹੈ।

ਇਹੋ ਜਿਹੀਆਂ ਸੁੱਚੀਆਂ ਕਿਤਾਬਾਂ ਨਿਤ ਨਹੀਂ ਲਿਖ ਹੁੰਦੀਆਂ ਤੇ ਨਾ ਹੀ ਛਪਦੀਆਂ ਹਨ। ਪੰਜਾਬੀ ਪ੍ਰਕਾਸ਼ਕ ਅਪਣੇ ਹੱਥ ਆਏ ਕੰਪੀਊਟਰਾਂ ਨਾਲ਼ ਕਲਾਕਾਰੀਆਂ ਕਰਨੋ ਨਹੀਂ ਟਲ਼ਦੇ। ਅੱਜ ਦੇ ਸਾਡੇ ਸਭ ਤੋਂ ਮਹਿੰਗੇ ਚਿਤੇਰੇ ਸਿਧਾਰਥ ਦੀ ਇਸ ਕਿਤਾਬ ਵਾਸਤੇ ਉਚੇਚੀ ਬਣਾਈ ਤਸਵੀਰ ਨਾਲ਼ ਪ੍ਰਕਾਸ਼ਕ ਨੇ ਐਸੀਆਂ ਕਲਾਕਾਰੀਆਂ ਕੀਤੀਆਂ ਕਿ ਸਰਵਰਕ ਦੇ ਚਿਤ੍ਰ ਦੇ ਥੱਲੇ ਨਿੱਕਾ-ਨਿੱਕਾ ਲਿਖਿਆ ਸਖ਼ੀ ਚਿਤ੍ਰਕਾਰ ਦਾ ਨਾਂ ਹੀ ਨਹੀਂ ਪੜ੍ਹਿਆ ਜਾਂਦਾ। (ਅਮਰਜੀਤ ਚੰਦਨ)

# ਕਾਫ਼ਲੇ ਵੱਲੋਂ ਦਮਨ, ਗੁਰਭਜਨ ਗਿੱਲ, ਅਤੇ ਤੇਜਵੰਤ ਗਿੱਲ ਨਾਲ਼ ਬੈਠਕ
## ਥੀਏਟਰ ਹੀ ਸਮਾਜਿਕ ਜਾਗ੍ਰਿਤੀ ਪੈਦਾ ਕਰ ਸਕਦਾ: ਦਮਨ




ਟਰਾਂਟੋ:- (ਕੁਲਵਿੰਦਰ ਖਹਿਰਾ) 'ਪੰਜਾਬੀ ਕਲਮਾਂ ਦਾ ਕਾਫ਼ਲਾ ਟਰਾਂਟੋ' ਵੱਲੋਂ 14 ਅਗਸਤ ਨੂੰ 'ਸੰਤ ਸਿੰਘ ਸੇਖੋਂ ਹਾਲ' ਵਿੱਚ ਇੱਕ ਵਿਸ਼ੇਸ਼ ਮਿਲਣੀ ਦੌਰਾਨ ਨਾਟਕਕਾਰ ਦਵਿੰਦਰ ਦਮਨ, ਗੁਰਭਜਨ ਗਿੱਲ, ਅਤੇ ਆਲੋਚਕ ਡਾ: ਤੇਜਵੰਤ ਗਿੱਲ ਨਾਲ਼ ਗੱਲਬਾਤ ਕੀਤੀ ਗਈ ਜਿਸ ਦੌਰਾਨ ਰੰਗ-ਮੰਚ ਅਤੇ ਸਾਹਿਤ ਦੇ ਆਪਸੀ ਸਬੰਧ, ਰੰਗ-ਮੰਚ ਦੀ ਸੀਮਾ, ਅਤੇ ਸੰਤ ਸਿੰਘ ਸੇਖੋਂ ਦੀ ਲੇਖਣੀ ਬਾਰੇ ਚਰਚਾ ਹੋਈ।

ਉੱਘੇ ਕਹਾਣੀਕਾਰ, ਡਾ: ਵਰਿਆਮ ਸੰਧੂ ਹੁਰਾਂ ਦੀ ਪ੍ਰਧਾਨਗੀ ਹੇਠ ਇਸ ਵਿਸ਼ੇਸ਼ ਮਿਲਣੀ ਦੀ ਸ਼ੁਰੂਆਤ ਉਨਟੈਰੀਓ ਪੰਜਾਬੀ ਥੀਏਟਰ ਦੇ ਮੋਢੀ, ਨਾਮਵਰ ਐਕਟਰ-ਡਾਇਰੈਕਟਰ, ਅਤੇ ਦਵਿੰਦਰ ਦਮਨ ਦੇ ਲੰਬੇ ਸਮੇਂ ਤੋਂ ਸਹਿਯੋਗੀ ਜਸਪਾਲ ਢਿੱਲੋਂ ਹੁਰਾਂ ਵਲੋਂ ਦਮਨ ਹੁਰਾਂ ਦੀ ਭਰਪੂਰ ਜਾਣ-ਪਛਾਣ ਨਾਲ ਹੋਈ। ਉਪਰੰਤ ਨਾਟਕ ਅਤੇ ਸਾਹਿਤ ਦੇ ਆਪਸੀ ਸਬੰਧ ਬਾਰੇ ਬੋਲਦਿਆਂ ਦਵਿੰਦਰ ਦਮਨ ਹੁਰਾਂ ਕਿਹਾ ਕਿ ਨਾਟਕ ਅਸਲ ਵਿੱਚ ਦ੍ਰਿਸ਼ ਸਾਹਿਤ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਸਾਹਿਤ ਦੀ ਸ਼ੁਰੂਆਤ ਹੀ ਨਾਟਕ ਤੋਂ ਹੋਈ ਹੋਵੇਗੀ ਕਿਉਂਕਿ ਜਦੋਂ ਭਾਸ਼ਾ ਦੀ ਅਣਹੋਂਦ ਵਿੱਚ ਲੋਕ ਇੱਕ-ਦੂਸਰੇ ਨੂੰ ਆਪਣੀ ਗੱਲ ਸਮਝਾਉਂਦੇ ਹੋਣਗੇ ਤਾਂ ਜ਼ਰੂਰ ਅਦਾਕਾਰੀ ਰਾਹੀਂ ਹੀ ਸਮਝਾਉਂਦੇ ਹੋਣਗੇ। ਉਨ੍ਹਾਂ ਕਿਹਾ ਕਿ ਅੱਜ ਵੀ ਨਾਟਕ ਸਿਰਜਣਾ ਲਈ ਬਹੁਤ ਸਾਰੇ ਸਾਹਿਤ (ਕਹਾਣੀ, ਕਵਿਤਾ, ਨਾਵਲ, ਆਦਿ) ਦੀ ਲੋੜ ਪੈਂਦੀ ਹੈ ਅਤੇ ਅਦਾਕਾਰੀ ਲਈ ਕਲਾਕਾਰ ਫਿਰ ਸ਼ਬਦਾਂ ਤੋਂ ਅਦਾਵਾਂ ਵੱਲ ਪਰਤਦਾ ਹੈ। ਉਨ੍ਹਾਂ ਕਿਹਾ ਕਿ ਜੇ ਨਿਰਦੇਸ਼ਕ ਨੇ ਸਾਹਿਤ ਨਹੀਂ ਪੜ੍ਹਿਆ ਹੋਵੇਗਾ ਤਾਂ ਉਹ ਸਕਰਿਪਟ ਦਾ ਸਹੀ ਅਨੁਵਾਦ ਨਹੀਂ ਕਰ ਸਕੇਗਾ ਅਤੇ ਜੇ ਅਦਾਕਾਰ ਨੇ ਸਾਹਿਤ ਨਹੀਂ ਪੜ੍ਹਿਆ ਹੋਵੇਗਾ ਤਾਂ ਉਹ ਕਿਰਦਾਰ ਨੂੰ ਸਹੀ ਰੂਪ ਵਿੱਚ ਨਿਭਾਉਣ ਵਿੱਚ ਕਾਮਯਾਬ ਨਹੀਂ ਹੋਵੇਗਾ। ਉਨ੍ਹਾਂ ਦਾ ਕਹਿਣਾ ਸੀ ਕਿ ਹਰ ਵਿਅਕਤੀ ਜ਼ਿੰਦਗੀ ਦੇ ਵੱਖ ਵੱਖ ਤਜ਼ਰਬਿਆਂ ਨੂੰ ਹੰਢਾ ਨਹੀਂ ਸਕਦਾ ਪਰ ਉਨ੍ਹਾਂ ਦੇ ਅਨੁਭਵ ਨੂੰ ਸਾਹਿਤ ਵਿੱਚੋਂ ਹਾਸਿਲ ਕਰ ਸਕਦਾ ਹੈ ਜੋ ਉਸ ਵੱਲੋਂ ਕਿਸੇ ਕਿਰਦਾਰ ਦੇ ਵਰਤਾਰੇ ਨੂੰ ਸਮਝਣ ਵਿੱਚ ਸਹਾਈ ਹੋ ਸਕਦਾ ਹੈ। ਮਿਸਾਲ ਦਿੰਦਿਆਂ ਉਨ੍ਹਾਂ ਕਿਹਾ ਕਿ ਹਰ ਚੋਰ-ਉਚੱਕਾ ਜਾਂ ਹਰ ਸ਼ਰਾਬੀ ਇੱਕੋ ਜਿਹਾ ਨਹੀਂ ਹੋ ਸਕਦਾ ਜਿਸ ਕਰਕੇ ਇਨ੍ਹਾਂ ਦੇ ਕਿਰਦਾਰ ਨੂੰ ਨਿਭਾਉਣ ਲਈ ਸੁਭਾਵਾਂ ਦਾ ਵਖਰੇਵਾਂ ਬਹੁਤ ਜ਼ਰੂਰੀ ਹੋਵੇਗਾ ਅਤੇ ਇਸ ਵਖਰੇਵੇਂ ਦਾ ਅਨੁਭਵ ਸਾਹਿਤ ਪੜ੍ਹ ਕੇ ਹੀ ਹਾਸਿਲ ਕੀਤਾ ਜਾ ਸਕਦਾ ਹੈ। ਉਨ੍ਹਾਂ ਦੇ ਕਹਿਣ ਅਨੁਸਾਰ, "ਜਦੋਂ ਤੱਕ ਅਦਾਕਾਰ ਅੰਦਰ ਸਾਹਿਤ ਜਜ਼ਬ ਨਹੀਂ ਹੋ ਜਾਂਦਾ ਉਦੋਂ ਤੱਕ ਉਹ ਕਿਰਦਾਰ ਨਾਲ਼ ਇਨਸਾਫ਼ ਹੀ ਨਹੀਂ ਕਰ ਸਕਦਾ।"

ਤਰਲੋਚਨ ਸਿੰਘ ਗਿੱਲ ਵੱਲੋਂ ਇਹ ਪੁੱਛੇ ਜਾਣ 'ਤੇ ਕਿ ਸਟੇਜ 'ਤੇ ਲੜਾਈ ਜਾਂ ਸਮੁੰਦਰ ਦੇ ਦ੍ਰਿਸ਼ ਨੂੰ ਕਿਵੇਂ ਨਿਭਾਇਆ ਜਾ ਸਕਦਾ ਹੈ, ਦੇ ਜਵਾਬ ਵਿੱਚ ਦਮਨ ਹੁਰਾਂ ਕਿਹਾ ਕਿ ਅਦਾਕਾਰ ਦਾ ਕੰਮ ਸ਼ਬਦਾਂ ਅਤੇ ਅਦਾਵਾਂ ਰਾਹੀਂ ਅਣਦਿੱਸਦੇ ਨੂੰ ਵਿਖਾਉਣਾ ਅਤੇ ਦਰਸ਼ਕ ਨੂੰ ਉਸ ਦਾ ਅਨੁਭਵ ਕਰਵਾਉਣਾ ਹੁੰਦਾ ਹੈ। ਜਦੋਂ ਅਦਾਕਾਰ ਸਟੇਜ 'ਤੇ ਆ ਕੇ ਕਿਸੇ ਅਣਦਿੱਸਦੀ ਚੀਜ਼ ਦਾ ਕਲਾਤਮਿਕ ਵਰਨਣ ਕਰਦਾ ਹੈ ਤਾਂ ਦਰਸ਼ਕ ਉਸ ਦੇ ਸ਼ਬਦਾਂ 'ਚੋਂ ਉਸ ਚੀਜ਼ ਦਾ ਅਨੁਭਵ ਹਾਸਿਲ ਕਰਦਾ ਹੈ। ਉਨ੍ਹਾਂ ਕਿਹਾ ਕਿ ਨਾਟਕ ਸੋਸ਼ਲ ਜਾਗ੍ਰਿਤੀ ਪੈਦਾ ਕਰਨ ਲਈ ਸਭ ਤੋਂ ਕਾਰਗਰ ਤਰੀਕਾ ਹੈ, ਇਸੇ ਕਰਕੇ ਹੀ ਇਸ ਨੂੰ ਦਬਾਇਆ ਜਾ ਰਿਹਾ ਹੈ ਜਦਕਿ ਰੂਸ ਨੇ ਹਮੇਸ਼ਾਂ ਹੀ ਨਾਟਕ ਨੂੰ ਉਤਸ਼ਾਹਿਤ ਕੀਤਾ ਹੈ।

'ਪੰਜਾਬੀ ਸਾਹਿਤ ਅਕੈਡਮੀ' ਦੇ ਪ੍ਰਧਾਨ ਗੁਰਭਜਨ ਗਿੱਲ ਨੇ, ਸਾਹਿਤ ਅਕਾਦਮੀ ਬਾਰੇ ਸੰਖੇਪ ਜਾਣਕਾਰੀ ਦਿੱਤੀ। ਦਵਿੰਦਰ ਦਮਨ ਹੁਰਾਂ ਦੇ ਸੰਬੋਧਨ ਬਾਰੇ ਬੋਲਦਿਆਂ ਉਹਨਾਂ ਕਿਹਾ ਕਿ 1910 'ਚ ਨੌਰਾ ਰਿਚਰਡ ਵੱਲੋਂ ਖੇਡੇ ਗਏ ਪੰਜਾਬੀ ਦੇ ਪਹਿਲੇ ਨਾਟਕ ਦੀ ਬਦੌਲਤ ਹੀ ਪੰਜਾਬੀ ਨਾਟਕ ਨੇ ਨੰਦਾ ਤੋਂ ਲੈ ਕੇ ਪਾਲੀ ਭੁਪਿੰਦਰ ਤੱਕ ਦਾ ਸਫ਼ਰ ਕੀਤਾ ਹੈ। ਸਾਹਿਤ ਅਕੈਡਮੀ ਦੇ ਪ੍ਰਧਾਨ ਦੀ ਹੈਸੀਅਤ ਵਿੱਚ ਉਨ੍ਹਾਂ ਕਿਹਾ ਕਿ ਸਾਡੇ ਲਈ ਇਹ

ਅਫ਼ਸੋਸ ਦੀ ਗੱਲ ਹੈ ਕਿ ਜੋ ਸਾਹਿਤਕਾਰ ਸਾਰੀ ਉਮਰ ਆਪਣਾ ਸਿਰ ਨੀਵਾਂ ਨਹੀਂ ਹੋਣ ਦਿੰਦੇ ਅਤੇ ਆਪਣੀ ਸਾਰੀ ਜ਼ਿੰਦਗੀ ਸਾਹਿਤ ਦੇ ਲੇਖੇ ਲਾ ਜਾਂਦੇ ਹਨ ਉਹ ਆਪਣੀ ਉਮਰ ਦੇ ਆਖਰੀ ਦਿਨਾਂ ਵਿੱਚ ਲਾਚਾਰ ਹੋ ਕੇ ਰਹਿ ਜਾਂਦੇ ਹਨ ਅਤੇ ਅਸੀਂ ਵੀ ਉਨ੍ਹਾਂ ਦੀ ਮਦਦ ਦੀ ਉਨ੍ਹਾਂ ਹੀ ਸਰਕਾਰਾਂ ਤੋਂ ਆਸ ਕਰਨ ਲੱਗ ਪੈਂਦੇ ਹਾਂ ਜਿਨ੍ਹਾਂ ਖਿਲਾਫ ਲੜਦਿਆਂ ਲੇਖਕਾਂ ਨੇ ਜ਼ਿੰਦਗੀ ਲੰਘਾਈ ਹੁੰਦੀ ਹੈ। ਉਨ੍ਹਾਂ ਕਿਹਾ ਕਿ ਸਾਨੂੰ ਅਜਿਹਾ ਉਪਰਾਲਾ ਕਰਨਾ ਚਾਹੀਦਾ ਹੈ ਕਿ ਅਸੀਂ ਲੋੜਵੰਦ ਲੇਖਕਾਂ ਦੀ ਸਾਂਭ-ਸੰਭਾਲ਼ ਲਈ ਬੀਮੇ ਕਰਵਾ ਸਕੀਏ ਜੋ ਕਿ ਬਹੁਤ ਹੀ ਘੱਟ ਰਕਮ ਨਾਲ਼ ਹੋ ਸਕਦੇ ਹਨ। ਉਨ੍ਹਾਂ ਨੇ ਭਾਸ਼ਾ ਨੂੰ ਵਿਹਾਰ ਤੋਂ ਵਕਾਰ ਦੀ ਭਾਸ਼ਾ ਬਣਾਉਣ ਵੱਲ ਵੀ ਜ਼ੋਰ ਦਿੱਤਾ ਤਾਂ ਜੋ ਭਾਸ਼ਾ ਨੂੰ ਮਰਨੋਂ ਬਚਾਇਆ ਜਾ ਸਕੇ।

ਗੁਰੂ ਨਾਨਕ ਦੇਵ ਯੂਨੀਵਰਸਿਟੀ ਵਿੱਚ ਅੰਗ੍ਰੇਜ਼ੀ ਪੜ੍ਹਾਉਂਦੇ ਰਹੇ ਪੰਜਾਬੀ ਆਲੋਚਕ ਡਾ: ਤੇਜਵੰਤ ਗਿੱਲ ਹੁਰਾਂ ਨੇ ਕਿਹਾ ਕਿ ਅੱਜ ਦੇ ਯੁਗ ਵਿੱਚ ਆਪਣੀ ਪਛਾਣ ਕਾਇਮ ਰੱਖਣ ਲਈ ਸਾਹਿਤ ਅਤੇ ਭਾਸ਼ਾ ਬਹੁਤ ਮਹੱਤਵਪੂਰਨ ਹਨ। ਉਨ੍ਹਾਂ ਕਿਹਾ ਕਿ ਸਾਹਿਤ ਅਜਿਹਾ ਹੋਣਾ ਚਾਹੀਦਾ ਹੈ ਜੋ ਸਮੇਂ ਦੇ ਜੀਵਨ ਨੂੰ ਉੱਤਰਦਾਇਕ ਹੁੰਦਾ ਹੋਇਆ ਭਵਿੱਖ ਦੀ ਸੂਝ ਪੇਸ਼ ਕਰੇ। ਉਨ੍ਹਾਂ ਕਿਹਾ ਕਿ ਭਾਵੇਂ ਅਚੇਤ ਰੂਪ ਵਿੱਚ ਭਾਈ ਵੀਰ ਸਿੰਘ, ਪੂਰਨ ਸਿੰਘ, ਅਤੇ ਧਨੀ ਰਾਮ ਚਾਤ੍ਰਿਕ ਦੀ ਰਚਨਾ ਵਿੱਚੋਂ ਵੀ ਪ੍ਰਤੀਕ੍ਰਮ ਵਿਖਾਈ ਦਿੰਦਾ ਸੀ ਪਰ ਸੁਚੇਤ ਰੂਪ ਵਿੱਚ ਇਸ ਦੀ ਸ਼ੁਰੂਆਤ 1930 ਤੋਂ ਸੰਤ ਸਿੰਘ ਸੇਖੋਂ ਦੀ ਅਗਵਾਈ ਵਿੱਚ ਹੋਈ ਜਿਸ ਨੂੰ ਅੰਮ੍ਰਿਤਾ ਪ੍ਰੀਤਮ ਅਤੇ ਪ੍ਰੋ: ਮੋਹਨ ਸਿੰਘ ਨੇ ਅੱਗੇ ਤੋਰਿਆ। ਉਨ੍ਹਾਂ ਕਿਹਾ ਕਿ ਸੰਤ ਸਿੰਘ ਸੇਖੋਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਾਨੂੰ ਪੁਰਾਣਾ ਸਾਹਿਤ ਕਿਵੇਂ ਪੜ੍ਹਨਾ ਚਾਹੀਦਾ ਹੈ ਅਤੇ ਉਸ ਵਿੱਚੋਂ ਕੀ ਗ੍ਰਹਿਣ ਕਰਕੇ ਆਪਣੀ ਸਾਹਿਤ ਰਚਨਾ ਲਈ ਵਰਤਣਾ ਚਾਹੀਦਾ ਹੈ ਅਤੇ ਕਿਸ ਨੂੰ ਅਣਗੌਲਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਸੇਖੋਂ ਹੁਰਾਂ ਨੇ ਹਮੇਸ਼ਾਂ ਹਰ ਰਚਨਾ 'ਚੋਂ ਅਜਿਹਾ ਅੰਸ਼ ਵੇਖਣ ਦੀ ਕੋਸ਼ਿਸ਼ ਕੀਤੀ ਜੋ ਸਾਡੀ ਸੋਚ ਨੂੰ ਉਭਾਰ ਸਕੇ। ਡਾ: ਗਿੱਲ ਹੁਰਾਂ ਕਿਹਾ ਕਿ ਭਾਵੇਂ ਕਿਸੇ ਵੀ ਸੰਸਥਾ ਵੱਲੋਂ ਸੇਖੋਂ ਦੇ ਨਾਂ 'ਤੇ ਕੋਈ ਚੇਅਰ ਜਾਂ ਇਨਾਮ ਦੀ ਸਥਾਪਨਾ ਨਹੀਂ ਕੀਤੀ ਗਈ ਪਰ ਜੋ ਸਥਾਨ ਉਨ੍ਹਾਂ ਨੇ ਪੰਜਾਬੀ ਸਾਹਿਤ ਵਿੱਚ ਪ੍ਰਾਪਤ ਕੀਤਾ ਹੈ ਉਹ ਉਨ੍ਹਾਂ ਤੋਂ ਪਹਿਲੇ ਕਿਸੇ ਸਾਹਿਤਕਾਰ ਨੂੰ ਹਾਸਿਲ ਨਹੀਂ ਹੋਇਆ।

ਅਜੋਕੀ ਆਲੋਚਨਾ ਬਾਰੇ ਕੁਲਜੀਤ ਮਾਨ ਵੱਲੋਂ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਡਾ: ਗਿੱਲ ਨੇ ਕਿਹਾ ਕਿ ਆਲੋਚਨਾ ਦਾ ਸਾਹਿਤ ਵਿਚਲੇ ਮੂਲ਼ ਮੁੱਦਿਆਂ ਨਾਲ਼ੋਂ ਟੁੱਟਣ ਦਾ ਸਰੋਕਾਰ ਕੋਈ 25-30 ਸਾਲ ਪਹਿਲਾਂ ਡਾ: ਹਰਿਭਜਨ ਸਿੰਘ ਰਾਹੀਂ ਸ਼ੁਰੂ ਹੋਇਆ। ਉਨ੍ਹਾਂ ਕਿਹਾ ਕਿ ਅੱਜ ਦੇ ਮੰਡੀਕਰਨ ਵਿੱਚ ਇਹ ਰੁਝਾਨ ਏਨਾ ਵਧ ਗਿਆ ਹੈ ਕਿ ਰਾਤੋ-ਰਾਤ ਇੱਕੋ ਹੀ ਕਿਤਾਬ ਅਰਸ਼ੋਂ ਫ਼ਰਸ਼ ਤੱਕ ਦਾ ਸਫ਼ਰ ਕਰ ਜਾਂਦੀ ਹੈ, ਭਾਵ ਜੋ ਕਿਤਾਬ ਇੱਕ ਦਿਨ ਪਹਿਲਾਂ ਅਸਮਾਨੀ ਚਾੜ੍ਹੀ ਗਈ ਹੁੰਦੀ ਹੈ ਅਗਲੇ ਦਿਨ ਉਹੀ ਕਿਤਾਬ ਪੂਰੀ ਤਰ੍ਹਾਂ ਰੱਦ ਵੀ ਕਰ ਦਿੱਤੀ ਜਾਂਦੀ ਹੈ।

ਮੀਟਿੰਗ ਵਿੱਚ ਸ਼ਾਮਿਲ ਉਨਟਾਰੀਓ ਦੀ ਮੌਜੂਦਾ ਸਰਕਾਰ ਦੇ ਮੈਂਬਰ ਡਾ: ਕੁਲਦੀਪ ਕੁਲਾਰ ਨੇ ਸਮੁੱਚੇ ਲੇਖਕਾਂ ਬਾਰੇ ਕਿਹਾ ਕਿ ਜਦੋਂ ਵੀ ਉਹ ਕੋਈ ਹੰਭਲ਼ਾ ਮਾਰਦੇ ਹਨ ਤਾਂ ਝੱਟ ਸਰਕਾਰਾਂ ਦੇ ਮੂੰਹ ਵੱਲ ਝਾਕਣ ਲੱਗ ਪੈਂਦੇ ਹਨ ਕਿ ਸਰਕਾਰ ਉਨ੍ਹਾਂ ਦੀ ਮਦਦ ਕਰੇ। ਉਨ੍ਹਾਂ ਕਿਹਾ ਕਿ ਸਰਕਾਰਾਂ ਲੋਕਾਂ ਕੋਲ਼ੋਂ ਟੈਕਸ ਦੇ ਰੂਪ ਵਿੱਚ ਪੈਸੇ ਲੈਂਦੀਆਂ ਹਨ ਅਤੇ ਆਪਣੀਆਂ ਪਰਾਈਔਰਿਟੀਜ਼ (ਪਹਿਲ) ਸੈੱਟ ਕਰਦੀਆਂ ਹਨ ਪਰ ਨਾਟਕ ਅਜੇ ਏਨਾ ਵਧੀਆ ਨਹੀਂ ਬਣ ਸਕਿਆ ਕਿ ਇਸ ਨੂੰ ਪਰਾਈਔਰਿਟੀ ਦਿੱਤੀ ਜਾ ਸਕੇ। ਉਨ੍ਹਾਂ ਸਲਾਹ ਦਿੱਤੀ ਕਿ ਰਲ਼ ਕੇ ਹੰਭਲ਼ਾ ਮਾਰਦੇ ਰਹੋ, ਜਦੋਂ ਕਦੇ ਪੈਰਾਡਾਇਮ (ਵਿਚਾਰਧਾਰਕ) ਸ਼ਿਫਟ ਆਈ ਤਾਂ ਜ਼ਰੂਰ ਕਾਮਯਾਬੀ ਮਿਲ਼ੇਗੀ। ਇਸ ਦੇ ਜਵਾਬ ਵਿੱਚ ਕੁਲਵਿੰਦਰ ਖਹਿਰਾ ਨੇ ਕਿਹਾ ਕਿ ਸਰਕਾਰ ਦੀਆਂ ਨਜ਼ਰਾਂ ਵਿੱਚ ਅਸੀਂ ਤਦ ਹੀ "ਵਧੀਆ" ਹੋ ਸਕਾਂਗੇ ਜੇ ਆਪਣੀ ਜ਼ਮੀਰ ਨੂੰ ਮਾਰ ਕੇ ਸਰਕਾਰ ਦੀ ਬੋਲੀ ਬੋਲਣ ਲੱਗ ਜਾਵਾਂਗੇ। ਉਸ ਨੇ ਕਿਹਾ ਕਿ ਇੱਕ ਸੱਚੇ ਲੇਖਕ ਦਾ ਧਰਮ ਲੋਕਾਂ ਦੇ ਹੱਕਾਂ ਦੀ ਆਵਾਜ਼ ਬਣਨਾ ਹੈ ਅਤੇ ਜੇ ਲੋਕ-ਹੱਕਾਂ ਦੀ ਗੱਲ ਕਰਦਿਆਂ ਕੋਈ ਸਰਕਾਰ ਸਾਡੀ ਮਾਲੀ ਮਦਦ ਨਹੀਂ ਕਰਦੀ ਤਾਂ ਸਾਨੂੰ ਇਸ ਗੱਲ ਦੀ ਪ੍ਰਵਾਹ ਨਹੀਂ ਹੋਣੀ ਚਾਹੀਦੀ ਸਗੋਂ ਇਸ ਗੱਲ ਦਾ ਮਾਣ ਹੋਣਾ ਚਾਹੀਦਾ ਹੈ ਕਿ ਸਾਡੇ ਲਈ ਸਰਕਾਰੀ ਗ੍ਰਾਂਟਾਂ ਨਾਲ਼ੋਂ ਲੋਕ-ਹੱਕਾਂ ਲਈ ਜੂਝਣਾ ਵੱਧ ਮਹੱਤਤਾ ਰੱਖਦਾ ਹੈ।

ਆਪਣੇ ਪ੍ਰਧਾਨਗੀ ਸੰਬੋਧਨ ਦੌਰਾਨ ਡਾ: ਵਰਿਆਮ ਸੰਧੂ ਹੁਰਾਂ ਨੇ ਅਪਣੇ ਵਿਸ਼ੇਸ਼ ਅੰਦਾਜ਼ ਵਿੱਚ ਸਮੁੱਚੇ ਸਮਾਗਮ ਬਾਰੇ ਕੁੰਜੀਵਤ ਵਿਚਾਰ ਪੇਸ਼ ਕੀਤੇ। ਉਹਨਾਂ ਨੇ ਦਵਿੰਦਰ ਦਮਨ ਵਲੋਂ ਰੰਗਮੰਚ ਅਤੇ ਸਾਹਿਤ ਬਾਰੇ ਪੇਸ਼ ਕੀਤੇ ਗਏ ਵਿਚਾਰਾਂ ਦੀ ਭਰਪੂਰ ਪ੍ਰੋੜਤਾ ਕਰਦਿਆਂ ਐਸੀ ਮਿਆਰੀ ਗੱਲਬਾਤ ਦਾ ਮੌਕਾ ਪੈਦਾ ਕਰਨ ਲਈ ਕਾਫ਼ਲੇ ਨੂੰ ਵਧਾਈ ਦਿੱਤੀ ਅਤੇ ਕਿਹਾ ਕਿ ਇਹ ਮੀਟਿੰਗ ਕਲਾਤਮਿਕ ਸੋਚ ਅਤੇ ਫਿਕਰ ਦੇ ਪੱਧਰ ਨੂੰ ਬਹੁਪੱਖੀ ਸੂਝ ਨਾਲ ਅਮੀਰ ਕਰਨ ਵਾਲੀ ਹੈ। ਗੁਰਭਜਨ ਗਿੱਲ ਵਲੋਂ 'ਸਬਦ ਸਭਿਆਚਾਰ' ਦੇ ਪ੍ਰਸੰਗ 'ਚ ਪੇਸ਼ ਕੀਤੇ ਵਿਚਾਰਾਂ ਅਤੇ ਉਸ ਦੀ ਸਥਾਪਤੀ ਲਈ ਸੁਝਾਏ 'ਸਾਹਿਤ ਅਕੈਡਮੀ' ਦੇ ਯਤਨਾਂ ਦੀ ਸ਼ਲਾਘਾ ਕਰਦਿਆਂ ਉਹਨਾਂ ਨੇ ਮੀਟਿੰਗ 'ਚ ਹਾਜ਼ਰ ਲੇਖਕਾਂ, ਕਲਾਕਾਰਾਂ ਅਤੇ ਬੁੱਧੀਜੀਵੀਆਂ ਨੂੰ ਐਸੇ ਉਪਰਾਲਿਆਂ ਵਿੱਚ ਭਰਪੂਰ ਯੋਗਦਾਨ ਪਾਉਣ ਦੀ ਅਪੀਲ ਕੀਤੀ। ਡਾ: ਤੇਜਵੰਤ ਗਿੱਲ ਦੇ ਵਿਚਾਰਾਂ ਬਾਰੇ ਬੋਲਦਿਆਂ ਡਾ: ਸੰਧੂ ਨੇ ਸੰਤ ਸਿੰਘ ਸੇਖੋਂ ਦੀਆਂ ਕਈ ਚਰਚਿਤ ਰਚਨਾਵਾਂ 'ਚੋਂ ਹਵਾਲੇ ਦੇ ਕੇ ਕਿਹਾ ਕਿ ਸੰਤ ਸਿੰਘ ਸੇਖੋਂ ਪੰਜਾਬੀ ਦਾ ਅਜਿਹਾ ਵਿਦਵਾਨ ਸੀ ਜੋ ਆਪਣੇ ਵਿਚਾਰਾਂ ਨਾਲ਼ ਤੁਹਾਡੇ ਮਨ ਅੰਦਰ ਬੌਧਿਕ ਲਿਸ਼ਕ ਦੇ ਚੰਗਿਆੜੇ ਪੈਦਾ ਕਰਦਾ ਸੀ। ਸੰਤ ਸਿੰਘ ਸੇਖੋਂ ਦੀ ਪੰਜਾਬੀ ਸਾਹਿਤ ਅਤੇ ਆਲੋਚਨਾ ਨੂੰ ਬੁੱਧੀਮਾਨ ਲੇਖਕ ਵਜੋਂ ਦਿੱਤੀ ਦੇਣ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਸੇਖੋਂ ਨੇ ਆਪਣੇ ਨਾਟਕਾਂ ਵਿਚ ਇਤਿਹਾਸ ਤੇ ਮਿਥਿਹਾਸ ਨੂੰ ਪੁਨਰ ਸਿਰਜਿਤ ਕਰਦਿਆਂ ਜੀਵਨ ਨੂੰ ਨਵੇਂ ਤੇ ਵੱਖਰੇ ਰੰਗਾਂ ਤੇ ਕੋਨਾਂ ਤੋਂ ਵੇਖਣ ਦੀ ਪਿਰਤ ਪਾਈ। ਉਨ੍ਹਾਂ ਕਿਹਾ ਕਿ ਨਿੱਜੀ ਪੱਧਰ ਤੇ ਵੀ ਸੇਖੋਂ ਦੀ ਸਖਸ਼ੀਅਤ ਅਜਿਹੀ ਸੀ ਕਿ ਜਿੱਥੇ ਉਹ ਜਾਂਦੇ ਸਨ ਇਕੱਠ 'ਚ ਖੇੜਾ ਆ ਜਾਂਦਾ ਸੀ ਅਤੇ ਉਹਨਾਂ ਦੀ ਸੰਗਤ ਕਰਨ ਵਾਲੇ ਉਹਨਾ ਦੇ ਬੌਧਿਕ ਨਿੱਘ ਦੇ ਨਾਲ ਨਾਲ ਉਹਨਾਂ ਦੀ ਖੂਬਸੂਰਤ ਸ਼ਖਸੀਅਤ ਦੇ ਨਿੱਘ ਨੂੰ ਵੀ ਮਾਣਦੇ ਸਨ। ਸੇਖੋਂ ਹੁਰਾਂ ਦੀ ਪ੍ਰਗਤੀਸ਼ੀਲ ਵਿਚਾਰਧਾਰਾ ਨਾਲ ਪ੍ਰਤੀਬੱਧਤਾ ਦਾ ਜ਼ਿਕਰ ਕਰਦਿਆਂ ਉਹਨਾਂ ਕਿਹਾ ਕਿ ਸੇਖੋਂ ਨੇ ਸਿਰਫ਼ ਲਿਖਿਆ ਹੀ ਨਹੀਂ ਸਗੋਂ ਹਰ ਅਗਾਂਹਵਧੂ ਘੋਲ਼ 'ਚ ਆਗੂ ਦਾ ਰੋਲ ਵੀ ਨਿਭਾਇਆ। ਡਾ: ਵਰਿਆਮ ਸਿੰਘ ਸੰਧੂ ਹੁਰਾਂ ਨੇ ਜਿੱਥੇ ਤਿੰਨਾਂ ਬੁਲਾਰਿਆਂ ਦੇ ਕਹੇ ਤੇ ਕੀਤੇ ਨੂੰ ਸਲਾਹਿਆ ਓਥੇ ਸੰਵਾਦ ਵਿਚ ਉੱਠੇ ਨੁਕਤਿਆਂ 'ਤੇ ਚਰਚਾ ਕਰਦਿਆਂ ਕਿਹਾ ਕਿ ਕਲਾ ਅਤੇ ਸਾਹਿਤ ਦਾ ਖਾਸਾ ਤੇ ਖ਼ਮੀਰ ਸਦਾ ਸਥਾਪਤੀ ਵਿਰੋਧੀ ਹੋਣ ਕਰਕੇ ਇਹਨਾਂ ਨੂੰ ਪ੍ਰੋਤਸਾਹਨ ਦੇਣਾ ਕਦੀ ਵੀ ਸਰਕਾਰਾਂ ਦੀ ਪਹਿਲ ਨਹੀਂ ਹੁੰਦੀ।

ਉਂਕਾਰਪ੍ਰੀਤ ਦੀ ਸੰਚਾਲਨਾ ਹੇਠ ਹੋਈ ਇਸ ਭਾਵਪੂਰਤ ਮੀਟਿੰਗ ਵਿੱਚ ਕੋਈ 50 ਦੇ ਕਰੀਬ ਸਾਹਿਤ ਪ੍ਰੇਮੀਆਂ, ਕਲਾਕਾਰਾਂ, ਲੇਖਕਾਂ ਅਤੇ ਬੁੱਧੀਜੀਵੀਆਂ ਨੇ ਹਿੱਸਾ ਲਿਆ ਜਿਸ ਦੌਰਾਨ ਜਗਮੋਹਨ ਸੇਖੋਂ ਵੱਲੋਂ ਕਾਫ਼ਲੇ ਦੀ ਲਾਇਬਰੇਰੀ ਵਾਸਤੇ ਸੰਤ ਸਿੰਘ ਸੇਖੋਂ ਦੀਆਂ ਕਿਤਾਬਾਂ ਦਾ ਸੈੱਟ ਭੇਂਟ ਕੀਤਾ ਗਿਆ ਅਤੇ ਪ੍ਰੀਤਮ ਧੰਜਲ ਵੱਲੋਂ ਆਪਣੀਆਂ ਨਵੀਆਂ ਆਈਆਂ ਇਲੈਕਟ੍ਰੋਨਿਕ ਕਿਤਾਬਾਂ ('ਨ੍ਹੇਰਾ ਅਤੇ ਕਪਨ) ਡਾ: ਗਿੱਲ ਅਤੇ ਦਵਿੰਦਰ ਦਮਨ ਨੂੰ ਭੇਂਟ ਕੀਤੀਆਂ ਗਈਆਂ। ਚਾਹ-ਪਾਣੀ ਦੀ ਸੇਵਾ ਜਗਮੋਹਨ ਸੇਖੋਂ ਅਤੇ ਉਸ ਦੇ ਸਟਾਫ਼ ਵੱਲੋਂ ਕੀਤੀ ਗਈ।

# ਪ੍ਰਤੀਕਰਮ

## ਹਰਕੰਵਲਜੀਤ ਸਾਹਿਲ

... ਅਜਮੇਰ ਰੋਡੇ ਜੀ ਦਾ ਪਰਮਾਣੂ ਬਿਜਲੀ ਲੇਖ ਬਾਰੇ ਕਿੰਤੂ-ਪ੍ਰੰਤੂ 'ਫਾਲਤੂ' ਹੀ ਲੱਗਿਆ। ਸੁਖਵੰਤ ਦੀ ਲਿਖਤ ਦੀ ਸ਼ੈਲੀ ਅਜਿਹੀ ਹੈ ਕਿ ਉਹ ਤੱਥ ਇਕੱਠੇ ਕਰਕੇ ਪਾਠਕ ਦੇ ਸਾਹਮਣੇ ਰੱਖ ਦਿੰਦਾ ਹੈ ਤੇ ਆਪ ਇਕ ਪਾਸੇ ਹੋ ਜਾਂਦਾ ਹੈ। ਮੇਰੇ ਅਨੁਭਵ ਅਨੁਸਾਰ ਇਹ ਜ਼ਿਆਦਾ ਪ੍ਰਭਾਵਸ਼ਾਲੀ ਸ਼ੈਲੀ ਹੈ। ਪਾਠਕ ਅਜ਼ਾਦ ਹੈ ਮੰਨਣ ਜਾਂ ਨਾ ਮੰਨਣ ਨੂੰ - ਤੇ ਅਕਸਰ ਮੰਨ ਕੇ ਇਹ ਮਹਿਸੂਸ ਕਰਦਾ ਹੈ ਕਿ ਅਜੇ ਕੁੱਝ ਤੱਥ ਹੋਰ ਵੀ ਹੋਣਗੇ ਜੋ ਇਸ ਮੰਨਣ ਵਾਲੀ ਗੱਲ ਦੀ ਪ੍ਰੋੜਤਾ ਕਰਦੇ ਹੋਣਗੇ।

ਜਿਹੜੀ ਤਕਨਾਲੋਜੀ ਅਤਿ-ਮਹਿੰਗੀ ਹੋਣ ਤੋਂ ਇਲਾਵਾ ਹਜ਼ਾਰਾ ਲੱਖਾਂ ਲੋਕਾਂ ਦੀ ਸਿਹਤ ਨੂੰ ਖਤਰਾ ਪਹੁੰਚਾਉਣ ਦੀ ਸਮਰੱਥਾ ਰੱਖਦੀ ਹੈ (ਇਨਜਰਸ ਟੂ ਹੈੱਲਥ ਹੈ), - ਐਟਮ ਬੰਬ ਦੇ ਪਛੜ-ਪ੍ਰਭਾਵਾਂ ਵਾਂਗ ਬਹੁਤ ਹੀ ਖਤਰਨਾਕ ਹੈ - ਉਹ ਊਰਜਾ ਪੈਦਾ ਕਰਨ ਦਾ 'ਸਭ ਤੋਂ ਵਧੀਆ' ਅਤੇ 'ਸਵੱਛ ਊਰਜਾ ਵਾਲਾ' ਢੰਗ ਕਿਵੇਂ ਹੋ ਸਕਦੀ ਹੈ। (ਚੌਥਾ ਪੈਰ੍ਹਾ)

ਆਪ ਲਿਖਦੇ ਹਨ ਕਿ ਇਸ ਪ੍ਰਮਾਣੂ ਊਰਜਾ ਪਿੱਛੇ ਵਿਗਿਆਨੀਆਂ ਦੀ ਜਗਿਆਸਾ ਵੀ ਹੈ - ਕੀ ਹੁਣ ਤੱਕ ਦੀ ਉਪਜੀ, ਉਪਜਾਈ ਗਈ ਊਰਜਾ ਨੇ ਵਿਗਿਆਨੀਆਂ ਦੀ ਜਗਿਆਸਾ ਪੂਰੀ ਨਹੀਂ ਕੀਤੀ- ! ਐਟਮ ਬੰਬਾਂ ਦੀ ਵਰਤੋਂ ਨੂੰ ਜਗਿਆਸਾ ਪੂਰਤੀ ਕਿਹਾ ਜਾਵੇ ! !

ਵਿਗਿਆਨੀ ਅਕਸਰ ਵੱਡੀਆਂ ਕਾਰਪੋਰੇਸ਼ਨਾਂ ਦੀਆਂ ਖੋਜ-ਲੈਬਾਂ 'ਚ ਕੰਮ ਕਰਦੇ ਇੱਕ ਤਰ੍ਹਾਂ ਨਾਲ ਕਾਰਪੋਰੇਸ਼ਨਾਂ ਦੇ ਫਾਇਦੇ ਦੀਆਂ ਗੱਲਾਂ/ਖੋਜਾਂ ਕਰਦੇ ਹਨ। ਕਈ ਸਮੁੱਚੀ ਮਾਨਵਤਾ ਨੂੰ ਫਾਇਦੇਮੰਦ ਹੋਣ ਵਾਲੀਆਂ ਖੋਜਾਂ ਦੱਬ/ਘੁੱਟ/ਜਿੰਦਾਬੰਦ ਜਾਂ ਡਿਸਟਰੌਏ ਕਰ ਦਿੱਤੀਆਂ ਜਾਂਦੀਆਂ ਹਨ ਜਿਹਨਾਂ ਤੋਂ ਕਾਰਪੋਰੇਸ਼ਨਾਂ ਨੂੰ ਘਾਟਾ ਪੈ ਸਕਦਾ ਹੈ। ਇਸ ਢੰਗ ਨਾਲ 'ਵਿਕੇ ਹੋਏ' ਵਿਗਿਆਨੀ ਕੋਈ ਮੁਹਿੰਮਾਂ ਨਹੀਂ ਵਿੱਢਦੇ ਹੁੰਦੇ ਬਲਕਿ ਚੁੱਪ ਰਹਿ ਕੇ 'ਮਾਲਕਾਂ' ਦੇ ਹਿੱਤ ਵਿੱਚ ਭੁਗਤਦੇ ਹਨ। ਪਰਮਾਣੂ ਹਥਿਆਰਾਂ ਦੇ ਖਿਲਾਫ ਵੀ ਵਿਗਿਆਨੀਆਂ ਦੀ ਕੋਈ 'ਮੁਹਿੰਮ' ਨਹੀਂ - ਹਾਂ ਇੱਕਾ-ਦੁੱਕਾ ਵਿਰੋਧ ਕਰਨ ਵਾਲੇ ਜ਼ਰੂਰ ਹੋਏ ਹਨ ਪਰ ਨਿਰਅਸਰ। ਪਰਮਾਣੂ ਹਥਿਆਰਾਂ ਬਾਰੇ ਗੱਲ ਨੂੰ ਸਰਕਾਰਾਂ (ਕਾਰਪੋਰੇਸ਼ਨਾਂ) ਦੇਸ਼ ਦੇ ਹਿਤ ਨਾਲ ਜੋੜ ਕੇ ਹਰ ਵਿਰੋਧੀ ਅਵਾਜ਼ ਨੂੰ ਬੇਅਵਾਜ਼ ਕਰ ਦਿੰਦਿਆਂ ਰਹੀਆਂ ਹਨ।

ਅਜਮੇਰ ਹੁਰਾਂ ਸੋਮਾਲੀਆ ਦੇ ਦੇਸ਼ਭਗਤ "ਡਾਕੂਆਂ' ਬਾਰੇ ਠੀਕ ਲਿਖਿਆ ਹੈ। ਮੀਡੀਆ ਤਾਂ ਉਹ ਹੀ ਗੱਲ ਦੱਸੇਗਾ ਜੋ ਕਾਰਪੋਰੇਟ ਦੁਨੀਆਂ ਦੇ ਹੱਕ 'ਚ ਜਾਂਦੀ ਹੈ।

ਅਜਮੇਰ ਰੋਡੇ ਜੀ ਦਾ ਨਾਟਕ 'ਸੁੱਚੇ ਹੱਥ' ਤੀਸਰੀ ਧਿਰ ਦਰਸਾਉਂਦਾ ਤਾਂ ਹੈ ਪਰ ਉਭਰਵੇਂ ਰੂਪ 'ਚ ਨਹੀਂ। ਆਮ ਦਰਸ਼ਕਾਂ ਨੂੰ ਇਹ ਤੀਸਰਾ ਹੱਥ ਸਾਫ ਨਜ਼ਰੀ ਆਉਂਦਾ ਹੈ ਜਾਂ ਨਹੀਂ ਇਹ ਤਾਂ ਨਾਟਕ ਦੇ ਮੰਚਣ ਤੋਂ ਹੀ ਪਤਾ ਲੱਗ ਸਕਦਾ ਹੈ।

'ਤਾਂ ਕਿ ਸਨਦ ਰਹੇ' ਵਿੱਚ ਸੁਰਿੰਦਰ ਧੰਜਲ ਵੱਲੋਂ ਸੰਤ ਰਾਮ ਉਦਾਸੀ ਅਤੇ ਪਾਸ ਬਾਰੇ ਲਏ ਗਏ ਸਪਸ਼ਟ ਸਟੈਂਡ ਸਲਾਹੁਣਯੋਗ ਹਨ। ਜਿਵੇਂ ਸ਼ਹੀਦ ਭਗਤ ਸਿੰਘ ਨੂੰ ਵੀ 'ਸਟੇਟ' ਅਪਣਾਅ ਕੇ 'ਤੇ ਉਹਦੀਆਂ ਫੋਟੋਆਂ ਕਾਰਾਂ ਦੇ ਸ਼ੀਸ਼ਿਆਂ 'ਤੇ ਲਗਵਾਕੇ ਨਾਲ 'ਜੱਟ-ਸੂਰਮੇ' ਲਿਖਵਾਕੇ ਉਸ ਦਾ ਇਮੇਜ ਵਿਗਾੜਨ ਦੀਆਂ ਸਿਲਸਿਲੇਬਧ ਕੋਸ਼ਿਸ਼ਾਂ ਕਰ ਰਹੀ ਹੈ (ਹੋਰ ਵੀ ਬਹੁਤ ਕੁੱਝ ਕੀਤਾ ਜਾ ਰਿਹਾ ਹੈ) - ਕੱਲ੍ਹ ਪਾਸ਼ 'ਤੇ ਉਦਾਸੀ ਜਿਹੇ ਪ੍ਰਤਿਭਾਵਾਨ ਲੋਕਾਂ ਦੇ ਸ਼ਾਇਰਾਂ ਨਾਲ ਵੀ ਇੰਝ ਹੋਏਗਾ। ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ। ਪਰ ਉਹਨਾਂ ਦੀਆਂ ਲਿਖਤਾਂ (ਸ਼ਹੀਦ ਭਗਤ ਸਿੰਘ ਦੀਆਂ ਵੀ) ਉਹਨਾਂ ਨੂੰ ਸਜੀਵਤ ਰੱਖਣਗੀਆਂ। ਆਮ ਲੋਕਾਂ ਨੂੰ 'ਬੁੱਧੂ' ਬਣਾਉਣ 'ਚ ਸਥਾਪਤ ਮੀਡੀਏ ਦੇ ਬਲਬੂਤੇ ਇਹ ਲੋਕ ਥੋੜ੍ਹੇ ਚਿਰ ਲਈ 'ਕਾਮਯਾਬ' ਹੋ ਵੀ ਜਾਂਦੇ ਹਨ - ਅਤੇ ਖਿਆਲ ਰਹੇ, ਉਹਨਾਂ ਦਾ ਨਿਸ਼ਾਨਾ ਵੀ 'ਆਮ ਲੋਕ' ਹੀ ਹੁੰਦੇ ਹਨ।

ਰਾਜਿੰਦਰ ਰਾਹੀ ਸਾਹਿਬ ਨੂੰ ਮੈਂ ਕਦੇ ਮਿਲਿਆ ਨਹੀਂ - ਪਰ ਉਹਨਾਂ ਦੀ ਸੁਰਿੰਦਰ ਧੰਜਲ ਬਾਰੇ ਅਜਿਹੀ ਸ਼ਬਦਾਵਾਲੀ 'ਫੁਕਰਾ, ਪਾੜ੍ਹਾ, ਸਸਤੀ ਸ਼ੁਹਰਤ ਚਾਹੁੰਦਾ, ਫੋਕੀ ਚਰਚਾ... ਥਾਂ ਥਾਂ ਰੂਬਰੂ ਕਰਾਉਣ ਵਾਲਾ' ਆਦਿ ਆਦਿ ਪੜ੍ਹਕੇ ਚੰਗਾ ਨਹੀਂ ਲੱਗਾ। ਹਰ ਕੋਈ ਆਪਣੀ ਗੱਲ ਕਹਿ ਸਕਦਾ ਹੈ- ਅਲੱਗ ਵਿਚਾਰ ਰੱਖ ਸਕਦਾ ਹੈ - ਪਰ ਸਤਿਕਾਰ ਦੀ ਨੈਤਿਕਤਾ 'ਚ ਰਹਿੰਦਿਆਂ ਹੋਈਆਂ ਹੀ ਗੱਲ ਕਰਨੀ ਚਾਹੀਦੀ ਹੈ। ਸੁਰਿੰਦਰ ਹੁਰਾਂ ਦੀ ਪੰਜਾਬੀ ਸਾਹਿਤ 'ਚ ਇਕ ਜ਼ਿਕਰਯੋਗ ਅਤੇ ਸਤਿਕਾਰਤ ਥਾਂ ਹੈ।

ਓਂਕਾਂਰਪ੍ਰੀਤ ਦੀਆਂ ਨਜ਼ਮਾਂ ਪ੍ਰਭਾਵਿਤ ਕਰਦੀਆਂ ਹਨ। ਡਾ: ਹਰੀ ਸ਼ਰਮਾ ਬਾਰੇ ਲੇਖ ਜਾਣਕਾਰੀ ਭਰਪੂਰ - ਅੱਛਾ ਲੱਗਾ। ●

✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿✿

## ਤਰਕਸ਼ੀਲ ਸਭਿਆਚਾਰਕ ਸਮਾਗਮ

ਅਕਤੂਬਰ 2010 ਵਿੱਚ ਕੈਨੇਡਾ ਦੇ ਵੱਖ ਵੱਖ ਸ਼ਹਿਰਾਂ ਵਿੱਚ ਕਰਵਾਏ ਜਾ ਰਹੇ ਤਰਕਸ਼ੀਲ ਸਭਿਆਚਾਰਕ ਪ੍ਰੋਗਰਾਮਾਂ ਦਾ ਵੇਰਵਾ ਇਸ ਪ੍ਰਕਾਰ ਹੈ:

**ਸਰੀ:** ਸਨਿੱਚਰਵਾਰ, 9 ਅਕਤੂਬਰ, 2010 (ਬੈੱਲ ਪਰਫਾਰਮਿੰਗ ਆਰਟ ਸੈਂਟਰ)
**ਕੈਲਗਰੀ:** ਸਨਿੱਚਰਵਾਰ, 16 ਅਕਤੂਬਰ, 2010
**ਵਿਨੀਪੈੱਗ:** ਐਤਵਾਰ, 17 ਅਕਤੂਬਰ, 2010
**ਐਬਟਸਫੋਰਡ:** ਐਤਵਾਰ, 24 ਅਕਤੂਬਰ, 2010 (ਐਬੀ ਆਰਟ ਸੈਂਟਰ)

ਇਹਨਾਂ ਪ੍ਰੋਗਰਾਮਾਂ ਵਿੱਚ ਲੋਕ ਕਲਾ ਮੰਚ ਮੰਡੀ ਮੁੱਲਾਂਪੁਰ ਦੇ ਨਿਰਦੇਸ਼ਕ ਹਰਕੇਸ਼ ਚੌਧਰੀ ਅਤੇ ਸਹਿ ਨਿਰਦੇਸ਼ਕ ਸੁਰਿੰਦਰ ਸ਼ਰਮਾ ਦੀ ਨਿਰਦੇਸ਼ਨਾ ਹੇਠ ਸਥਾਨਕ ਕਲਾਕਾਰਾਂ ਵੱਲੋਂ ਤਿਆਰ ਕੀਤੇ ਨਾਟਕ "ਬਾਲ ਭਗਵਾਨ" ਅਤੇ "ਝੱਲੀ ਕਿੱਥੇ ਜਾਵੇ" ਤੋਂ ਇਲਾਵਾ ਗੀਤ ਸੰਗੀਤ ਅਤੇ ਜਾਦੂ ਦੇ ਟਰਿੱਕ ਵੀ ਪੇਸ਼ ਕੀਤੇ ਜਾਣਗੇ। ਹੋਰ ਜਾਣਕਾਰੀ ਲਈ ਅਵਤਾਰ ਗਿੱਲ ਨਾਲ 604-728-7011 ਤੇ ਸੰਪਰਕ ਕੀਤਾ ਜਾ ਸਕਦਾ ਹੈ।

ਫਿਲਮ ਰੀਵੀਊ

# ਸਿਟੀ ਆਫ ਗੋਲਡ

## ਡਾਇਰੈਕਟਰ: ਮਹੇਸ਼ ਮੰਜੇਰਕਰ



ਫਿਲਮ 'ਸਿਟੀ ਆਫ ਗੋਲਡ' ਮੁੰਬਈ ਦੀ ਇਕ ਕੱਪੜਾ ਮਿੱਲ ਵਿੱਚ 1980ਵਿਆਂ ਸ਼ੁਰੂ ਹੋਈ ਅਤੇ ਹੁਣ ਤੱਕ ਜਾਰੀ ਹੜਤਾਲ 'ਤੇ ਆਧਾਰਿਤ ਬਣਾਈ ਗਈ ਹੈ। ਇਹ ਫਿਲਮ ਵਿਸ਼ਵੀਕਰਨ ਦੇ ਉਸ ਪੱਖ ਉੱਪਰ ਰੌਸ਼ਨੀ ਪਾਉਂਦੀ ਹੈ ਜਿਸ ਵਿੱਚ ਮਿੱਲ ਮਾਲਕ ਨੂੰ ਆਪਣੀ ਮਿੱਲ ਨੂੰ ਚਲਦਾ ਰੱਖਣ ਦੀ ਬਜਾਏ ਉਸ ਨੂੰ ਬੰਦ ਕਰਨ ਵਿੱਚ ਜ਼ਿਆਦਾ ਦਿਲਚਸਪੀ ਹੈ। ਜਿਸ ਜ਼ਮੀਨ ਉੱਪਰ ਉਹ ਮਿੱਲ ਖੜੀ ਹੈ, ਉਸ ਜ਼ਮੀਨ ਦੀ ਨਵੀਆਂ ਮਾਲਾਂ, ਅਪਾਰਟਮੈਂਟ ਬਿਲਡਿੰਗਾਂ, ਫਾਈਵ ਸਟਾਰ ਹੋਟਲਾਂ ਦੀ ਉਸਾਰੀ ਲਈ ਲੋੜ ਹੈ ਅਤੇ ਮਿੱਲ ਮਾਲਕ ਇਸ ਜ਼ਮੀਨ ਨੂੰ ਮੂੰਹ ਮੰਗੀ ਕੀਮਤ ਉੱਤੇ ਵੇਚ ਕੇ ਬੇਹੱਦ ਮੁਨਾਫਾ ਕਮਾ ਸਕਦਾ ਹੈ। ਨਤੀਜੇ ਵਜੋਂ ਉਹ ਮਿੱਲ ਨੂੰ ਘਾਟੇ ਵਿੱਚ ਜਾਂਦੀ ਦਿਖਾ ਕੇ ਉਸ ਨੂੰ ਬੰਦ ਕਰਨ ਦੀ ਕੋਸ਼ਿਸ਼ ਵਿੱਚ ਹੈ।

ਦੂਸਰੇ ਪਾਸੇ ਮਿੱਲ ਵਿੱਚ ਕਈ ਕਈ ਦਹਾਕਿਆਂ ਤੋਂ ਕੰਮ ਕਰ ਰਹੇ ਮਜ਼ਦੂਰਾਂ ਲਈ ਇਹ ਮਿੱਲ ਰੋਟੀ ਰੋਜ਼ੀ ਦਾ ਸਾਧਨ ਹੈ। ਉਹਨਾਂ ਨੂੰ ਪਤਾ ਹੈ ਕਿ ਮਿੱਲ ਦੀ ਬੰਦੀ ਕਾਰਨ ਜੇ ਉਹਨਾਂ ਦੀ ਨੌਕਰੀ ਖਤਮ ਹੋ ਗਈ ਤਾਂ ਉਹਨਾਂ ਨੂੰ ਕਿਤੇ ਹੋਰ ਨੌਕਰੀ ਨਹੀਂ ਮਿਲੇਗੀ ਕਿਉਂਕਿ ਉਹਨਾਂ ਨੇ ਆਪਣੀ ਸਾਰੀ ਜ਼ਿੰਦਗੀ ਮਿੱਲ ਦੇ ਕੰਮ ਵਿੱਚ ਲਾ ਦਿੱਤੀ ਹੈ ਅਤੇ ਉਹਨਾਂ ਨੂੰ ਕੋਈ ਹੋਰ ਕੰਮ ਨਹੀਂ ਆਉਂਦਾ। ਇਸ ਦੇ ਨਾਲ ਹੀ ਉਹ ਇਹ ਵੀ ਮਹਿਸੂਸ ਕਰਦੇ ਹਨ ਕਿ ਉਹਨਾਂ ਨੇ ਜਿਸ ਮਿੱਲ ਨੂੰ ਬਣਾਉਣ ਵਿੱਚ ਆਪਣੀ ਜ਼ਿੰਦਗੀ ਦਾ ਵੱਡਾ ਹਿੱਸਾ ਖੂਨ ਪਸੀਨਾ ਵਹਾਇਆ ਹੈ, ਉਸ ਮਿੱਲ ਨੂੰ ਬੰਦ ਕਰਨ ਜਾਂ ਚਲਦਾ ਰੱਖਣ ਦਾ ਫੈਸਲਾ ਕਰਨ ਵਿੱਚ ਉਹਨਾਂ ਦੀ ਕੋਈ ਸੁਣਵਾਈ ਨਹੀਂ। ਨਤੀਜੇ ਵੱਜੋਂ ਉਹ ਹੜਤਾਲ ਉੱਪਰ ਚਲੇ ਜਾਂਦੇ ਹਨ।

ਇਕ ਲੰਮੀ ਹੜਤਾਲ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਾ ਦੀ ਜ਼ਿੰਦਗੀ ਉੱਪਰ ਕਿਸ ਤਰ੍ਹਾਂ ਦਾ ਅਸਰ ਪਾਉਂਦੀ ਹੈ, ਇਸ ਪੱਖ ਨੂੰ ਫਿਲਮ ਵਿੱਚ ਬਹੁਤ ਵਿਸਥਾਰ ਨਾਲ ਦਿਖਾਇਆ ਗਿਆ ਹੈ। ਹੜਤਾਲ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਜ਼ਿੰਦਾ ਰਹਿਣ ਲਈ ਬਹੁਤ ਕੁਝ ਰਾਹੀਂ ਗੁਜ਼ਰਨਾ ਪੈਂਦਾ ਹੈ। ਹਾਲਤ ਇੱਥੋਂ ਤੱਕ ਪਹੁੰਚ ਜਾਂਦੇ ਹਨ ਕਿ ਘਰਾਂ ਨੂੰ ਚਲਦੇ ਰੱਖਣ ਲਈ ਮਜ਼ਦੂਰ ਘਰਾਂ ਦੀਆਂ ਔਰਤਾਂ ਨੂੰ ਆਪਣੇ ਜਿਸਮ ਵੇਚਣੇ ਪੈਂਦੇ ਹਨ। ਸਕੂਲਾਂ ਵਿੱਚ ਬੱਚਿਆਂ ਦੀ ਫੀਸਾਂ ਨਾ ਦਿੱਤੀਆਂ ਜਾਣ ਕਰਕੇ ਉਹਨਾਂ ਦੇ ਬੱਚਿਆਂ ਨੂੰ ਸਕੂਲਾਂ ਵਿੱਚ ਕੱਢ ਦਿੱਤਾ ਜਾਂਦਾ ਹੈ ਅਤੇ ਸਕੂਲਾਂ ਤੋਂ ਕੱਢੇ ਗਏ ਇਹ ਬੱਚੇ ਹੌਲੀ ਹੌਲੀ ਅਪਰਾਧ ਜਗਤ ਵਿੱਚ ਦਾਖਲ ਹੋ ਜਾਂਦੇ ਹਨ। ਇਹਨਾਂ ਬੱਚਿਆਂ/ਨੌਜਵਾਨਾਂ ਕੋਲ ਆਪਣੀ ਨਿਰਾਸ਼ਾ ਅਤੇ ਗੁੱਸੇ ਦੇ ਪ੍ਰਗਟਾਅ ਲਈ ਜੋ ਇਕੋ ਇਕ ਸਾਧਨ ਬੱਚਦਾ ਹੈ ਉਹ ਹੈ ਹਿੰਸਾ। ਪਰ ਇਸ ਹਿੰਸਾ ਦੀ ਕੋਈ ਦਿਸ਼ਾ ਨਹੀਂ। ਨਤੀਜੇ ਵਜੋਂ ਜਿੱਥੇ ਬਾਹਰਲੇ ਲੋਕ ਇਸ ਹਿੰਸਾ ਦਾ ਸ਼ਿਕਾਰ ਬਣਦੇ ਹਨ ਉੱਥੇ ਆਪਣੇ ਵੀ ਇਸ ਹਿੰਸਾ ਦੀ ਮਾਰ ਤੋਂ ਬੱਚ ਨਹੀਂ ਸਕਦੇ।

ਬੇਸ਼ੱਕ ਯੂਨੀਅਨ ਲੀਡਰ ਗੱਲਾਂ ਗੱਲਾਂ ਵਿੱਚ ਤਾਂ ਲੜਾਈ ਦੇ ਵੱਡੇ ਵੱਡੇ ਦਾਅਵੇ ਕਰਦੇ ਹਨ ਪਰ ਅਸਲੀਅਤ ਵਿੱਚ ਇਹ ਦਿਖਾਈ ਦਿੰਦਾ ਹੈ ਕਿ ਮਿੱਲ ਮਾਲਕਾਂ ਨਾਲ ਲੜਨ ਲਈ ਉਹਨਾਂ ਕੋਲ ਨਾ ਹੀ ਕੋਈ ਤਾਕਤ ਹੈ ਅਤੇ ਨਾ ਹੀ ਕੋਈ ਦ੍ਰਿਸ਼ਟੀ। ਯੂਨੀਅਨਾਂ ਦੀ ਅਜਿਹੀ ਹਾਲਤ ਕਿਉਂ ਹੈ, ਇਸ ਬਾਰੇ ਫਿਲਮ ਵਿੱਚ ਬਹੁਤ ਘੱਟ ਗੱਲ ਕੀਤੀ ਗਈ ਹੈ। ਅੰਤ ਵਿੱਚ ਮਜ਼ਦੂਰਾਂ ਦਾ ਯੂਨੀਅਨ ਤੋਂ ਵਿਸ਼ਵਾਸ ਉੱਠ ਜਾਂਦਾ ਹੈ ਅਤੇ ਉਹ ਮਾਲਕਾਂ ਤੋਂ ਜੋ ਵੀ ਮਿਲਦਾ ਹੈ ਉਸ ਨਾਲ ਸਮਝੌਤਾ ਕਰ ਲੈਂਦੇ ਹਨ।

'ਸਿਟੀ ਆਫ ਗੋਲਡ' ਚਮਕਦੀਆਂ ਮਾਲਾਂ ਅਤੇ ਜਗਮਗਾਉਂਦੇ ਫਾਈਵ ਸਟਾਰ ਹੋਟਲਾਂ ਦੀ ਉਸਾਰੀ ਹੇਠ ਲੁਕੇ ਉਸ "ਘਿਣਾਉਣੇ ਸੱਚ" ਨੂੰ ਬਹੁਤ ਵਧੀਆ ਢੰਗ ਨਾਲ ਪੇਸ਼ ਕਰਦੀ ਜਿਹੜਾ ਸੱਚ 1980ਵਿਆਂ ਵਿੱਚ ਮੁੰਬਈ ਵਿੱਚ ਮਿੱਲਾਂ ਬੰਦ ਹੋਣ ਕਾਰਨ ਬੇਰੁਜ਼ਗਾਰ ਹੋਏ ਮਜ਼ਦੂਰਾਂ ਦੀਆਂ ਬਰਬਾਦ ਹੋਈਆਂ ਜ਼ਿੰਦਗੀਆਂ ਨਾਲ ਸੰਬੰਧਤ ਹੈ ਇਸ ਲਈ ਇਹ ਫਿਲਮ ਦੇਖਣ ਅਤੇ ਵਿਚਾਰਨਯੋਗ ਹੈ। (ਸੁਖਵੰਤ ਹੁੰਦਲ)